SKY TRANSPORT SOLUTIONS
ਦਾ ਨਵਾਂ ਐਡਰੈਸ
121 E 11th St.
Tracy, CA 95376

ਹਫਤਾਵਾਰੀ
# ਦੇਸ਼ ਦੁਆਬਾ
VOL -10 ISSUE - 6
May 19, 2021
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com
ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com



ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਡਕਰ ਦਾ 130ਵਾਂ ਜਨਮ ਦਿਹਾੜਾ ਬੜੇ ਉਤਸ਼ਾਹ ਨਾਲ ਮਨਾਇਆ ਗਿਆ।

**(ਰਿਪੋਰਟ ਅਤੇ ਤਸਵੀਰਾਂ ਲਈ ਦੇਖੋ 'ਅੰਬੇਦਕਰ ਟਾਈਮਜ਼')**

# ਰੱਦ ਹੋ ਸਕਦੀਆਂ ਹਨ ਟੋਕੀਓ ਓਲੰਪਿਕ ਖੇਡਾਂ

## ਮਾਹਿਰਾਂ ਨੇ ਜਾਪਾਨ ਸਰਕਾਰ 'ਤੇ ਬਣਾਇਆ ਦਬਾਅ

**ਟੋਕੀਓ (ਬਿਊਰੋ)-** ਜਾਪਾਨ ਦੀ ਸਰਬ ਉੱਚ ਮੈਡੀਕਲ ਜਥੇਬੰਦੀ ਨੇ ਟੋਕੀਓ ਓਲੰਪਿਕ ਨੂੰ ਰੱਦ ਕਰਨ ਦੀਆਂ ਮੰਗਾਂ ਤੇਜ਼ ਕਰਦੇ ਹੋਏ ਕਿਹਾ ਕਿ ਵਿਸ਼ਵ ਮਹਾਮਾਰੀ ਕੋਰੋਨਾ ਇਨਫੈਕਸ਼ਨ ਦੇ ਕਾਰਨ ਹਸਪਤਾਲਾਂ 'ਤੇ ਪਹਿਲਾਂ ਹੀ ਬਹੁਤ ਦਬਾਅ ਹੈ। ਓਲੰਪਿਕ ਸ਼ੁਰੂ ਹੋਣ 'ਚ ਤਿੰਨ ਮਹੀਨੇ ਤੋਂ ਵੀ ਘੱਟ ਸਮਾਂ ਬਚਿਆ ਹੈ। ਪਰ ਇਸ ਦੌਰਾਨ ਵਿਸ਼ਵ ਮਹਾਮਾਰੀ ਦੇ ਹੋਰ ਖਤਰਨਾਕ ਰੂਪ ਲੈਮ ਦਾ ਖਦਸ਼ਾ ਹੈ। ਟੋਕੀਓ ਮੈਡੀਕਲ ਪ੍ਰੈਕਟੀਸ਼ਨਰਸ ਐਸੋਸੀਏਸ਼ਨ ਦੀ ਨੁਮਾਇੰਦਗੀ ਕਰਦੇ ਹੋਏ ਪ੍ਰਾਇਮਰੀ ਮੈਡੀਕਲ ਦੇ ਕਰੀਬ ਛੇ ਹਜ਼ਾਰ ਡਾਕਟਰਾਂ ਨੇ ਕਿਹਾ ਕਿ ਓਲੰਪਿਕ ਦੇ ਮੇਜ਼ਬਾਨ ਸ਼ਹਿਰ ਟੋਕੀਓ ਦੇ ਸਾਰੇ ਹਸਪਤਾਲ ਕੋਵਿਡ-19 ਦੇ ਇਨਫੈਕਸ਼ਨ ਕਾਰਨ ਪਹਿਲਾਂ ਹੀ ਪੂਰੇ ਭਰੇ ਹੋਏ ਹਨ। ਹੁਣ ਉਨ੍ਹਾਂ ਦੀ ਸਮਰੱਥਾ ਵਧਾਉਣ ਦਾ ਫਿਲ-ਹਾਲ ਕੋਈ ਉਪਾਅ ਨਹੀਂ ਹੋ ਸਕਦੀ। ਟੋਕੀਓ ਮੈਡੀਕਲ ਪ੍ਰੈਕਟੀਸ਼ਨਰਸ ਐਸੋਸੀਏਸ਼ਨ ਨੇ 14 ਮਈ ਨੂੰ ਜਾਪਾਨ ਦੇ ਪ੍ਰਧਾਨ ਮੰਤਰੀ ਯੋਸ਼ੀਹਿਦੇ ਸੁਗਾ ਨੂੰ ਖੁੱਲ੍ਹੇ ਪੱਤਰ 'ਚ ਲਿਖਿਆ ਕਿ ਉਹ ਬਹੁਤ ਗੰਭੀਰਤਾ ਨਾਲ ਕਹਿ ਰਹੇ ਹਨ ਕਿ ਪੂਰਾ ਪ੍ਰਸ਼ਾਸਨ ਮਿਲ ਕੇ ਆਈਓਸੀ (ਅੰਤਰਰਾਸ਼ਟਰੀ ਓਲੰਪਿਕ ਕਮੇਟੀ) ਨੂੰ ਇਸ ਗੱਲ ਲਈ ਮਨਾਉਣ ਕਿ ਉਹ ਟੋਕੀਓ ਓਲੰਪਿਕ ਰੱਦ ਕਰ ਦੇਣ। ਕਿਉਂਕਿ ਵਿਸ਼ਵ ਮਹਾਮਾਰੀ ਕੋਵਿਡ-19 ਦੇ ਇਨਫੈਕਸ਼ਨ ਦੇ ਦੌਰ 'ਚ ਖੇਡਾਂ ਦੇ ਆਯੋਜਨ ਕਰਾਉਣਾ



ਬਹੁਤ ਮੁਸ਼ਕਲ ਹੋਵੇਗਾ। ਇਸ ਲਈ ਖੇਡਾਂ ਨੂੰ ਰੱਦ ਕਰਾਉਣਾ ਬਹੁਤ ਜ਼ਰੂਰੀ ਹੋ ਗਿਆ। ਇਹ ਪੱਤਰ ਐਸੋਸੀਏਸ਼ਨ ਨੇ ਆਪਣੀ ਵੈੱਬਸਾਈਟ 'ਤੇ ਸੋਮਵਾਰ ਨੂੰ ਜਾਰੀ ਕੀਤਾ ਸੀ। 31 ਮਈ ਤਕ ਟੋਕੀਓ ਤੇ ਕੁਝ ਹੋਰ ਐਮਰਜੈਂਸੀ ਸਥਿਤੀਆਂ ਤੀਜੇ ਪੜਾਅ 'ਚ ਹਨ। ਹੋਰ ਮੈਡੀਕਲ ਮਾਹਿਰਾਂ ਤੇ ਸਿਹਤ ਸਮੂਹਾਂ ਨੇ ਕਿਹਾ ਕਿ ਹਜ਼ਾਰਾਂ ਲੋਕਾਂ ਨੇ ਖੇਡ ਰੱਦ ਕਰਨ ਦੀ ਆਨਲਾਈਨ ਪਟੀਸ਼ਨ ਸਾਈਨ ਕੀਤੀ ਸੀ।

23 ਜੁਲਾਈ ਤੋਂ ਸ਼ੁਰੂ ਹੋਣ ਵਾਲੇ ਓਲੰਪਿਕ ਖੇਡਾਂ ਲਈ ਕੋਵਿਡ-19 ਦੇ ਪ੍ਰੋਟੋਕਾਲਾਂ ਦੀ ਪਾਲਣਾ ਕਰਦੇ ਹੋਏ ਅੱਠ ਖੇਡਾਂ ਦੀਆਂ ਤਿਆਰੀਆਂ ਜਾਰੀ ਹਨ। ਇਸ ਵਿਚ ਐਥਲੈਟਿਕਸ ਦੇ ਟੈਸਟ ਸ਼ਾਮਲ ਹਨ। ਇਸਦੇ ਲਈ ਮਈ ਦੇ ਸ਼ੁਰੂ 'ਚ ਹੀ 420 ਐਥਲੀਟ ਟੋਕੀਓ ਆ ਗਏ ਸਨ। ਹਾਲਾਂਕਿ ਅਮਰੀਕੀ ਟਰੈਕ ਤੇ ਫੀਲਡ ਟੀਮ ਸਮੇਤ ਪ੍ਰੀ-ਓਲੰਪਿਕ ਟ੍ਰੇਨਿੰਗ ਕੈਂਪਾਂ ਨੂੰ ਪਹਿਲਾਂ ਹੀ ਰੱਦ ਕੀਤਾ ਜਾ ਚੁੱਕਾ ਹੈ।

ਇਸ ਤੋਂ ਪਹਿਲਾਂ, ਕੈਨੇਡਾ ਦੇ ਐਥਲੀਟ ਤੇ ਗੋਲਡ ਮੈਡਲ ਜੇਤੂ ਏਰਿਕ ਲਾਮੇਜ ਨੇ ਸੋਮਵਾਰ ਨੂੰ ਐਲਾਨ ਕੀਤਾ ਕਿ ਉਹ ਓਲੰਪਿਕ ਤੋਂ ਵੱਖ ਹੋ ਰਹੇ ਹਨ ਤੇ ਆਪਣੀ ਨਿੱਜੀ ਸਿਹਤ ਕਾਰਨ ਉਹ ਇਸ 'ਚ ਹਿੱਸਾ ਨਹੀਂ ਲੈਣਗੇ। ਉਨ੍ਹਾਂ ਦਾ ਪਿਛਲੇ ਤਿੰਨ ਸਾਲਾਂ ਤੋਂ ਬ੍ਰੇਨ ਟਿਊਮਰ ਦਾ ਇਲਾਜ ਚੱਲ ਰਿਹਾ ਹੈ। ਜ਼ਿਕਰਯੋਗ ਹੈ ਕਿ ਕੋਰੋਨਾ ਕਾਰਨ ਪਿਛਲੇ ਸਾਲ ਹੀ ਓਲੰਪਿਕ ਇਕ ਵਾਰ ਟਲ਼ ਚੁੱਕਿਆ ਹੈ।

MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
MANDEEP SANDHU
All Kinds of Immigration Forms/Petitions/Visa
WE OPEN 7-DAYS A WEEK
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212
(NEAR HWY 99 ON MORADA LANE)
(209-373-3562) msandhu2014@gmail.com

GINNY WALIA
Law Offices. Inc
Ginny H. K. Walia
Experienced Jury Trial Lawyer
Featured as a legal analyst on Fox News, MSNBC and Kron 4
FAMILY LAW, CRIMINAL DEFENSE AND CIVIL LITIGATION
Tel: (408) 724-9200
Fax: (408) 724-9202
Toll Free: 1 (800) 379-9330
ginny@walialawfirm.com
www.walialawfirm.com

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

THINKING ABOUT BUYING, SELLING, OR INVESTING IN REAL ESTATE? CALL ME!
JOHN SINGH BANGA
916-271-5404
banga.realtor@gmail.com
www.banga.bhhser.com
BERKSHIRE HATHAWAY
TRUST of a professional
CALBRE #01397975
When it comes to Buying, Selling or Investing in real estate, it's important to Trust in a Real Estate Agent who cares about your neighborhood as as much as you do. When you are ready to buy or sell, give me a call.

Indian Grill
Indiangrillsanleandro.com
Pal343@ yahoo.com
510-878-2704, 510-332-1074 Mobile
We do Outdoor & Indoor Catering for all your Events
1600 Washington Ave. San Leandro.CA 94577
Open 7 days a week
Lunch Buffet : 11:00 AM - 2:30 PM
Fine Dining: 4.30 PM - 9"30 PM


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook.
Follow us on Twitter
rajasweetsandcatering
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE
LARGEST
COLLECTION
FOR INDIAN
FIJIAN & PAKISTANI
GROCERY
MUSIC, FABRIC
ARTIFICIAL
JEWELRY, SWEETS,
FRESH VEGETABLES
& MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com



HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com


Kash
FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾੜੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਵ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

# ਜਬਰਜਨਾਹ ਤੇ ਕਤਲ ਦੇ ਮਾਮਲੇ ਵਿਚ ਗਲਤੀ ਨਾਲ ਦੋਸ਼ੀ ਕਰਾਰ ਦਿੱਤੇ ਦੋ ਭਰਾਵਾਂ ਨੂੰ ਮਿਲੇਗਾ ਸਾਢੇ 7 ਕਰੋੜ ਡਾਲਰ ਦਾ ਮੁਆਵਜ਼ਾ

## ਤਕਰੀਬਨ 31 ਸਾਲ ਜੇਲ ਵਿਚ ਬਿਤਾਉਣ ਉਪਰੰਤ 6 ਸਾਲ ਪਹਿਲਾਂ ਹੋਏ ਸਨ ਰਿਹਾਅ





**ਸੈਕਰਾਮੈਂਟੋ 19 ਮਈ (ਹੁਸਨ ਲੜੋਆ ਬੰਗਾ)** ਇਕ ਸੰਘੀ ਅਦਾਲਤ ਨੇ ਨਾਰਥ ਕੈਰੋਲੀਨਾ ਦੇ ਉਨਾਂ ਦੋ ਭਰਾਵਾਂ ਨੂੰ ਸਾਢੇ 7 ਲੱਖ ਡਾਲਰ ਮੁਆਵਜੇ ਵਜੋਂ ਦੇਣ ਦਾ ਆਦੇਸ਼ ਦਿੱਤਾ ਹੈ ਜਿਨਾਂ ਨੂੰ ਗਲਤੀ ਨਾਲ ਜਬਰਜਨਾਹ ਤੇ ਕਤਲ ਦੇ ਮਾਮਲੇ ਵਿਚ ਦੋਸ਼ੀ ਠਹਿਰਾ ਕੇ ਸਜਾ ਸੁਣਾਈ ਗਈ ਸੀ। ਸੌਤੇਲੇ ਭਰਾ ਲੀਓਨ ਬਰਾਊਨ ਤੇ ਹੈਨਰੀ ਮੈਕਕੋਲਮ ਨੂੰ 1983 ਵਿਚ ਗ੍ਰਿਫਤਾਰ ਕੀਤਾ ਗਿਆ ਸੀ ਤੇ ਉਨਾਂ ਨੂੰ 31 ਸਾਲ ਜੇਲ ਵਿਚ ਬਿਤਾਉਣ ਉਪਰੰਤ 2014 ਵਿਚ ਰਿਹਾਅ ਕੀਤਾ ਗਿਆ ਸੀ। ਰਿਹਾਈ ਉਪਰੰਤ ਉਨਾਂ ਨੇ ਸਰਕਾਰੀ ਏਜੰਸੀਆਂ ਜਿਨਾਂ ਕਾਰਨ ਉਨਾਂ ਨੂੰ ਇਕ ਝੂਠੇ ਮਾਮਲੇ ਵਿਚ ਦੋਸ਼ੀ ਠਹਿਰਾਇਆ ਗਿਆ, ਵਿਰੁੱਧ ਮੁਆਵਜ਼ੇ ਲਈ ਮੁਕੱਦਮਾ ਦਾਇਰ ਕੀਤਾ। ਤਕਰੀਬਨ 6 ਸਾਲ ਬਾਅਦ ਇਕ ਸੰਘੀ ਅਦਾਲਤ ਨੇ ਬਰਾਊਨ ਤੇ ਮੈਕਕੋਲਮ ਵੱਲੋਂ ਜੇਲ ਵਿਚ ਬਿਤਾਏ ਸਾਲਾਂ ਲਈ ਮੁਆਵਜ਼ਾ ਦੇਣ ਦਾ ਆਦੇਸ਼ ਦਿੱਤਾ। ਅਦਾਲਤ ਨੇ ਆਪਣੇ ਆਦੇਸ਼ ਵਿਚ ਕਿਹਾ ਕਿ ਹਰੇਕ ਨੂੰ ਉਸ ਵੱਲੋਂ ਜੇਲ ਵਿਚ ਬਿਤਾਏ ਸਮੇ ਲਈ ਪ੍ਰਤੀ ਸਾਲ 10 ਲੱਖ ਡਾਲਰ ਦਿੱਤੇ ਜਾਣ ਤੇ 1 ਕਰੋੜ 30 ਲੱਖ ਡਾਲਰ ਦੀ ਅਦਾਇਗੀ ਵੱਖਰੀ ਕੀਤੀ ਜਾਵੇ। ਇਥੇ ਜਿਕਰਯੋਗ ਹੈ ਕਿ ਦੋਨਾਂ ਭਰਾਵਾਂ ਨੂੰ 'ਤੇ 11 ਸਾਲਾਂ ਦੀ ਬੱਚੀ ਨਾਲ ਜਬਰਜਨਾਹ ਕਰਨ ਤੇ ਕਤਲ ਕਰਨ ਦੇ ਦੋਸ਼ ਲਾਏ ਗਏ ਸਨ। ਅਦਾਲਤ ਨੇ ਉਨਾਂ ਨੂੰ ਮੌਤ ਦੀ ਸਜਾ ਸੁਣਾਈ ਸੀ ਪਰੰਤੂ ਬਾਅਦ ਵਿਚ ਬਰਾਊਨ ਦੀ ਸਜਾ ਉਮਰ ਕੈਦ ਵਿਚ ਬਦਲ ਦਿਤੀ ਗਈ ਸੀ। ਅਪਰਾਧ ਵਾਲੇ ਸਥਾਨ ਤੋਂ ਲਏ ਡੀ ਐਨ ਏ ਦੇ ਟੈਸਟ ਤੋਂ ਬਾਅਦ ਦੋਨਾਂ ਨੂੰ ਦੋਸ਼ ਮੁਕਤ ਕਰਾਰ ਦੇ ਦਿੱਤਾ ਗਿਆ ਤੇ 2014 ਵਿਚ ਉਨਾਂ ਨੂੰ ਰਿਹਾਅ ਕਰ ਦਿੱਤਾ ਗਿਆ।

# ਵਧਵਾਨੀ ਫਾਊਂਡੇਸ਼ਨ ਭਾਰਤ ਦੇ ਕੋਵਿਡ ਪੀੜਤਾਂ ਦੀ ਮੱਦਦ ਲਈ ਦੇਵੇਗਾ 10 ਲੱਖ ਡਾਲਰ

**ਸੈਕਰਾਮੈਂਟੋ 19 ਮਈ (ਹੁਸਨ ਲੜੋਆ ਬੰਗਾ)** ਲਾਸ ਐਲਟਸ (ਕੈਲੀਫੋਰਨੀਆ) ਵਿਚ ਸਥਾਪਿਤ ਵਧਵਾਨੀ ਫਾਊਂਡੇਸ਼ਨ ਨੇ ਭਾਰਤ ਵਿਚ ਕੋਵਿਡ-19 ਦੇ ਮਾਰੂ ਅਸਰ ਨੂੰ ਘਟ ਕਰਨ ਲਈ 10 ਲੱਖ ਡਾਲਰ ਦੇਣ ਦਾ ਐਲਾਨ ਕੀਤਾ ਹੈ। ਇਹ ਮੱਦਦ 10 ਚੈਰਿਟ ਸੰਸਥਾਵਾਂ ਤੇ ਗੈਰ ਸਰਕਾਰੀ ਸੰਗਠਨਾਂ ਰਾਹੀਂ ਤੁੰਰਤ ਪਹੁੰਚਾਈ ਜਾਵੇਗੀ। ਇਹ ਮੱਦਦ ਮੈਡੀਕਲ ਸਾਧਨਾਂ ਦੇ ਰੂਪ ਵਿਚ ਤੇ ਕੋਵਿਡ -19 ਮਰੀਜ਼ਾਂ ਤੇ ਉਨਾਂ ਦੇ ਪਰਿਵਾਰਾਂ ਨੂੰ ਸਹਾਇਤਾ ਦੇ ਰੂਪ ਵਿਚ ਦਿੱਤੀ ਜਾਵੇਗੀ। ਫਾਊਂਡੇਸ਼ਨ ਨੇ ਜਾਰੀ ਪ੍ਰੈਸ ਰਲੀਜ ਵਿਚ ਕਿਹਾ ਹੈ ਕਿ ਉਨਾਂ ਚੈਰਿਟੀ ਸੰਸਥਾਵਾਂ ਤੇ ਗੈਰ ਸਰਕਾਰੀ ਸੰਗਠਨਾਂ ਦੀ ਚੋਣ ਕੀਤੀ ਗਈ ਹੈ ਜੋ ਕੋਵਿਡ ਮਰੀਜ਼ਾਂ ਤੇ ਉਨਾਂ ਦੇ ਪਰਿਵਾਰਾਂ ਤੱਕ ਫੌਰੀ ਮੱਦਦ ਪਹੁੰਚਾ ਸਕਣ। ਵਧਵਾਨੀ ਫਾਊਂਡੇਸ਼ਨ ਦੇ ਚੇਅਰਮੈਨ ਭਾਰਤੀ ਮੂਲ ਦੇ ਅਮਰੀਕੀ ਡਾਕਟਰ ਰੋਮੇਸ਼ ਵਧਵਾਨੀ ਨੇ ਕਿਹਾ ਹੈ ਕਿ ' ਕੋਵਿਡ-19 ਦੇ ਭਿਆਨਕ ਰੂਪ ਨਾਲ ਲੜ ਰਹੇ ਭਾਰਤੀ ਪਰਿਵਾਰਾਂ ਪ੍ਰਤੀ ਵਿਸ਼ਾਲ ਪਹੁੰਚ ਅਪਣਾਉਣ ਦੀ ਲੋੜ ਹੈ ਤੇ ਇਸ ਮੁਹਿੰਮ ਵਿਚ ਵਧ ਤੋਂ ਵਧ ਸੰਸਥਾਵਾਂ ਨੂੰ ਸ਼ਾਮਿਲ ਕਰਨਾ ਚਾਹੀਦਾ ਹੈ। ਵਧਵਾਨੀ ਫਾਊਂਡੇਸ਼ਨ ਸਭ ਤੋਂ ਵਧ ਲੋੜਵੰਦ ਖੇਤਰਾਂ ਵਿਚ ਮੱਦਦ ਪਹੁੰਚਾ ਕੇ ਭਾਰਤੀਆਂ ਦੇ ਦੁੱਖ ਦਰਦ ਨੂੰ ਘਟ ਕਰਨ ਦਾ ਯਤਨ ਕਰੇਗੀ।" ਚੈਰਿਟ ਸੰਸਥਾਵਾਂ ਤੇ ਗੈਰ ਸਰਕਾਰੀ ਸੰਗਠਨ ਪ੍ਰਭਾਵਿਤ ਮਰੀਜ਼ਾਂ ਤੇ ਪਰਿਵਾਰਾਂ ਨਾਲ ਸਿੱਧਾ ਸੰਪਰਕ ਕਰਕੇ ਮੈਡੀਕਲ ਸਹਾਇਤਾ, ਖਾਣਾ, ਨਕਦ ਸਹਾਇਤਾ ਜਾਂ ਕਰਜੇ ਦੇ ਰੂਪ ਵਿਚ ਹੋਰ ਲੋੜੀਂਦੀ ਮੱਦਦ ਕਰਨਗੀਆਂ। ਸਹਾਇਤਾ ਪਹੁੰਚਾਉਣ ਵਿਚ ਪੂਰੀ ਤਰਾਂ ਪਾਰਦਰਸ਼ਤਾ ਵਰਤੀ ਜਾਵੇਗੀ।

ਸਕਾਈ ਟਰਾਂਸਪੋਰਟ ਸਲਿਊਸ਼ਨ
ਦਾ ਨਵਾਂ ਐਡਰੈਸ
121 E 11th St. Tracy, CA 95376

SKY TRANSPORT SOLUTIONS
STRIVE FOR MORE
WE PROVIDE ALL TRUCKING RELATED PERMITS AND SERVICES
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
121 E 11th St. Tracy, CA 95376

# ਅਮਰੀਕੀ ਰਾਸ਼ਟਰਪਤੀ ਨੇ ਪਿਛਲੇ ਸਾਲ 6 ਲੱਖ ਡਾਲਰ ਤੋਂ ਵਧ ਕਮਾਏ, ਡੇਢ ਲੱਖ ਡਾਲਰ ਤੋਂ ਵਧ ਦਿੱਤਾ ਟੈਕਸ

**ਸੈਕਰਾਮੈਂਟੋ 18 ਮਈ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਤੇ ਫਸਟ ਲੇਡੀ ਜਿਲ ਬਾਇਡਨ ਨੇ ਪਿਛਲੇ ਸਾਲ 6,07,336 ਡਾਲਰ ਕਮਾਏ ਜਿਸ ਵਿਚੋਂ ਉਨਾਂ ਨੇ 1,57,414 ਡਾਲਰ ਸੰਘੀ ਆਮਦਨ ਟੈਕਸ ਦੇ ਰੂਪ ਵਿਚ ਦਿੱਤੇ। ਇਹ ਖੁਲਾਸਾ 2020 ਦੀ ਰਾਸ਼ਟਰਪਤੀ ਵੱਲੋਂ ਦਾਇਰ ਕੀਤੀ ਰਿਟਰਨ ਤੋਂ ਹੋਇਆ ਹੈ ਜੋ ਲੰਘੇ ਦਿਨ ਜਨਤਿਕ ਕੀਤੀ ਗਈ ਹੈ। ਵਾਈਟ ਹਾਊਸ ਵੱਲੋਂ ਰਾਸ਼ਟਰਪਤੀ ਬਾਇਡਨ ਤੇ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੀਆਂ ਟੈਕਸ ਰਿਟਰਨਾਂ ਜਾਰੀ ਕੀਤੀਆਂ ਗਈਆਂ ਹਨ। ਬਾਇਡਨ ਦੀ ਆਮਦਨੀ ਵਿਚ 2019 ਦੀ ਤੁਲਨਾ ਵਿਚ ਮਾਮੂਲੀ ਕਮੀ ਹੋਈ ਹੈ। ਵਾਈਟ ਹਾਊਸ ਦੀ ਆਮਦਨ ਤੇ ਟੈਕਸ ਅਦਾਇਗੀ ਵਿਚ ਪਾਰਦਰਸ਼ਤਾ ਦੀ ਰਵਾਇਤ ਸਾਬਕਾ ਰਾਸ਼ਟਰਪਤੀ ਡੋਨਲਡ



ਟਰੰਪ ਨੇ ਤੋੜੀ ਸੀ ਜਿਨਾਂ ਨੇ ਰਾਸ਼ਟਰਪਤੀ ਵਜੋਂ ਟੈਕਸ ਰਿਟਰਨਾਂ ਜਨਤਿਕ ਕਰਨ ਤੋਂ ਨਾਂਹ ਕਰ ਦਿੱਤੀ ਸੀ ਪਰੰਤੂ ਬਾਇਡਨ ਨੇ ਉਹ ਰਵਾਇਤ ਮੁੜ ਬਹਾਲ ਕਰਦਿਆਂ ਆਪਣੀ 23 ਵੇਂ ਸਾਲ ਦੀਆਂ ਟੈਕਸ ਰਿਟਰਨਾਂ ਜਾਰੀ ਕੀਤੀਆਂ ਹਨ। ਵਾਇਟ ਹਾਊਸ ਦੀ ਪ੍ਰੈਸ ਸਕੱਤਰ ਜੇਨ ਪਸਾਕੀ ਨੇ ਕਿਹਾ ਕਿ ਮੈ ਆਸ ਕਰਦਾ ਹਾਂ ਕਿ ਅਸੀਂ ਰਾਸ਼ਟਰਪਤੀ ਦੀਆਂ ਟੈਕਸ ਰਿਟਰਨਾਂ ਜਨਤਿਕ ਕਰਨ ਦੀ ਰਵਾਇਤ ਨੂੰ ਕਾਇਮ ਰਖਾਂਗੇ ਤੇ ਅਮਰੀਕਾ ਦੇ ਹਰ ਰਾਸ਼ਟਰਪਤੀ ਕੋਲੋਂ ਇਹ ਆਸ ਰਖੀ ਜਾਣੀ ਚਾਹੀਦੀ ਹੈ। ਬਾਇਡਨ ਤੇ ਉਨਾਂ ਦੀ ਪਤਨੀ ਜਿਲ ਬਾਇਡਨ ਨੇ ਸਾਂਝੇ ਤੌਰ`ਤੇ ਟੈਕਸ ਰਿਟਰਨਾਂ ਭਰੀਆਂ ਤੇ 25.9% ਸੰਘੀ ਆਮਦਨ ਟੈਕਸ ਦਿੱਤਾ। ਸਾਰੇ ਅਮਰੀਕੀਆਂ ਲਈ ਔਸਤ ਆਮਦਨ ਟੈਕਸ ਦਰ 14.6% ਬਣਦੀ ਹੈ। ਬਾਇਡਨ ਨੇ ਡੇਲਾਵੇਅਰ ਵਿਚ ਸਟੇਟ ਇਨਕਮ ਟੈਕਸ ਰਿਟਰਨ ਵੱਖਰੇ ਤੌਰ`ਤੇ ਭਰੀ ਹੈ ਜਿਸ ਅਨੁਸਾਰ ਉਨਾਂ ਨੇ 28,794 ਡਾਲਰ ਟੈਕਸ ਦੀ ਅਦਾਇਗੀ ਕੀਤੀ ਹੈ। ਜਿਲ ਬਾਇਡਨ ਨੇ ਵਰਜੀਨੀਆ ਰਾਜ ਵਿਚ ਵੱਖਰੀ ਟੈਕਸ ਰਿਟਰਨ ਭਰੀ ਹੈ ਜਿਸ ਲਈ ਉਨਾਂ ਨੇ 443 ਡਾਲਰ ਟੈਕਸ ਦਿੱਤਾ ਹੈ। ਹੈਰਿਸ ਤੇ ਉਨਾਂ ਦੇ ਪਤੀ ਡੌਘ ਐਮਹੋਫ ਨੇ 2020 ਦੌਰਾਨ 16,95,225 ਡਾਲਰ ਕਮਾਏ ਜਿਸ ਵਿਚੋਂ ਉਨਾਂ ਨੇ 36.7% ਦੀ ਦਰ ਨਾਲ 6,21,893 ਡਾਲਰ ਟੈਕਸ ਦਿੱਤਾ।

# ਨਿਊਜਰਸੀ ਦੇ ਜੰਗਲ ਨੂੰ ਲੱਗੀ ਅੱਗ, ਜਾਨੀ ਨੁਕਸਾਨ ਤੋਂ ਬਚਾਅ

**ਸੈਕਰਾਮੈਂਟੋ 18 ਮਈ (ਹੁਸਨ ਲੜੋਆ)–** ਦੱਖਣੀ ਕੈਲੀਫੋਰਨੀਆ ਦੇ ਜੰਗਲਾਂ ਨੂੰ ਲੱਗੀ ਅੱਗ ਅਜੇ ਨਿਯੰਤਰਣ ਹੇਠ ਨਹੀਂ ਹੋਈ ਜਦ ਕਿ ਨਿਊਜਰਸੀ ਦੇ ਜੰਗਲਾਂ ਨੂੰ ਵੀ ਅੱਗ ਲੱਗ ਜਾਣ ਦੀ ਖਬਰ ਹੈ। ਨਿਊ ਜਰਸੀ ਫੌਰੈਸਟ ਫਾਇਰ ਸਰਵਿਸ ਨੇ ਕਿਹਾ ਹੈ ਕਿ ਲੰਘੀ ਰਾਤ ਅੱਗ ਨਿਯੰਤਰਣ ਤੋਂ ਬਾਹਰ ਹੋ ਗਈ ਸੀ ਪਰੰਤੂ ਬਾਅਦ ਵਿਚ ਇਸ ਉਪਰ ਕੁਝ ਹੱਦ ਤੱਕ ਕਾਬੂ ਪਾ ਲਿਆ ਗਿਆ। ਅਜੇ ਤੱਕ ਕੋਈ ਜਾਨੀ ਨੁਕਸਾਨ ਹੋਣ ਜਾਂ ਘਰਾਂ ਨੂੰ ਨੁਕਸਾਨ ਪੁੱਜਣ ਦੀ ਰਿਪੋਰਟ ਨਹੀਂ ਹੈ। ਇਹ ਅੱਗ ਬਾਸ ਰਿਵਰ ਸਟੇਟ ਜੰਗਲ ਵਿਚ ਲੱਗੀ ਹੈ। ਲੋਕਾਂ ਨੂੰ ਇਛੁੱਕ ਤੌਰ`ਤੇ ਅੱਗ ਵਾਲੇ ਖੇਤਰ ਵਿਚੋਂ ਨਿਕਲ ਆਉਣ ਲਈ ਕਿਹਾ ਗਿਆ ਹੈ ਤੇ ਖੇਤਰ ਵਿਚ ਪੈਂਦੇ ਇਕ ਮਿਡਲ ਸਕੂਲ ਨੂੰ ਲੋਕਾਂ ਦੇ ਠਹਿਰਣ ਲਈ ਵਰਤਿਆ ਜਾ ਰਿਹਾ ਹੈ।



**ਅੱਗ ਲਾਉਣ ਵਾਲਾ ਸ਼ੱਕੀ ਗ੍ਰਿਫਤਾਰ–** ਦੱਖਣੀ ਕੈਲੀਫੋਰਨੀਆ ਦੇ ਜੰਗਲ ਨੂੰ ਲੱਗੀ ਅੱਗ ਦੇ ਮਾਮਲੇ ਵਿਚ ਇਕ ਸ਼ੱਕੀ ਗੈਰਿਫਤਾਰ ਕੀਤਾ ਹੈ। ਲਾਸ ਏਂਜਲਸ ਮੇਅਰ ਐਰਿਕ ਗੈਰਸੈਟੀ ਨੇ ਕਿਹਾ ਹੈ ਕਿ ਸਮਝਿਆ ਜਾਂਦਾ ਹੈ ਕਿ ਇਹ ਵਿਅਕਤੀ ਅੱਗ ਲਾਉਣ ਲਈ ਜਿੰਮੇਵਾਰ ਹੈ। ਲਾਸ ਏਂਜਲਸ ਫਾਇਰ ਡਿਪਾਰਟਮੈਂਟ ਦੇ ਅਧਿਕਾਰੀਆਂ ਅਨੁਸਾਰ ਅੱਗ ਨਾਲ 1325 ਏਕੜ ਰਕਬਾ ਸੜ ਚੁੱਕਾ ਹੈ। ਅੱਗ ਬੁਝਾਊ ਅਮਲੇ ਦਾ ਇਕ ਵਿਅਕਤੀ ਮਾਮਲੀ ਜਖਮੀ ਹੋਇਆ ਹੈ। ਉਸ ਦੀ ਅੱਖ ਵਿਚ ਜਖਮ ਹੋਇਆ ਹੈ। ਅਧਿਕਾਰੀਆਂ ਅਨੁਸਾਰ ਹਲਕੀ ਬਾਰਿਸ਼ ਅੱਗ ਨੂੰ ਫੈਲਣ ਤੋਂ ਰੋਕਣ ਵਿਚ ਮੱਦਦਗਾਰ ਸਾਬਤ ਹੋਈ ਹੈ।

# ਅੱਤਵਾਦੀਆਂ ਦੀ ਇੰਟਰਨੈੱਟ 'ਤੇ ਫੈਲਾਈ ਜਾ ਰਹੀ ਹਿੰਸਾ 'ਤੇ ਲੱਗੇਗੀ ਰੋਕ

ਵੇਲਿੰਗਟਨ– ਲੰਬੇ ਸਮੇਂ ਤੋਂ ਅੱਤਵਾਦੀ ਇੰਟਰਨੈੱਟ ਨੂੰ ਹਥਿਆਰ ਬਣਾ ਕੇ ਹਿੰਸਾ ਫੈਲਾਉਣ ਦੀ ਮੁਹਿੰਮ ਚਲਾ ਰਹੇ ਹਨ। ਨਿਊਜ਼ੀਲੈਂਡ ਤੇ ਫਰਾਂਸ ਨੇ ਇਸ ਖ਼ਿਲਾਫ਼ 'ਕ੍ਰਾਈਸਟਚਰਚ ਕਾਲ' ਮੁਹਿੰਮ ਸ਼ੁਰੂ ਕੀਤੀ ਹੈ। ਅਮਰੀਕਾ ਵੀ ਹੁਣ ਇਸ 'ਚ ਅਧਿ–ਕਾਰਿਤ ਤੌਰ 'ਤੇ ਸ਼ਾਮਲ ਹੋ ਗਿਆ ਹੈ। ਮੁਹਿੰਮ 'ਚ ਹੁਣ ਤਕ 50 ਦੇਸ਼ ਤੇ ਦੁਨੀਆ ਦੀਆਂ ਜ਼ਿਆਦਾਤਰ ਟੈੱਕ ਕੰਪਨੀਆਂ ਜੁੜ ਚੁੱਕੀਆਂ ਹਨ। ਇਸ ਸਬੰਧੀ ਸ਼ਨਿਚਰਵਾਰ ਨੂੰ ਇਕ ਵਰਚੁਅਲ ਬੈਠਕ ਹੋਈ। ਇਸ 'ਚ ਕਈ ਦੇਸ਼ਾਂ ਦੇ ਨੁਮਾਇੰਦੇ ਸ਼ਾਮਲ ਹੋਏ। ਇਸ ਮੁਹਿੰਮ ਦੀ ਪਹਿਲ ਨਿਊਜ਼ੀਲੈਂਡ ਦੀ ਪ੍ਰਧਾਨ ਮੰਤਰੀ ਜੇਸਿੰਡਾ ਅਰਡਰਨ ਨੇ ਕੀਤੀ ਸੀ। 2019 'ਚ ਨਿਊਜ਼ੀਲੈਂਡ ਦੇ ਕ੍ਰਾਈਸਟਚਰਚ ਦੀਆਂ ਦੋ ਮਸਜਿਦਾਂ 'ਤੇ ਹਮਲਾ ਕਰ ਕੇ 49 ਲੋਕਾਂ ਦੀ ਹੱਤਿਆ ਕਰ ਦਿੱਤੀ ਗਈ ਸੀ। ਹੱਤਿਆਰਿਆਂ ਨੇ ਘਟਨਾ ਨੂੰ ਅੰਜਾਮ ਦੇਣ ਦੇ ਨਾਲ ਹੀ ਇਸ ਦੀ ਲਾਈਵ ਸਟ੍ਰੀਮਿੰਗ ਆਪਣੇ ਫੇਸਬੁੱਕ ਤੇ ਇੰਸਟਾਗ੍ਰਾਮ 'ਤੇ ਕੀਤੀ। ਕੁਝ ਹੀ ਦੇਰ 'ਚ ਪੂਰੀ ਦੁਨੀਆ 'ਚ ਇਸ ਘਟਨਾ ਦਾ ਵੀਡੀਓ ਵਾਇਰਲ ਹੋਣ ਲੱਗਾ। ਫਰਾਂਸ 'ਚ ਅਜਿਹੀਆਂ ਘਟਨਾਵਾਂ ਤੋਂ ਬਾਅਦ ਵੀ ਇੰਟਰਨੈੱਟ ਪਲੇਟਫਾਰਮ ਦੀ ਵਰਤੋਂ ਕੀਤੀ ਗਈ। ਫਰਾਂਸ ਵੀ 'ਕ੍ਰਾਈਸਟਚਰਚ ਕਾਲ' ਮੁਹਿੰਮ ਨਾਲ ਜੁੜ ਗਿਆ। ਮਕਸਦ ਅੱਤਵਾਦੀਆਂ ਦੀ ਇੰਟਰਨੈੱਟ ਜ਼ਰੀਏ ਫੈਲਾਈ ਜਾ ਰਹੀ ਹਿੰਸਾ ਨੂੰ ਰੋਕਣਾ ਹੈ।

# ਕੇਜਰੀਵਾਲ ਦੇ 'ਸਿੰਗਾਪੁਰ ਵੇਰੀਐਂਟ' ਵਾਲੇ ਬਿਆਨ 'ਤੇ ਵਿਵਾਦ, ਸਿੰਗਾਪੁਰ ਹੋਇਆ ਸਖਤ

**ਨਵੀਂ ਦਿੱਲੀ–** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਇਕ ਟਵੀਟ ਦੇ ਕਾਰਨ ਸਿਆਸੀ ਵਿਵਾਦ ਛਿੜ ਗਿਆ ਹੈ। ਕੋਰੋਨਾ ਵਾਇਰਸ ਦੇ 'ਸਿੰਗਾਪੁਰ ਵੇਰੀਐਂਟ' ਵਾਲੇ 'ਤੇ ਭੜਕੀ ਸਿੰਗਾਪੁਰ ਸਰਕਾਰ ਨੇ ਅਰਵਿੰਦਰ ਕੇਜਰੀਵਾਲ ਦੇ ਬਿਆਨ ਨੂੰ ਖਾਰਿਜ ਕਰ ਦਿੱਤਾ ਹੈ ਤੇ ਸਿੰਗਾ–ਪੁਰ ਦੀ ਸਰਕਾਰ ਨੇ ਅਰਵਿੰਦ ਕੇਜਰੀਵਾਲ ਦੇ ਟਵਿੱਟਰ 'ਤੇ ਇਤਰਾਜ਼ ਪ੍ਰਗਟਾਉਂਦੇ ਹੋਏ ਭਾਰਤੀ ਹਾਈ ਕਮਿਸ਼ਨਰ ਨੂੰ ਤਲਬ ਕੀਤਾ ਹੈ। ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਦੱਸਿਆ ਹੈ ਕਿ ਅਰਵਿੰਦ ਕੇਜਰੀਵਾਲ ਦੇ ਟਵਿੱਟਰ 'ਤੇ ਸਿੰਗਾਪੁਰ ਨੇ ਇਤਰਾਜ਼ ਪ੍ਰਗਟਾਉਂਦੇ ਹੋਏ ਹਾਈ ਕਮਿਸ਼ਨਰ ਨੂੰ ਤਲਬ ਕਰ ਦਿੱਤਾ ਹੈ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਟਵੀਟ ਕਰਕੇ ਕਿਹਾ ਸੀ ਕਿ ਸਿੰਗਾਪੁਰ 'ਚ ਪਾਇਆ ਗਿਆ ਕੋਰੋਨਾ ਵਾਇਰਸ ਦਾ ਨਵਾਂ ਸਟ੍ਰੇਨ ਭਾਰਤ 'ਚ ਸੰਕ੍ਰਮਣ ਦੀ ਤੀਜੀ ਲਹਿਰ ਲਿਆ ਸਕਦਾ ਹੈ। ਨਾਲ ਹੀ ਅਰਵਿੰਦ ਕੇਜਰੀਵਾਲ ਨੇ ਕੋਰੋਨਾ ਮਹਾਮਾਰੀ ਦੀ ਤੀਜੀ ਲਹਿਰ ਦੇ ਖ਼ਤਰੇ ਨੂੰ ਦੇਖਦੇ ਹੋਏ ਸਿੰਗਾਪੁਰ ਦੀਆਂ ਉਡਾਣਾਂ 'ਤੇ ਪਾਬੰਧੀ ਲਗਾਉਣ ਦੀ ਮੰਗ ਕੀਤੀ ਸੀ। ਇਸ 'ਤੇ ਸਿੰਗਾਪੁਰ ਨੇ ਜਵਾਬ ਦਿੰਦੇ ਹੋਏ ਕਿਹਾ ਸੀ ਕਿ 1.617.2 ਵੇਰੀਐਂਟ ਹਾਲ 'ਚ ਆਏ ਕੋਰੋਨਾ ਦੇ ਕਈ ਮਾਮਲਿਆਂ 'ਚ ਪਾਇਆ ਗਿਆ ਹੈ ਤੇ ਇਹ ਭਾਰਤ ਹੀ ਸਭ ਤੋਂ ਪਹਿਲਾਂ ਮਿਲਿਆ ਸੀ। ਸਿੰਗਾਪੁਰ ਦੇ ਸਿਹਤ ਮੰਤਰਾਲੇ ਨੇ ਬਿਆਨ ਜਾਰੀ ਕਰਕੇ ਕਿਹਾ ਹੈ ਕਿ ' ਕੋਈ ਸਿੰਗਾਪੁਰ ਵੇਰੀਐਂਟ ਨਹੀਂ ਹੈ।







## ਯੂ ਐਸ ਏ, ਖਬਰਨਾਮਾ (ਹੁਸਨ ਲੜੋਆ ਬੰਗਾ)

# ਯੂ ਐਸ- ਇੰਡੀਆ ਚੈਂਬਰ ਆਫ ਕਾਮਰਸ ਫਾਊਂਡੇਸ਼ਨ ਟੈਕਸਸ ਨੇ ਕੋਵਿਡ ਰਾਹਤ ਦੀ ਪੰਜਵੀਂ ਖੇਪ ਭਾਰਤ ਭੇਜੀ

## ਹੁਣ ਤੱਕ 85 ਵੈਂਟੀਲੇਟਰ ਤੇ 250 ਆਕਸੀਜਨ ਕੋਨਸੈਂਟ੍ਰੇਟਰਜ ਭੇਜੇ

**ਸੈਕਰਾਮੈਂਟੋ 16 ਮਈ (ਹੁਸਨ ਲੜੋਆ ਬੰਗਾ)–** ਯੂ ਐਸ – ਇਡੀਆ ਚੈਂਬਰ ਆਫ ਕਾਮਰਸ ਫਾਊਂਡੇਸ਼ਨ ਟੈਕਸਸ ਵੱਲੋਂ ਭਾਰਤ ਵਿਚ ਬੇਕਾਬੂ ਹੋਈ ਕੋਵਿਡ ਮਹਾਂਮਾਰੀ ਨਾਲ ਨਜਿੱਠਣ ਵਿੱਚ ਆਪਣਾ ਯੋਗਦਾਨ ਪਾਉਂਦਿਆਂ ਰਾਹਤ ਦੀ ਪੰਜਵੀਂ ਖੇਪ ਭਾਰਤ ਭੇਜੀ ਗਈ ਹੈ। ਇਸ ਖੇਪ ਵਿਚ 128 ਆਕਸੀਜਨ ਕੋਨਸੈਂਟ੍ਰੇਟਰਜ ਤੇ ਹੋਰ ਡਾਕਟਰੀ ਸਾਜ ਸਮਾਨ ਸ਼ਾਮਿਲ ਹੈ। ਇਸ ਤਰਾਂ ਹੁਣ ਤੱਕ ਫਾਊਂਡੇਸ਼ਨ ਵਲੋਂ 85 ਵੈਂਟੀਲੇਟਰ ਤੇ ਤਕਰੀਬਨ 250 ਆਕਸੀਜਨ ਕੋਨਸੈਂਟ੍ਰੇਟਰਜ ਭਾਰਤ ਭੇਜੇ ਜਾ ਚੁੱਕੇ ਹਨ। ਫਾਊਂਡੇਸ਼ਨ ਵੱਲੋਂ ਜਾਰੀ ਰਲੀਜ ਅਨੁਸਾਰ ਪੰਜਵੀਂ ਖੇਪ ਵਿਚ ਭੇਜੇ ਗਏ 128 ਆਕਸੀਜਨ ਕੈਨਸੈਂਟ੍ਰੇਟਰਜ ਭਾਰਤ ਦੇ ਤਿੰਨ ਰਾਜਾਂ ਵਿਚ ਸਰਕਾਰੀ ਤੇ ਗੈਰ ਸਰਕਾਰੀ ਹਸਪਤਾਲਾਂ ਲਈ ਭੇਜੇ ਗਏ ਹਨ। ਫਾਊਂਡੇਸ਼ਨ ਦੇ ਡਲਾਸ- ਫੋਰਟ ਵਰਥ ਦੇ ਪ੍ਰਧਾਨ ਨੀਲ ਗੋਨੂਗੁੰਟਲਾ ਜੋ ਫਾਊਂਡੇਸ਼ਨ ਤੇ ਕਮਿਊਨਿਟੀ ਸੰਸਥਾਵਾਂ ਦੀ ਤਰਫੋਂ ਰਾਹਤ ਭੇਜਣ ਦੀਆਂ ਕੋਸ਼ਿਸ਼ਾਂ ਦੀ ਅਗਵਾਈ ਕਰ ਰਹੇ ਹਨ, ਨੇ ਕਿਹਾ ਹੈ ਕਿ ਵਿਅਕਤੀਗਤ ਦਾਨੀਆਂ ਤੋਂ ਇਲਾਵਾ ਕਾਰੋਬਾਰੀ ਅਦਾਰਿਆਂ ਤੇ ਸਮਾਜਿਕ ਸੰਸਥਾਵਾਂ ਨੇ ਉਨਾਂ ਦੀ ਅਪੀਲ 'ਤੇ ਵੱਡਾ ਹੁੰਗਾਰਾ ਭਰਿਆ ਹੈ। ਉਨਾਂ ਕਿਹਾ ਕਿ ਭਾਰਤੀ ਮੂਲ ਦੇ ਅਮਰੀਕੀਆਂ ਦੇ ਭਾਰਤ ਨਾਲ ਗਹਿਰੇ ਰਿਸ਼ਤੇ ਹਨ ਤੇ ਉਹ ਮਹਿਸੂਸ ਕਰਦੇ ਹਨ ਕਿ ਭਾਰਤ ਵਿਚ ਕੋਵਿਡ-19 ਦੀ ਦੂਸਰੀ ਲਹਿਰ ਨਿੱਜੀ ਪੱਧਰ 'ਤੇ ਨੁਕਸਾਨ ਪਹੁੰਚਾ ਰਹੀ ਹੈ ਤੇ ਇਹ ਬਹੁਤ ਖਤਰਨਾਕ ਬਣੀ ਹੋਈ ਹੈ। ਇਸ ਲਈ ਹਰ ਸੰਭਵ ਹੱਦ ਤੱਕ ਭਾਰਤ ਵਿਚ ਮੱਦਦ ਪਹੁੰਚਾਈ ਜਾਵੇ।

ਜਾਰੀ ਬਿਆਨ ਅਨੁਸਾਰ ਗੋਨੂਗੁੰਟਲਾ ਦੇ ਨਾਲ ਜਗਦੀਪ ਆਹਲੂਵਾਲੀਆ ਤੇ ਅਸ਼ੋਕ ਮਾਗੋ ਫੰਡ ਜੁਟਾਉਣ ਉਪਰ ਨਿਗਰਾਨੀ ਰਖ ਰਹੇ ਹਨ ਤੇ ਇਸ ਸਬੰਧੀ ਕੋਸ਼ਿਸ਼ਾਂ ਵਿਚ ਤਾਲਮੇਲ ਕਰ ਰਹੇ ਹਨ।

ਫਾਊਂਡੇਸ਼ਨ ਨੇ ਕਿਹਾ ਹੈ ਕਿ ਡੀ ਐਫ ਡਬਲਯੂ ਏਅਰਪੋਰਟ ਤੇ ਕਤਰ ਏਅਰ ਵੇਅਜ ਮੱਦਦ ਭੇਜਣ ਵਿਚ ਸਮੁੱਚਾ ਲੋੜੀਂਦਾ ਸਹਿਯੋਗ ਦੇ ਰਹੇ ਹਨ। ਫਾਊਂਡੇਸ਼ਨ ਦੀ ਇਸ ਕੋਸ਼ਿਸ਼ ਵਿਚ ਵੈਸਟ ਟੈਕਸਸ ਦੇ ਭਾਰਤੀ ਮੂਲ ਦੇ ਡਾਕਟਰ ਤੇ ਤਕਰੀਬਨ 2 ਦਰਜਨ ਸੰਸਥਾਵਾਂ ਸਮਰਥਨ ਦੇ ਰਹੀਆਂ ਹਨ।

# ਸ਼ਿਕਾਗੋ ਵਿਚ ਗੋਲੀਆਂ ਮਾਰ ਕੇ ਦੋ ਵਿਅਕਤੀਆਂ ਦੀ ਕੀਤੀ ਹੱਤਿਆ, 3 ਹੋਰ ਜਖਮੀ

**ਸੈਕਰਾਮੈਂਟੋ 16 ਮਈ (ਹੁਸਨ ਲੜੋਆ ਬੰਗਾ)–** ਸ਼ਿਕਾਗੋ ਵਿਚ ਸ਼ਨੀਵਾਰ ਦੀ ਸਵੇਰ ਨੂੰ ਇਕ ਇਕੱਠ ਵਿਚ ਸ਼ਾਮਲ ਲੋਕਾਂ 'ਤੇ ਇਕ ਸ਼ੱਕੀ ਹਮਲਾਵਰ ਵੱਲੋਂ ਕੀਤੀ ਗਈ ਗੋਲੀਬਾਰੀ ਵਿਚ ਦੋ ਵਿਅਕਤੀਆਂ ਦੀ ਮੌਤ ਹੋ ਗਈ ਤੇ 3 ਹੋਰ ਗੋਲੀਆਂ ਵੱਜਣ ਕਾਰਨ ਜ਼ਖਮੀ ਹੋ ਗਏ ਜਿਨਾਂ ਵਿਚੋਂ ਇਕ ਦੀ ਹਾਲਤ ਗੰਭੀਰ ਹੈ। ਪੁਲਿਸ ਅਨੁਸਾਰ ਇਕ 26 ਸਾਲਾ ਤੇ ਇਕ 21 ਸਾਲਾ ਵਿਅਕਤੀ ਜਿਨਾਂ ਦੇ ਸਿਰ ਵਿਚ ਗੋਲੀਆਂ ਵੱਜੀਆਂ ਸਨ, ਨੂੰ ਯਨੀਵਰਸਿਟੀ ਆਫ ਸ਼ਿਕਾਗੋ ਮੈਡੀਕਲ ਸੈਂਟਰ ਲਿਜਾਇਆ ਗਿਆ ਜਿਥੇ ਉਨਾਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਇਕ 23 ਸਾਲਾ ਵਿਅਕਤੀ ਦੀ ਸੱਜੀ ਬਾਂਹ ਵਿਚ ਗੋਲੀ ਲੱਗੀ ਹੈ ਜਿਸ ਨੂੰ ਗੰਭੀਰ ਹਾਲਤ ਵਿਚ ਕ੍ਰਿਸਟ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ।

ਦੋ ਹੋਰ ਵਿਅਕਤੀਆਂ ਦੇ ਮੋਢੇ ਵਿਚ ਗੋਲੀਆਂ ਵੱਜੀਆਂ ਹਨ ਜਿਨਾਂ ਦੀ ਹਾਲਤ ਠੀਕ ਦੱਸੀ ਜਾ ਰਹੀ ਹੈ। ਪੁਲਿਸ ਮੌਕੇ ਉਪਰੋਂ ਭੱਜੇ ਇਕ ਸ਼ੱਕੀ ਵਿਅਕਤੀ ਦੀ ਤਲਾਸ਼ ਕਰ ਰਹੀ ਹੈ।

# ਨਿਊਯਾਰਕ ਦੇ ਮੇਅਰ ਵੱਲੋਂ ਭਾਰਤ ਨੂੰ ਵੈਂਟੀਲੇਟਰ ਤੇ ਹੋਰ ਡਾਕਟਰੀ ਸਮਾਨ ਭੇਜਣ ਦਾ ਐਲਾਨ

**ਸੈਕਰਾਮੈਂਟੋ 17 ਮਈ (ਹੁਸਨ ਲੜੋਆ ਬੰਗਾ)–** ਨਿਊਯਾਰਕ ਸ਼ਹਿਰ ਦੇ ਮੇਅਰ ਬਿਲ ਡੇ ਬਲਾਸੀਓ ਨੇ ਐਲਾਨ ਕੀਤਾ ਹੈ ਕਿ ਕੋਵਿਡ-19 ਦੀ ਦੂਸਰੀ ਲਹਿਰ ਦਾ ਮੁਕਾਬਲਾ ਕਰ ਰਹੇ ਭਾਰਤ ਵਿਚ ਉਨਾਂ ਵੱਲੋਂ ਕੋਵਿਡ-19 ਟੈਸਟ ਕਿੱਟਾਂ, ਵੈਂਟੀਲੇਟਰ, ਬੀਪੈਪ ਮਸ਼ੀਨਾਂ, ਪਲੱਸ ਆਕਸਮੀਟਰ ਤੇ ਹੋਰ ਡਾਕਟਰੀ ਸਮਾਨ ਭਾਰਤ ਭੇਜਿਆ ਜਾਵੇਗਾ। ਹਾਲਾਂ ਕਿ ਮੇਅਰ ਨੇ ਭੇਜੇ ਜਾਣ&; ਵਾਲੇ ਸਮਾਨ ਦੀ ਮਾਤਰਾ ਬਾਰੇ ਕੁਝ ਨਹੀਂ ਕਿਹਾ। ਉਨਾਂ ਕਿਹਾ ਕਿ ਹੁਣ ਸਾਡੇ ਲਈ ਭਾਰਤ ਦੀ ਸੰਕਟ ਦੀ ਘੜੀ ਵਿਚ ਮੱਦਦ ਕਰਨ ਦਾ ਸਮਾਂ ਹੈ ਤੇ ਅਸੀਂ ਦੱਸ ਦੇਣਾ ਚਹੁੰਦੇ ਹਾਂ ਕਿ ਕੋਵਿਡ-19 ਨਾਲ ਲੜਾਈ ਵਿਚ ਕੋਈ ਵੀ ਇਕੱਲਾ ਨਹੀਂ ਹੈ। ਉਨਾਂ ਕਿਹਾ ਕਿ ਅਸੀਂ ਭਾਰਤ ਲਈ ਅਹਿਮ ਮੈਡੀਕਲ ਸਮਾਨ ਭੇਜ ਰਹੇ ਹਾਂ। ਮੇਅਰ ਨੇ ਕਿਹਾ ਕਿ ਅਸੀਂ ਇਕਜੁੱਟ ਹੋ ਕੇ ਮਹਾਂਮਾਰੀ ਨੂੰ ਹਰਾ ਦੇਵਾਂਗੇ ਤੇ ਹਾਲਾਤ ਛੇਤੀ ਆਮ ਵਾਂਗ ਹੋ ਜਾਣਗੇ। ਇਸ ਮੌਕੇ ਭਾਰਤੀ ਮੂਲ ਦੇ ਅਮਰੀਕੀ ਸ਼ਹਿਰ ਦੇ ਸਿਹਤ ਕਮਿਸ਼ਨਰ ਦਵੇ ਏ ਚੋਕਸ਼ੀ ਨੇ ਕਿਹਾ ਕਿ ਸਾਡਾ ਸ਼ਹਿਰ ਹਜਾਰਾਂ ਭਾਰਤੀ ਮੂਲ ਦੇ ਅਮਰੀਕੀਆਂ ਦਾ ਘਰ ਹੈ ਤੇ ਸਾਡੇ ਦੇਸ਼ ਦਾ ਇਹ ਨੈਤਿਕ ਫਰਜ ਬਣਦਾ ਹੈ ਕਿ ਮਹਾਂਮਾਰੀ ਉਪਰ ਕਾਬੂ ਪਾਉਣ ਲਈ ਕੌਮਾਂਤਰੀ ਪੱਧਰ ਉਪਰ ਇਕਜੁੱਟਤਾ ਦਾ ਪ੍ਰਗਟਾਵਾ ਕਰੀਏ। ਉਨਾਂ ਨੇ ਵਾਈਟ ਹਾਊਸ ਨੂੰ ਅਪੀਲ ਕੀਤੀ ਕਿ ਕੋਵਿਡ-19 ਵੈਕਸੀਨ ਉਪਰ ਪੇਟੈਂਟ ਖਤਮ ਕਰਨ ਲਈ ਅਗਲੀ ਕਾਰਵਾਈ ਕੀਤੀ ਜਾਵੇ। ਉਨਾਂ ਕਿਹਾ ਕਿ ਇਸ ਸੰਕਟ ਦੀ ਘੜੀ ਵਿਚ ਸਾਰੀਆਂ ਖੋਜਾਂ ਤੇ ਤਕਨੀਕ ਜਨਤਿਕ ਹੋਣੀ ਚਾਹੀਦੀ ਹੈ ਤੇ ਇਹ ਇਕ ਦੂਸਰੇ ਨਾਲ ਸਾਂਝੀਆਂ ਕੀਤੀਆਂ ਜਾਣ।



# ਯੂਬਾ ਸਿਟੀ, ਕੈਲੀਫੋਰਨੀਆ ਦੇ ਗੁਰਦੁਆਰਾ ਸਾਹਿਬ ਦੀਆਂ ਚੋਣਾਂ ਦੌਰਾਨ "ਸਾਧ ਸੰਗਤ" ਧੜਾ ਜੇਤੂ ਰਿਹਾ

**ਸੈਕਰਾਮੈਂਟੋ 17 ਮਈ–** ਵਿਸ਼ਵ ਪੱਧਰੀ ਨਗਰ ਕੀਰਤਨ ਕਰਕੇ ਜਾਣਿਆ ਯੂਬਾ ਸਿਟੀ, ਕੈਲੀਫੋਰਨੀਆ ਦੇ "ਸਿੱਖ ਟੈਂਪਲ" ਦੇ ਪ੍ਰਬੰਧ ਦੀਆਂ ਹੋਈਆਂ ਚੋਣਾ ਵਿੱਚ ਅੱਜ "ਸਾਧ ਸੰਗਤ" ਧੜਾ ਜੇਤੂ ਰਿਹਾ, ਜਿਸਦੀ ਅਗਵਾਈ ਸਰਬਜੀਤ ਥਿਆੜਾ ਤੇ ਤੇਜਿੰਦਰ ਦੁਸ਼ਾਂਝ ਕਰ ਰਹੇ ਸਨ ਇਸ ਧੜੇ ਦੇ 20 ਉਮੀਦਵਾਰ ਤੇ "ਪੰਥਕ ਸਲੇਟ" ਦੇ 11 ਉਮੀਦਵਾਰ ਜੇਤੂ ਐਲਾਨੇ ਗਏ। ਇਨਾਂ ਵੋਟਾਂ ਦੌਰਾਨ ਕੁਲ 3613 ਵੋਟਾਂ ਪੋਲ ਹੋਈਆਂ । ਗੁਰਦੁਆਰਾ ਸਿੱਖ ਟੈਂਪਲ ਯੂਬਾ ਸਿਟੀ ਦੀਆਂ ਪ੍ਰਬੰਧਕੀ ਚੋਣਾ ਗਏ ਕੱਲ੍ਹ ਤੇ ਅੱਜ ਦੋ ਦਿਨਾਂ ਚ ਨੇਪੜੇ ਚੜੀਆਂ। ਕਈ ਹਫਤਿਆਂ ਤੋ ਦੋਨੋਂ ਧਿਰਾਂ ਵਿੱਚ ਖਿਚੋਤਾਣ ਵਧੀ ਹੋਈ ਸੀ ਤੇ ਦੋਨੋਂ ਧਿਰਾਂ ਹੀ ਸਿਰ ਧੜ ਦੀ ਬਾਜੀ ਲਾ ਕੇ ਬੈਠੀਆਂ ਸਨ। ਅੱਜ ਦੇਰ ਰਾਤ ਦੋਨੋਂ ਧਿਰਾਂ ਦੇ ਵਕੀਲਾਂ ਦੀ ਹਾਜਰੀ ਚ ਤੇ ਵਿਧਾਨਕ ਤੌਰ ਤੇ ਜੇਤੂ ਓਮੀਦਵਾਰਾਂ ਦਾ ਐਲਾਨ ਕਰ ਦਿੱਤਾ ਗਿਆ। ਇਸ ਮੌਕੇ ਪੁਲੀਸ ਦਾ ਤੇ ਪ੍ਰਾਈਵੇਟ ਸਕਿਉਰਿਟੀ ਦਾ ਭਾਰੀ ਪ੍ਰਬੰਧ ਕੀਤਾ ਗਿਆ ਸੀ। ਇਸ ਗੁਰਦੁਆਰਾ ਸਿੱਖ ਟੈਂਪਲ ਯੂਬਾ ਸਿਟੀ ਦੀਆ ਚੋਣਾ ਚ ਭਾਵੇਂ ਤਿੰਨ ਧਿਰਾਂ ਚੋਣ ਅਖਾੜੇ ਵਿੱਚ ਕੁੱਦੀਆਂ ਸਨ ਪਰ ਆਖਿਰ ਮੁੱਖ ਮੁਕਾਬਲਾ ਦੋ ਧਿਰਾਂ ਵਿੱ-ਚਕਾਰ ਹੀ ਹੋ ਕੇ ਨਿਬੜਿਆ। ਦਿਦਾਰ ਸਿੰਘ ਬੈਂਸ ਧੜਾ ਵੀ ਅਖਿਰ ਚ ਵੰਡ ਹੋ ਗਿਆ ਇਸ ਦੌਰਾਨ ਅੱਧਾ ਧੜਾ "ਸਾਧ ਸੰਗਤ ਸਲੇਟ ਤੇ ਅੱਧਾ ਧੜਾ "ਪੰਥਕ ਸਲੇਟ" ਵੱਲ ਖਿਸਕ ਗਿਆ। ਦੋਨੋ ਧੜੇ ਇੱਕ ਦੂਸਰੇ ਦੇ ਵੋਟਰ ਤੇ ਸਪੋਟਰ ਤੋੜਨ ਵਿੱਚ ਪੂਰੇ ਸਰਗਰਮ ਰਹੇ। ਇਨਾਂ ਚ ਦੂਜਾ ਧੜਾ ਗੁਰਨਾਮ ਸਿੰਘ ਪੰਮਾ ਤੇ ਲੰਗਰ ਵਾਲਿਆਂ ਦੀ ਧੜਾ (ਖਾਲਸਾ ਪੰਥ ਸਲੇਟ) ਸੀ, ਪਰ ਦਿਦਾਰ ਸਿੰਘ ਬੈਂਸ ਦੇ ਭਰਾ ਦਿਲਬਾਗ ਸਿੰਘ ਬੈਂਸ ਨੇ ਵੋਟਾਂ ਲਈ ਸਾਧ ਸੰਗਤ ਸਲੇਟ ਨੂੰ ਵੋਟਾਂ ਪਾਉਣ ਦੀ ਅਪੀਲ ਕੀਤੀ ਸੀ। ਗੁਦੁਆਰਾ ਸਾਹਿਬ ਦੇ ਬਾਨੀ ਸ, ਦਿਦਾਰ ਸਿੰਘ ਬੈਂਸ ਬਿਮਾਰ ਨਾਂ ਹੁੰਦੇ ਤਾ ਇਹ ਸਥਿਤੀ ਬਿਲਕੁੱਲ ਉਤਪੰਨ ਨਹੀਂ ਸੀ ਹੋਣੀ। ਅੱਜ ਜੇਤੂ ਧੜੇ ਦੇ ਸਰਬ ਥਿਆੜਾ ਤੇ ਤੇਜਿੰਦਰ ਦੁਸਾਂਝ (ਸਾਧ ਸੰਗਤ ਧੜੇ) ਨੇ ਸਥਾਨਕ ਸਾਰੀ ਸੰਗਤ ਨੂੰ ਸੇਵਾ ਦਾ ਮੌਕਾ ਦੇਣ ਲਈ ਧੰਨਵਾਦ ਕੀਤਾ, ਉਨਾਂ ਕਿਹਾ ਕਿ ਜੋ ਵੀ ਅਸੀ ਸੰਗਤਾਂ ਨਾਲ ਵਆਦੇ ਕੀਤੇ ਸੀ ਉਹ ਪੂਰੇ ਕਰਾਂਗੇ ਤੇ ਅਸੀਂ ਸਮੱਚੀ ਸੰਗਤ ਦੇ ਰਿਣੀ ਹਾਂ ਭਾਵੇ ਨੇ ਕਿਸੇ ਨੇ ਸਾਨੂੰ ਵੋਟਾਂ ਪਾਈਆਂ ਜਾਂ ਨਹੀਂ। ਜੇਤੂ ਉਮੀਦਵਾਰਾਂ ਵਿੱਚ ਪ੍ਰੀਤਮ ਸਿੰਘ, ਸੁਖਦੇਵ ਸਿੰਘ ਮੁੰਡੀ, ਜਗਦੀਪ ਸਿੰਘ ਬਾਜਵਾ, ਬਲਰਾਜ ਸਿੰਘ ਢਿਲੋਂ, ਸਰਬਜੀਤ ਸਿੰਘ ਥਿਆੜਾ, ਅਜੈਬ ਸਿੰਘ ਮੱਲ੍ਹੀ, ਹਰਜਿੰਦਰ ਬੈਂਸ, ਜਸਬੀਰ ਸਿੰਘ ਧਾਮੀ, ਨਰਿੰਦਰ ਸਿੰਘ, ਨਰ ਸਿੰਘ ਹੀਰ, ਤੇਜਿੰਦਰ ਸਿੰਘ ਦੁਸਾਂਝ, ਮਹਾ ਸਿੰਘ ਢਿਲੋਂ, ਮਨਜੀਤ ਸਿੰਘ ਢਿਲੋਂ, ਹਰਜੀਤ ਸਿੰਘ ਗਿੱਲ, ਦਿਲਵੀਰ ਸਿੰਘ ਗਿੱਲ, ਨਿਰਮਲ ਸਿੰਘ ਜੰਡਾ, ਤਾਰਾ ਸਿੰਘ ਬੰਗਲ, ਗੁਰਕਮਲਜੀਤ ਸਿੰਗ ਕਾਲਕਟ, ਕੁਲਦੀਪ ਸਿੰਗ ਸਹੋਤਾ, ਹਰਭਜਨ ਸਿੰਘ ਢੇਰੀ, ਗੁਰਮੀਤ ਸਿੰਘ ਤੱਖਰ, ਸਰਬਜੀਤ ਸਿੰਘ, ਗੁਰਚਰਨ ਸਿੰਘ ਰੰਧਾਵਾ, ਜੱਸ ਥਿਆੜਾ, ਚਰਨਜੀਤ ਸਿੰਘ ਚੋਹਾਨ, ਤੀਰਥ ਸਿੰਘ ਚੀਮਾ, ਹਰਮਨਦੀਪ ਸਿੰਘ ਸੰਧੂ, ਸਰਬਜੀਤ ਢੁਡਵਾਲ, ਜੋਗਾ ਸਿੰਘ ਰਾਏ, ਮਲਕੀਤ ਸਿੰਘ ਤੇ ਰਵਿੰਦਰ ਸਿੰਘ ਸਹੋਤਾ ਜੇਤੂ ਰਹੇ।



# ਦੱਖਣੀ ਕੈਲੀਫੋਰਨੀਆ ਵਿਚ ਝਾੜੀਆਂ ਨੂੰ ਲੱਗੀ ਅੱਗ ਸੈਂਕੜੇ ਏਕੜਾਂ ਵਿਚ ਫੈਲੀ

## ਹਜਾਰਾਂ ਲੋਕ ਸੁਰੱਖਿਅਤ ਥਾਵਾਂ 'ਤੇ ਜਾਣ ਲਈ ਹੋਏ ਮਜਬੂਰ

**ਸੈਕਰਾਮੈਂਟੋ 17 ਮਈ (ਹੁਸਨ ਲੜੋਆ ਬੰਗਾ)–** ਲਾਸ ਏਂਜਲਸ ਕਾਊਂਟੀ ਨੇੜੇ ਦੱਖਣੀ ਕੈਲੀਫੋਰਨੀਆ ਵਿਚ ਝਾੜੀਆਂ ਨੂੰ ਲੱਗੀ ਅੱਗ ਹਜਾਰਾਂ ਏਕੜ ਵਿਚ ਫੈਲ ਗਈ ਜਿਸ ਕਾਰਨ ਅਧਿਕਾਰੀਆਂ ਨੇ ਇਸ ਖੇਤਰ ਵਿਚ ਰਹਿੰਦੇ ਹਜਾਰਾਂ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਜਾਣ ਲਈ ਕਿਹਾ। ਲਾਸ ਏਂਜਲਸ ਕਾਊਂਟੀ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਅੱਗ ਕਿਸੇ ਸ਼ਰਾਰਤੀ ਅਨਸਰ ਨੇ ਜਾਣ ਬੁਝਕੇ ਲਾਈ ਹੈ ਹਾਲਾਂ ਕਿ ਇਹ ਮਾਮਲ ਜਾਂਚ ਅਧੀਨ ਹੈ। ਅਧਿਕਾਰੀਆਂ ਅਨੁਸਾਰ ਟੌਪੰਗਾ ਕੇਨਯੋਨ ਨੇੜੇ ਪਾਲੀਸੇਡਜ ਖੇਤਰ ਵਿਚੋਂ ਤਕਰੀਬਨ 1000 ਲੋਕਾਂ ਨੂੰ ਕੱਢਿਆ ਗਿਆ ਹੈ। ਦੁਪਹਿਰ ਬਾਅਦ ਹਵਾਵਾਂ ਚੱਲਣ ਤੇ ਗਰਮ ਮੌਸਮ ਕਾਰਨ ਅੱਗ 1300 ਏਕੜ ਤੋਂ ਵਧ ਖੇਤਰ ਵਿਚ ਫੈਲ ਗਈ ਹਾਲਾਂ ਕਿ ਰਾਤ ਨੂੰ ਮੌਸਮ ਵਿਚ ਸਿੱਲ ਵਧ ਜਾਣ ਕਾਰਨ ਅੱਗ ਅੱਗੇ ਫੈਲਣ ਤੋਂ ਰੁਕ ਗਈ। ਲਾਸ ਏਂਜਲਸ ਕਾਊਂਟੀ ਦੇ ਅਧਿਕਾਰੀਆਂ ਅਨੁਸਾਰ ਹਵਾਵਾਂ ਕਾਰਨ ਅੱਗ ਉਤਰ ਪੱਛਮੀ ਖੇਤਰ ਦੇ ਘਰਾਂ ਲਈ ਖਤਰਾ ਪੈਦਾ ਕਰ ਸਕਦੀ ਹੈ ਤੇ ਸੰਘਣੇ ਪਹਾੜੀ ਖੇਤਰ ਦਾ ਜੰਗਲ ਸੜ ਸਕਦਾ ਹੈ ਜੋ ਬਿਲਕੁਲ ਸੁੱਕਾ ਹੈ। ਅੱਗ ਬੁਝਾਉਣ ਵਿਚ ਹੈਲੀਕਾਪਟਰ ਮੱਦਦ ਕਰ ਰਹੇ ਹਨ ਤੇ ਹੈਲੀਕਾਪਟਰਾਂ ਰਾਹੀਂ ਅੱਗ ਉਪਰ ਪਾਣੀ ਪਾਇਆ ਜਾ ਰਿਹਾ ਹੈ। ਕਾਊਂਟੀ ਦੇ ਸ਼ੈਰਿਫ ਵਿਭਾਗ ਦੇ ਬੁਲਾਰੇ ਮਾਰਗਰਟ ਸਟੀਵਰਟ ਅਨੁਸਾਰ ਇਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਕਿਸੇ ਸ਼ੱਕੀ ਨੂੰ ਖੇਤਰ ਵਿਚ ਵੇਖਿਆ ਗਿਆ ਹੈ ਜਿਸ ਵੱਲੋਂ ਅੱਗ ਲਾਈ ਹੋ ਸਕਦੀ ਹੈ ਪਰੰਤੂ ਇਸ ਸਬੰਧੀ ਠੋਸ ਸਬੂਤ ਨਹੀਂ ਮਿਲੇ।






NIRMAL SINGH BADHAN

NSB Insurance

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

for Insurance Call:
NIRMAL SINGH BADHAN
707-228-2020
Lic #0144676

Call: 707-228-2020, Fax: 707-260-2813

www.nsbinsures.com

1519 Gary CT., Rohnert Park, CA 94928

ਦੇਸ਼ ਦੁਆਬਾ

# EDUCATION, SOCIAL TRANSFORMATION AND EMPOWERMENT

Prem K. Chumber Editor-In-Chief:
Ambedkar Times & Desh Doaba Weeklies Newspapers

Babasaheb Dr. B. R. Ambedkar laid stress on 'Educate, Agitate, Organise' for the liberation of the Scheduled Castes (SCs) of India. He knew very well that education could not only stir the notion of self-respect among the downtrodden but also encourage them to locate viable solutions to the age-old evil of caste system and Untouchability in India. Educated SCs would challenge their tormentors and refuse to accept oppressive social structures around them. In fact, it was education that imbibed the glaring spirit in him of getting rid of caste system (annihilating caste) from Indian society; the most sought after goal of his life time mission.

Babasaheb Dr. B.R. Ambedkar was confident that once the downtrodden get educated they would never sit idly. They would definitely agitate against the system of social injustice around them and eventually organize themselves to put an end to the same. He himself set the example through his life-long struggle for the annihilation of caste. His philosophy was simple that an educated Dalit would agitate against the all-round system of injustice around him and indulge in a struggle to overcome it. It is his self-agitation against the blind system Untouchability that would force him and his fellow-beings to get organize to commence a struggle. The central thesis of his philosophy was to know the system first so that it can empower the downtrodden to challenge social injustice rationally then to set the pace for a long struggle to put an end to age-old social evil of caste system and Untouchability.

After almost sixty eight years of India's independence, is there available a viable system of education to SCs in India? Government rural school system has come to standstill. They have turned dysfunctional long ago. Those who can afford costly private school education have abandoned them, thus rendering them just into 'Dalit schools'. This is an open fact that in Government rural schools majority of the students are from the SCs community. There are, of course, some other students belonging to OBC and upper caste communities but they too belonged to poor families. There is no denying a fact, however, that that majority of the SCs families belong to the poor and most poor strata of the society.

Given the dysfunctional status of Government rural schools, the basic factor of education to change the system of Untouchability as advocated by Babasaheb Dr. B.R. Ambedkar has been pushed to side-line. It is not only depriving SCs of genuine education but also blocking their way to social transformation. So there is an urgent need to revamp the Government rural schools so that proper and useful education could be imparted to SCs students along with others who want to join such schools. In addition an effort should be made to introduce an intensive multi language course work to enable the students to understand the available material in different languages. Along with the existing subjects provisions should also be made prepare them for job oriented courses in higher education.

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਅਮਰੀਕਾ ਵਿੱਚ ਹਿੰਦੂ ਮੰਦਰ ਦੀ ਕਮੇਟੀ ਵੱਲੋਂ ਸ਼ਰਮਨਾਕ ਕਾਰਾ, ਸੈਂਕੜੇ ਵਿਅਕਤੀਆਂ ਤੋਂ ਕਰਵਾਈ ਜਬਰਦਸਤੀ ਮਜ਼ਦੂਰੀ





**ਫਰਿਜ਼ਨੋ (ਕੈਲੀਫੋਰਨੀਆ), 12 ਮਈ 2021 (ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ)–** ਅਮਰੀਕਾ ਦੇ ਨਿਊਜਰਸੀ ਸਥਿਤ ਇੱਕ ਹਿੰਦੂ ਮੰਦਿਰ ਦੀ ਕਮੇਟੀ ਨੇ ਇੱਕ ਸ਼ਰਮਨਾਕ ਕੰਮ ਕਰਦਿਆਂ ਭਾਰਤੀ ਲੋਕਾਂ ਤੋਂ ਹੀ ਜਬਰਦਸਤੀ ਮਜ਼ਦੂਰੀ ਕਰਵਾਈ ਹੈ। ਅਮਰੀਕੀ ਏਜੰਸੀ ਐਫ ਬੀ ਆਈ ਨੇ ਹੋਰ ਵਿਭਾਗਾਂ ਸਮੇਤ ਮੰਗਲਵਾਰ ਨੂੰ ਨਿਊਜਰਸੀ ਦੇ ਇੱਕ ਵਿਸ਼ਾਲ ਹਿੰਦੂ ਮੰਦਰ ਵਿੱਚ ਛਾਪਾ ਮਾਰਿਆ ਅਤੇ ਮੰਦਿਰ 'ਤੇ ਕਮਿਊਨਿਟੀ ਦੇ ਭਾਰਤੀ ਮਰਦਾਂ ਨੂੰ ਅਮਰੀਕਾ ਵਿੱਚ ਲਿਜਾਣ ਅਤੇ ਇਕ ਹਫ਼ਤੇ ਵਿੱਚ ਤਕਰੀਬਨ 90 ਘੰਟੇ ਕੰਮ ਕਰਨ ਲਈ ਮਜਬੂਰ ਕਰਨ ਦਾ ਦੋਸ਼ ਲਗਾਇਆ ਹੈ। ਨਿਊਜਰਸੀ ਵਿੱਚ ਸਥਿਤ ਬੋਚਸਨਵਾਸੀ ਅਖਸ਼ਰ ਪੁਰਸ਼ੋਤਮ ਸਵਾਮੀਨਾਰਾਇਣ ਸੰਸਥਾ, ਜੋ ਇੱਕ ਹਿੰਦੂ ਸੰਪਰਦਾ ਹੈ ਅਤੇ ਬੀ ਏ ਪੀ ਐਸ ਵਜੋਂ ਜਾਣਿਆ ਜਾਂਦਾ ਹੈ, ਦੇ ਸੰਚਾਲਕਾਂ ਉੱਤੇ ਮੰਗਲਵਾਰ ਨੂੰ ਸੰਘੀ ਅਦਾਲਤ ਵਿੱਚ ਮੁਕੱਦਮਾ ਦਾਇਰ ਕੀਤਾ ਗਿਆ ਹੈ, ਜਿਸ ਵਿੱਚ ਜਬਰਦਸਤੀ ਮਜ਼ਦੂਰੀ, ਤਸਕਰੀ ਅਤੇ ਤਨਖਾਹ ਚੋਰੀ ਆਦਿ ਦੋਸ਼ ਲਗਾਏ ਗਏ ਹਨ। ਐਫ ਬੀ ਆਈ ਅਨੁਸਾਰ ਨਿਊਜਰਸੀ ਦੀ ਜ਼ਿਲ੍ਹਾ ਅਦਾਲਤ ਵਿੱਚ ਛੇ ਨਾਮਜ਼ਦ ਮਜ਼ਦੂਰਾਂ ਦੁਆਰਾ ਦਾਇਰ ਮੁਕੱਦਮੇ ਤਹਿਤ ਘੱਟੋ ਘੱਟ 200 ਭਾਰਤੀ ਨਾਗਰਿਕ ਜੋ ਰਾਬਬਿਨਸਵਿੱਲੇ ਦੇ ਮੰਦਰ ਵਿਚ ਕੰਮ ਕਰਦੇ ਹਨ ਜਾਂ ਕੰਮ ਕਰਦੇ ਸਨ, ਇਸ ਦਾ ਹਿੱਸਾ ਹੋਣਗੇ। ਇਸ ਸੰਸਥਾ ਦੇ ਕਈ ਲੋਕਾਂ 'ਤੇ ਦੋਸ਼ ਹੈ ਕਿ ਉਹ ਨਿਊਜਰਸੀ ਆਉਣ ਅਤੇ ਹਰ ਹਫ਼ਤੇ ਤਕਰੀਬਨ 87 ਘੰਟੇ ਪ੍ਰਤੀ ਮਹੀਨਾ 450 ਡਾਲਰ, ਜਾਂ 1.20 ਡਾਲਰ ਪ੍ਰਤੀ ਘੰਟਾ ਦੇ ਲਈ ਮੰਦਰ ਬਣਾਉਣ ਵਿੱਚ ਮਦਦ ਕਰਨ ਲਈ ਪੁਰਸ਼ਾਂ ਨੂੰ ਭਰਤੀ ਕਰਦੇ ਸਨ।

ਮੁਕੱਦਮੇ ਵਿੱਚ ਕਿਹਾ ਗਿਆ ਹੈ ਕਿ ਬਚਾਅ ਪੱਖ ਨੇ ਨੀਵੀਆਂ ਜਾਤੀਆਂ ਦੇ ਆਦਮੀਆਂ ਅਤੇ ਹੋਰ ਭਾਈਚਾਰਿਆਂ ਦੇ ਮੈਂਬਰਾਂ ਨੂੰ ਮੰਦਰ ਵਿੱਚ ਕੰਮ ਕਰਨ ਦਾ ਲਾਲਚ ਦਿੱਤਾ, ਜੋ ਅਜੇ ਨਿਰਮਾਣ ਅਧੀਨ ਹੈ। ਮੁਕੱਦਮੇ ਅਨੁਸਾਰ ਵਿਅਕਤੀਆਂ ਦੇ ਪਾਸਪੋਰਟ ਜ਼ਬਤ ਕਰ ਲਏ ਗਏ ਸਨ, ਅਤੇ ਕਾਮੇ ਇੱਕ ਕੰਪਾਊਂਡ ਵਿੱਚ ਰੱਖੇ ਸਨ।

ਅਟਾਰਨੀ ਕਾਕਲੇਕ ਨੇ ਕਿਹਾ ਕਿ ਇਹ ਸਥਿਤੀ ਇੱਕ "ਲੇਬਰ ਟਰੈਫਿਕਿੰਗ" ਕੇਸ ਹੈ ਅਤੇ ਮਜ਼ਦੂਰਾਂ 'ਤੇ ਦਰਜਨਾਂ ਕੈਮਰਿਆਂ ਨਾਲ ਨਿਗਰਾਨੀ ਰੱਖੀ ਜਾਂਦੀ ਸੀ ਅਤੇ ਨਿਯਮਾਂ ਨੂੰ ਤੋੜਨ ਲਈ ਜੁਰਮਾਨੇ ਦੀ ਧਮਕੀ ਵੀ ਦਿੱਤੀ ਜਾਂਦੀ ਸੀ। ਇਹ ਮੁਕੱਦਮਾ ਦਾਅਵਾ ਕਰਦਾ ਹੈ ਕਿ ਮਜ਼ਦੂਰਾਂ ਨੂੰ ਮਈ 2011 ਤੋਂ ਧਾਰਮਿਕ ਵਰਕਰਾਂ ਅਤੇ ਵਾਲੰਟੀਅਰਾਂ ਦੇ ਵੀਜ਼ੇ 'ਤੇ ਝੂਠੇ ਤੌਰ 'ਤੇ ਅਮਰੀਕਾ ਲਿਆਂਦਾ ਗਿਆ ਹੈ ਅਤੇ ਇਹ ਮੁਕੱਦਮਾ ਮਜ਼ਦੂਰਾਂ ਲਈ ਅਦਾਇਗੀ, ਦਿਹਾੜੀ ਅਤੇ ਹਰਜਾਨੇ ਲਈ ਪੈਸੇ ਦੀ ਮੰਗ ਕਰਦਾ ਹੈ। ਜਦਕਿ ਬੀ ਏ ਪੀ ਐਸ ਦੇ ਬੁਲਾਰਿਆਂ ਅਨੁਸਾਰ ਉਠਾਏ ਗਏ ਮਸਲਿਆਂ ਦੀ ਪੂਰੀ ਸਮੀਖਿਆ ਕੀਤੀ ਜਾ ਰਹੀ ਹੈ।

# ਪੰਜਾਬ ਕਾਂਗਰਸ ਦਾ ਸਾਢੇ ਚਾਰ ਸਾਲ ਦਾ ਕਾਰਜਕਾਲ ਦਲਿਤਾਂ ਅਤੇ ਪਛੜੇ ਵਰਗਾਂ ਨਾਲ ਧੋਖਾ - ਜਸਵੀਰ ਸਿੰਘ ਗੜ੍ਹੀ

**ਜਲੰਧਰ–** ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਸ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਪੰਜਾਬ ਕਾਂਗਰਸ ਦਾ ਸਾਢੇ ਚਾਰ ਸਾਲ ਦਾ ਕਾਰਜਕਾਲ ਅਸਫਲ ਸਿੱਧ ਹੋਇਆ ਹੈ ਕਿਸਾਨ ,ਮਜ਼ਦੂਰ, ਵਪਾਰੀ, ਨੌਜਵਾਨ, ਗਰੀਬ ਦਲਿਤਾਂ ਆਦਿ ਨਾਲ ਕੀਤੇ ਹਰ ਚੋਣ ਵਾਅਦੇ ਪੂਰੇ ਕਰਨ ਵਿਚ ਕਾਂਗਰਸ ਸਰਕਾਰ ਫੇਲ ਹੋਈ ਹੈ। ਪੰਜਾਬ ਕਾਂਗਰਸ ਛੇ ਕੱਕਿਆ ਵਿੱਚ ਉਲਝੀ ਪਈ ਹੈ ਜਿਸ ਵਿਚ ਕਾਂਗਰਸ, ਕੁਰਸੀ, ਕਰੋਨਾ, ਕੈਪਟਨ ਅਮਰਿੰਦਰ ਸਿੰਘ, ਕੈਪਟਨ ਸੰਦੀਪ ਸੰਧੂ ਅਤੇ ਹਾਕੀ ਦਾ ਕੈਪਟਨ ਪਰਗਟ ਸਿੰਘ ਸ਼ਾਮਲ ਹੈ।



ਕਾਂਗਰਸ ਦੇ ਰਾਜ ਵਿੱਚ ਜਦੋਂ ਕਰੋਨਾ ਮਹਾਮਾਰੀ ਦੋਰਾਨ ਜ਼ਹਿਰੀਲੀ ਸ਼ਰਾਬ ਦੀਆਂ ਫੈਕਟਰੀਆਂ ਫੜੀਆਂ ਗਈਆਂ, ਰਾਸ਼ਨ ਦੇ ਪੈਕਟਾਂ ਦੀ ਵੰਡ ਦਾ ਘੁਟਾਲਾ ਹੋਇਆ ਉਥੇ ਹੀ ਗਰੀਬ ,ਮਜ਼ਦੂਰ, ਵਪਾਰੀ ਨੂੰ ਕੋਈ ਵੀ ਸਮਾਜਕ ਸੁਰੱਖਿਆ ਨਹੀਂ ਦਿੱਤੀ ਗਈ। ਸਗੋਂ ਕਾਂਗਰਸ ਸਰਕਾਰ ਨੇ ਕਰੋਨਾ ਮਾਹਵਾਰੀ ਦੌਰਾਨ ਪੰਜਾਬੀਆਂ ਨੂੰ ਕਰੋਨਾ ਮਹਾਮਾਰੀ ਅੱਗੇ ਮਰਨ ਲਈ ਸੁਟਿਆ ਹੋਇਆ ਹੈ ਅਤੇ ਸਮੁੱਚੀ ਕਾਂਗਰਸ ਕੁਰਸੀ ਕੁਰਸੀ ਖੇਡ ਰਹੀ ਹੈ। ਜਿਸ ਵਿਚ ਕੈਪਟਨ ਅਮਰਿੰਦਰ ਸਿੰਘ ਤੇ ਉਸ ਦਾ ਖਾਸਮ-ਖਾਸ ਕੈਪਟਨ ਸੰਦੀਪ ਸੰਧੂ ਜਲੰਧਰ ਕੈਂਟ ਦੇ ਵਿਧਾਇਕ ਪਰਗਟ ਸਿੰਘ ਖਿਲਾਫ਼ ਕੁਰਸੀ ਕੁਰਸੀ ਖੇਡ ਰਹੇ ਹਨ ਅਤੇ ਆਮ ਪੰਜਾਬੀਆਂ ਦਾ ਧਿਆਨ ਮੁੱਖ ਮੁੱਦਿਆਂ ਤੋਂ ਭਟਕਾ ਰਹੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀ ਆੜ ਵਿਚ ਸਮੁੱਚੀ ਕਾਂਗਰਸ ਪਾਰਟੀ ਅੱਜ ਪੰਜਾਬੀਆਂ ਨੂੰ ਮੁੱਖ ਮੁੱਦਿਆਂ ਤੋਂ ਭਟਕਾਕੇ, ਸਮਾਜਿਕ ਸੁਰੱਖਿਆ ਤੋਂ ਵਾਂਝੇ ਕਰਕੇ, ਕਰੋਨਾ ਮਹਾਂਮਾਰੀ ਅੱਗੇ ਮਰਨ ਲਈ ਪੰਜਾਬੀਆਂ ਨੂੰ ਸੁੱਟਕੇ ਸਾਰੀ ਕਾਂਗਰਸ ਪਾਰਟੀ ਦੇ ਵੱਡੇ ਵੱਡੇ ਲੀਡਰ ਸੇਵਾ ਭਾਵਨਾ ਭੁੱਲਕੇ ਲਾਲਚੀ ਭਾਵਨਾ ਨਾਲ ਸੂਬੇ ਦੀ ਪ੍ਰਧਾਨਗੀ, ਸਰਕਾਰ ਵਿਚ ਡਿਪਟੀ ਮੁੱਖ ਮੰਤਰੀ ਤੇ ਕੈਬਨਿਟ ਰੈਂਕ ਲਈ ਲੜ ਰਹੇ ਹਨ ਜਿਸਦੀ ਬਹੁਜਨ ਸਮਾਜ ਪਾਰਟੀ ਨਿੰਦਾ ਕਰਦੀ ਹੈ। ਬਸਪਾ ਪੰਜਾਬ ਦੇ ਪ੍ਰਧਾਨ ਸਰਦਾਰ ਗੜ੍ਹੀ ਨੇ ਅਪੀਲ ਕੀਤੀ ਹੈ ਕਿ ਕਾਂਗਰਸ ਸਰਕਾਰ ਆਪਣੀ ਪਾਰਟੀ ਦੇ ਪੰਜ ਕੱਕਿਆਂ ਚੋਂ ਬਾਹਰ ਨਿਕਲੇ ਅਤੇ ਕਰੋਨਾ ਦੇ ਕੱਕੇ ਨਾਲ ਲੜਾਈ ਲੜੇ ਅਤੇ ਪੰਜਾਬੀਆਂ ਦੀ ਸਮਾਜਿਕ ਤੇ ਸਿਹਤ ਸੁਰੱਖਿਆ ਯਕੀਨੀ ਬਣਾਵੇ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

## ਯੂ ਐਸ ਏ, ਖਬਰਨਾਮਾ (ਹੁਸਨ ਲੜੋਆ ਬੰਗਾ)

# ਤਿੰਨ ਜੋੜੇ ਨਬਾਲਗ ਭੈਣ-ਭਰਾਵਾਂ ਨੇ ਭਾਰਤ ਵਿਚ ਕੋਵਿਡ ਪੀੜਤਾਂ ਦੀ ਮਦਦ ਲਈ ਜੁਟਾਏ ਪੌਣੇ ਤਿੰਨ ਲੱਖ ਤੋਂ ਵਧ ਡਾਲਰ

**ਸੈਕਰਾਮੈਂਟੋ 14 ਮਈ–** ਭਾਰਤੀ ਮੂਲ ਦੇ ਅਮਰੀਕੀ ਤਿੰਨ ਜੌੜੇ ਭੈਣ-ਭਰਾ ਭਾਰਤ ਵਿਚ ਭਿਆਨਕ ਬਣ ਚੁੱਕੀ ਕੋਰੋਨਾ ਮਹਾਂਮਾਰੀ ਨਾਲ ਜੂਝ ਰਹੇ ਲੋਕਾਂ ਦੀ ਮਦਦ ਲਈ ਯਤਨਸ਼ੀਲ ਹਨ। 15 ਸਾਲਾਂ ਦੀ ਜੀਆ, ਕਰੀਨਾ ਤੇ ਅਰਮਾਨ ਗੁਪਤਾ ਨੇ ਭਾਰਤ ਵਿਚ ਆਕਸੀਜਨ ਤੇ ਵੈਂਟੀਲੇਟਰ ਭੇਜਣ ਲਈ 2,80,000 ਡਾਲਰ ਜੁਟਾਏ ਹਨ।

ਉਨ੍ਹਾਂ ਨੇ ਇਹ ਫੰਡ ਆਪਣੇ ਸਕੂਲ ਵਿਚਲੇ ਦੋਸਤਾਂ-ਮਿੱਤਰਾਂ ਤੇ ਪਰਿਵਾਰਾਂ ਤੋਂ ਇਕੱਠਾ ਕੀਤਾ ਹੈ। ਉਨ੍ਹਾਂ ਕਿਹਾ ਹੈ ਕਿ ਉਹ ਵੈਕਸੀਨ ਸਪਲਾਈ ਵਿਚ ਮਦਦ ਕਰਨ ਲਈ ਵੀ ਕੰਮ ਕਰ ਰਹੇ ਹਨ। ਚੈਰੀ ਹਿੱਲ, ਨਿਊ ਜਰਸੀ ਵਾਸੀ ਭੈਣ-




ਭਰਾ 'ਲਿਟਲ ਮੈਨਟਰਜ' ਦੇ ਸੰਸਥਾਪਕ ਹਨ ਜੋ ਇਕ ਗੈਰ-ਮੁਨਾਫਾ ਸੰਸਥਾ ਹੈ ਜਿਸ ਨੂੰ ਬੱਚਿਆਂ ਦੁਆਰਾ ਹੀ ਚਲਾਇਆ ਜਾਂਦਾ ਹੈ। ਇਹ ਸਮਾਜ ਸੇਵੀ ਸੰਸਥਾ ਸਥਾਨਕ ਤੇ ਕੌਮਾਂਤਰੀ ਪੱਧਰ 'ਤੇ ਬੱਚਿਆਂ ਨੂੰ ਸਿੱਖਿਅਤ ਕਰਨ ਲਈ ਕੰਮ ਕਰਦੀ ਹੈ। ਇਹ ਸੰਸਥਾ ਭਾਰਤ ਤੋਂ ਇਲਾਵਾ ਕੋਸਟਾ ਰੀਕਾ, ਬ੍ਰਾਜ਼ੀਲ ਤੇ ਫਿਲਾਡੈਲਫੀਆ ਵਿਚ ਵਿਦਿਆਰਥੀਆਂ ਨਾਲ ਸੰਪਰਕ ਵਿਚ ਹੈ। ਉਨ੍ਹਾਂ ਨੇ ਕਿਹਾ ਹੈ ਕਿ 'ਅਸੀਂ ਆਸ ਤੇ ਪ੍ਰਾਰਥਨਾ ਕਰਦੇ ਹਾਂ ਕਿ ਕੋਰੋਨਾਵਾਇਰਸ ਦੀ ਦੂਸਰੀ ਲਹਿਰ ਛੇਤੀ ਖਤਮ ਹੋਵੇ ਤੇ ਸਾਡੀ ਲੋਕਾਂ ਨੂੰ ਅਪੀਲ ਹੈ ਕਿ ਉਹ ਇਸ ਸੰਕਟ ਦੀ ਘੜੀ ਵਿਚ ਇਕ ਦੂਸਰੇ ਦੀ ਮਦਦ ਕਰਨ।

# ਬਾਇਡਨ ਨੇ 'ਹੀਰੋਜ ਗਾਰਡਨ' ਬਣਾਉਣ ਸਮੇਤ ਸਾਬਕਾ ਰਾਸ਼ਟਰਪਤੀ ਟਰੰਪ ਵੱਲੋਂ ਕਈ ਮੁੱਦਿਆਂ 'ਤੇ ਜਾਰੀ ਆਦੇਸ਼ ਕੀਤੇ ਰੱਦ

**ਸੈਕਰਾਮੈਂਟੋ 15 ਮਈ–** ਰਾਸ਼ਟਰਪਤੀ ਜੋਅ ਬਾਇਡਨ ਨੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਨੈਸ਼ਨਲ ਗਾਰਡਨ ਆਫ ਅਮੈਰੀਕਨ ਹੀਰੋਜ਼ ਬਣਾਉਣ ਸਮੇਤ ਹੋਰ ਕਈ ਮੁੱਦਿਆਂ 'ਤੇ ਜਾਰੀ ਕੀਤੇ ਸਰਕਾਰੀ ਆਦੇਸ਼ ਰੱਦ ਕਰ ਦਿੱਤੇ ਹਨ। ਸਾਬਕਾ ਰਾਸ਼ਟਰਪਤੀ ਟਰੰਪ ਦਾ ਨੈਸ਼ਨਲ ਗਾਰਡਨ ਆਫ ਅਮੈਰੀਕਨ ਹੀਰੋਜ਼ ਇਕ ਵਿਸ਼ੇਸ਼ ਪ੍ਰਾਜੈਕਟ ਸੀ ਜਿਸ ਵਿਚ ਅਮਰੀਕਾ ਦੇ ਗੌਰਵ ਨੂੰ ਵਿਖਾਇਆ ਜਾਣਾ ਸੀ ਤੇ ਦੱਸਿਆ ਜਾਣਾ ਸੀ ਕਿ ਸਾਡਾ ਦੇਸ਼ ਹੋਰਨਾਂ ਨਾਲੋਂ ਕਿਸ ਤਰਾਂ ਬਿਹਤਰ ਹੈ। ਟਰੰਪ ਨੇ ਕਿਹਾ ਸੀ ਇਹ ਗਾਰਡਨ ਸਾਡੇ ਹੀਰੋਆਂ, ਸਾਡੀਆਂ ਕਦਰਾਂ ਕੀਮਤਾਂ ਤੇ ਸਮੁੱਚੇ ਜੀਵਨ ਦੇ ਢੰਗ-ਤਰੀਕੇ ਨੂੰ ਮਿਟਾਉਣ ਦੀਆਂ ਹੋ ਰਹੀਆਂ ਕੋਸ਼ਿਸ਼ਾਂ ਦਾ ਜਵਾਬ ਹੋਵੇਗਾ। ਟਰੰਪ ਨੇ 2020 ਵਿਚ 'ਮਾਊਂਟ ਰਸ਼ਮੋਰੋ ਅੱਗੇ ਇਹ ਗਾਰਡਨ ਬਣਾਉਣ ਦਾ ਐਲਾਨ ਕਰਦਿਆਂ ਕਿਹਾ ਸੀ ਕਿ ਉਹ ਆਸ ਕਰਦੇ ਹਨ ਕਿ ਇਹ ਗਾਰਡਨ ਆਜ਼ਾਦੀ ਦੀ 250 ਵੀ ਵਰੇ ਗੰਢ ਮੌਕੇ 4 ਜੁਲਾਈ 2026 ਨੂੰ ਆਮ ਜਨਤਾ ਲਈ ਖੋਲ ਦਿੱਤਾ ਜਾਵੇਗਾ। ਬਾਇਡਨ ਨੇ ਸਾਬਕਾ ਰਾਸ਼ਟਰਪਤੀ ਵੱਲੋਂ ਜਾਰੀ ਉਹ ਆਦੇਸ਼ ਵੀ ਰੱਦ ਕਰ ਦਿੱਤਾ ਜਿਸ ਅਨੁਸਾਰ ਕਾਨੂੰਨੀ ਪਰਵਾਸੀਆਂ ਲਈ ਸਿਹਤ ਬੀਮਾ ਜਰੂਰੀ ਕਰ ਦਿੱਤਾ ਗਿਆ ਸੀ। ਬਾਇਡਨ ਨੇ ਕਿਹਾ ਹੈ ਕਿ ਉਨ੍ਹਾਂ ਪਰਵਾਸੀਆਂ ਜੋ ਵਿੱਤੀ ਸਾਧਨਾਂ ਦੀ ਘਾਟ ਕਾਰਨ ਸਿਹਤ ਬੀਮਾ ਨਹੀਂ ਖਰੀਦ ਸਕਦੇ, ਨੂੰ ਰੋਕਣਾ ਅਮਰੀਕਾ ਲਈ ਫਾਇਦੇਮੰਦ ਨਹੀਂ ਹੈ। ਰਾਸ਼ਟਰਪਤੀ ਨੇ ਹੋਰ ਜਿਹੜੇ ਟਰੰਪ ਵੱਲੋਂ ਜਾਰੀ ਆਦੇਸ਼ ਰੱਦ ਕੀਤੇ ਹਨ ਉਨ੍ਹਾਂ ਵਿਚ ਇਤਿਹਾਸਕ ਯਾਦਗਾਰਾਂ ਦੀ ਮਾਣਹਾਨੀ ਲਈ ਸਖ਼ਤ ਸਜਾਵਾਂ ਦੀ ਵਿਵਸਥਾ ਕਰਨਾ, ਸੋਸ਼ਲ ਮੀਡੀਆ ਕੰਪਨੀਆਂ ਵਿਰੁੱਧ ਕਾਨੂੰਨੀ ਕਾਰਵਾਈ ਨੂੰ ਆਸਾਨ ਬਣਾਉਣਾ, ਅਮਰੀਕੀ ਵਿਦੇਸ਼ ਸਹਾਇਤਾ ਉਪਰ ਲੋਗੋ ਸਮੇਤ ਟਰੇਡ ਮਾਰਕ ਲਾਉਣ ਜਿਸ ਤੋਂ ਪਤਾ ਲੱਗੇ ਕਿ ਇਹ ਅਮਰੀਕੀ ਟੈਕਸਦਾਤਾ ਦੁਆਰਾ ਦਿੱਤੀ ਗਈ ਹੈ ਤੇ ਸੰਘੀ ਕਾਨੂੰਨਾਂ ਦੀ ਉਲੰਘਣਾ ਦੇ ਮਾਮਲੇ ਵਿੱਚ ਅਪਰਾਧਕ ਜਵਾਬਦੇਹੀ ਨੂੰ ਘਟਾਉਣਾ ਸ਼ਾਮਿਲ ਹਨ।

# ਵਾਲਮਾਰਟ ਤੇ ਸੈਮ ਕਲੱਬ ਨੇ ਆਪਣੇ ਮੁਲਾਜ਼ਮਾਂ ਤੇ ਗਾਹਕਾਂ ਲਈ ਮਾਸਕ ਪਹਿਨਣ ਦੀ ਲੋੜ ਖਤਮ ਕੀਤੀ

**ਸੈਕਰਾਮੈਂਟੋ 14 ਮਈ–** ਵਾਲਮਾਰਟ ਤੇ ਸੈਮੋਜ ਕਲੱਬ ਨੇ ਐਲਾਨ ਕੀਤਾ ਹੈ ਕਿ ਹੁਣ ਉਨ੍ਹਾਂ ਦੇ ਸਟੋਰਾਂ ਵਿਚ ਕੋਵਿਡ-19 ਟੀਕਾਕਰਣ ਕਰਵਾ ਚੁੱਕੇ ਗਾਹਕਾਂ ਤੇ ਮੁਲਾਜ਼ਮਾਂ ਨੂੰ ਮਾਸਕ ਪਹਿਨਣ ਦੀ ਲੋੜ ਨਹੀਂ ਹੈ।

ਇਹ ਫੈਸਲਾ ਸੈਂਟਰ ਫਾਰ ਡਸੀਜ਼ ਕੰਟਰੋਲ ਤੇ ਪ੍ਰੀਵੈਨਸ਼ਨ (ਸੀ ਡੀ ਸੀ) ਵੱਲੋਂ ਜਾਰੀ ਨਵੇਂ ਦਿਸ਼ਾ ਨਿਰਦੇਸ਼ਾਂ ਦੇ ਮੱਦੇ ਨਜ਼ਰ ਲਿਆ ਗਿਆ ਹੈ ਜਿਨ੍ਹਾਂ ਵਿਚ ਕਿਹਾ ਗਿਆ ਹੈ ਕਿ ਪੂਰੀ ਤਰਾਂ ਟੀਕਾਕਰਣ ਕਰਵਾ ਚੁੱਕੇ ਅਮਰੀਕੀਆਂ ਲਈ ਚਾਰਦੀਵਾਰੀ ਅੰਦਰ ਜਾਂ ਖੁੱਲ੍ਹੀਆਂ ਥਾਂਵਾਂ ਉਪਰ ਮਾਸਕ ਪਹਿਨਣ ਦੀ ਲੋੜ ਨਹੀਂ ਹੈ। ਯੂ.ਐਸ ਵਾਲਮਾਰਟ ਤੇ ਸੈਮੋਜ ਕਲੱਬ ਦੇ ਵਰਕਰਾਂ ਤੇ ਮੁਲਾਜ਼ਮਾਂ ਨੂੰ ਭੇਜੇ ਸੁਨੇਹੇ ਵਿਚ ਕਿਹਾ ਗਿਆ ਹੈ ਕਿ ਮੁਕੰਮਲ ਟੀਕਾਕਰਣ ਕਰਵਾ ਚੁੱਕੇ ਮੁਲਾਜ਼ਮ ਮੰਗਲਵਾਰ ਤੋਂ ਮਾਸਕ ਮੁਕਤ ਹੋ ਕੇ ਕੰਮ ਕਰ ਸਕਦੇ ਹਨ।


-----

# ਟੀਕੇ ਲਵਾ ਚੁੱਕੇ ਅਮਰੀਕੀ ਖੁੱਲ ਕੇ ਵਿਚਰ ਸਕਦੇ ਹਨ, ਮਾਸਕ ਪਾਉਣ ਦੀ ਲੋੜ ਨਹੀਂ !

**ਸੈਕਰਾਮੈਂਟੋ 14 ਮਈ–** ਸੈਂਟਰ ਫਾਰ ਡਸੀਜ਼ ਕੰਟਰੋਲ ਐਂਡ ਪ੍ਰੀਵੈਨਸ਼ਨ (ਸੀ ਡੀ ਸੀ) ਨੇ ਮਾਸਕ ਸਬੰਧੀ ਨਵੀਆਂ ਜਾਰੀ ਹਦਾਇਤਾਂ ਵਿਚ ਕਿਹਾ ਹੈ ਕਿ ਜਿਨ੍ਹਾਂ ਅਮਰੀਕੀਆਂ ਦਾ ਮੁਕੰਮਲ ਕੋਵਿਡ ਟੀਕਾਕਰਣ ਹੋ ਚੁੱਕਾ ਹੈ, ਉਨ੍ਹਾਂ ਨੂੰ ਚਾਰਦੀਵਾਰੀ ਤੇ ਬਾਹਰ ਮਾਸਕ ਪਾਉਣ ਦੀ ਲੋੜ ਨਹੀਂ ਹੈ। ਨਵੀਆਂ ਹਦਾਇਤਾਂ ਵਿਚ ਕਿਹਾ ਹੈ ਕਿ ਇਨ੍ਹਾਂ ਅਮਰੀਕੀਆਂ ਨੂੰ ਬਾਹਰ ਖੁੱਲੀਆਂ ਥਾਂਵਾਂ ਤੇ ਭੀੜ ਭੜਕੇ ਵਾਲੀ ਜਗਾ 'ਤੇ ਵੀ ਮਾਸਕ ਪਹਿਨਣ ਦੀ ਜਰੂਰਤ ਨਹੀਂ ਹੈ। ਸੀ ਡੀ ਸੀ ਦੇ ਡਾਇਰੈਕਟਰ ਡਾ ਰੋਚੈਲ ਵੈਲੈਂਸਕੀ ਨੇ ਵਾਈਟ ਹਾਊਸ ਵਿਚ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ 'ਕੋਈ ਵੀ ਵਿਅਕਤੀ ਜੋ ਮੁਕੰਮਲ ਟੀਕਾਕਰਣ ਕਰਵਾ ਚੁੱਕਾ ਹੈ, ਉਹ ਇਨਡੋਰ ਤੇ ਆਊਟਡੋਰ ਸਰਗਰਮੀਆਂ ਚਾਹੇ ਉਹ ਵੱਡੇ ਇਕੱਠ ਹੋਣ ਜਾਂ ਛੋਟੇ, ਵਿਚ ਮਾਸਕ ਤੇ ਸਮਾਜਿਕ ਦੂਰੀ ਤੋਂ ਬਿਨਾਂ ਹਿੱਸਾ ਲੈ ਸਕਦਾ ਹੈ। ਪੂਰੀ ਤਰਾਂ ਟੀਕਾਕਰਣ ਵਾਲੇ ਲੋਕ ਉਹ ਸਭ ਕੁਝ ਕਰ ਸਕਦੇ ਹਨ ਜੋ ਉਹ ਮਹਾਂਮਾਰੀ ਤੋਂ ਪਹਿਲਾਂ ਕਰਦੇ ਸਨੌ ਸਿਹਤ ਮਾਹਿਰਾਂ ਨੇ ਕਿਹਾ ਹੈ ਕਿ ਸੀ ਡੀ ਸੀ ਦੀਆਂ ਨਵੀਆਂ ਹਦਾਇਤਾਂ ਹੋਰ ਲੋਕਾਂ ਨੂੰ ਟੀਕਾਕਰਣ ਕਰਵਾਉਣ ਲਈ ਉਤਸ਼ਾਹਿਤ ਕਰਨਗੀਆਂ ਪਰੰਤੂ ਇਸ ਦੇ ਨਾਲ ਹੀ ਮਾਸਕ ਸਭਿਆਚਾਰ ਬਾਰੇ ਭਰਮ ਭੁਲੇਖੇ ਵੀ ਖੜੇ ਹੋ ਸਕਦੇ ਹਨ।

# ਮਿਆਂਮਾਰ ਦੇ 15 ਹਜ਼ਾਰ ਤੋਂ ਵੱਧ ਲੋਕ ਭਾਰਤੀ ਸਰਹੱਦ 'ਚ ਦਾਖ਼ਲ

ਨਵੀਂ ਦਿੱਲੀ- ਭਾਰਤ ਸਰਕਾਰ ਦੇ ਅਧਿਕਾਰੀਆਂ ਅਨੁਸਾਰ ਮਿਆਂਮਾਰ 'ਚ ਲੋਕਤੰਤਰੀ ਸਰਕਾਰ ਨੂੰ ਹਟਾ ਕੇ ਫ਼ੌਜ ਦੇ ਤਖ਼ਤਾ ਪਲਟ ਕਰਨ ਤੋਂ ਬਾਅਦ ਭਾਰਤ 'ਚ ਸ਼ਰਨ ਲੈਣ ਲਈ ਕਰੀਬ 15 ਹਜ਼ਾਰ ਤੋਂ ਜ਼ਿਆਦਾ ਲੋਕ ਭਾਰਤੀ ਸਰਹੱਦ 'ਚ ਦਾਖ਼ਲ ਹੋ ਚੁੱਕੇ ਹਨ। ਮਿਜ਼ੋਰਮ ਦੇ ਸੂਬਾਈ ਯੋਜਨਾ ਬੋਰਡ ਦੇ ਉਪ ਪ੍ਰਧਾਨ ਐੱਚ. ਰਮਾਵੀ ਨੇ ਮੰਗਲਵਾਰ ਨੂੰ ਦੱਸਿਆ ਕਿ ਅਪ੍ਰੈਲ ਤਕ ਕੁਝ ਸੰਸਦ ਮੈਂਬਰਾਂ ਸਮੇਤ ਮਿਆਂਮਾਰ ਤੋਂ ਕਰੀਬ 1800 ਲੋਕ ਭਾਰਤੀ ਹੱਦਾਂ 'ਚ ਦਾਖ਼ਲ ਹੋ ਗਏ ਸਨ ਪਰ ਉਥੇ ਹਿੰਸਾ ਜਾਰੀ ਹੋਣ ਕਾਰਨ ਹਾਲ ਦੇ ਦਿਨਾਂ 'ਚ 15,400 ਤੋਂ ਜ਼ਿਆਦਾ ਲੋਕ ਭਾਰਤੀ ਸਰਹੱਦ 'ਚ ਘੁਸਪੈਠ ਕਰ ਗਏ ਹਨ। ਉਨ੍ਹਾਂ ਨੇ ਦੱਸਿਆ ਕਿ ਇਹ ਤਦਾਦ ਦਿਨੋਂ-ਦਿਨ ਵਧਦੀ ਜਾ ਰਹੀ ਹੈ। ਮਿਆਂਮਾਰ ਤੋਂ ਬਹੁਤ ਸਾਰੇ ਲੋਕ ਆਪਣੇ ਰਿਸ਼ਤੇਦਾਰਾਂ ਦੇ ਘਰਾਂ 'ਚ ਚਲੇ ਗਏ ਹਨ। ਇਸ ਲਈ ਉਨ੍ਹਾਂ ਦੇ ਨੰਬਰ ਟ੍ਰੈਕ ਕਰਨ 'ਚ ਵੀ ਦਿੱਕਤ ਹੋ ਰਹੀ ਹੈ। ਧਿਆਨ ਰਹੇ ਕਿ ਮਿਜ਼ੋਰਮ ਤੇ ਮਿਆਂਮਾਰ ਦੇ ਕੁਝ ਹਿੱਸਿਆਂ 'ਚ ਰਹਿਣ ਵਾਲੇ ਫਿਰਕਿਆਂ 'ਚ ਆਪਸੀ ਰਿਸ਼ਤੇ ਬਹੁਤ ਅਰਸੇ ਤੋਂ ਹਨ।




ਆਪ ਸਭ ਨੂੰ ਇਹ ਜਾਣ ਕੇ ਬੜੀ ਖੁਸ਼ੀ ਹੋਵੇਗੀ ਕਿ ਸਾਹਿਤਕ ਕਲਸ਼ ਪਬਲੀਕੇਸ਼ਨ ਵੱਲੋਂ ਪ੍ਰਕਾਸ਼ਿਤ ਕਾਵਿ ਸੰਕਲਨ "ਪੁੰਗਰਦੀਆਂ ਕਲੀਆਂ" ਪਾਠਕਾਂ ਦੀ ਕਚਹਿਰੀ ਵਿੱਚ ਹਾਜ਼ਰ ਹੈ ਜੀ ਆਪ ਸਭ ਆਸ਼ੀਰਵਾਦ ਦਿਉ ਜੀ ਇਸ ਕਾਵਿ ਸੰਗ੍ਰਹਿ ਦੇ ਮੁੱਖ ਸੰਪਾਦਕ "ਸਾਗਰ ਸੂਦ ਜੀ" ਅਤੇ ਸੰਪਾਦਕ "ਤਰਵਿੰਦਰ ਕੌਰ ਝੰਡੋਕ ਜੀ" ਤੇ "ਗਗਨਦੀਪ ਕੌਰ ਧਾਲੀਵਾਲ ਜੀ" ਹਨ, 34 ਦੇ ਕਰੀਬ ਲੇਖਕ ਕਾਵਿ ਸੰਗ੍ਰਹਿ ਵਿੱਚ ਸ਼ਾਮਿਲ ਨੇ, ਸਭ ਦੀਆ ਲਿਖਤਾਂ ਬਾਕਮਾਲ ਨੇ ਜੀ।

ਆਸ ਕਰਦੇ ਹਾਂ ਕਿ ਪਹਿਲੀਆਂ ਕਿਤਾਬਾਂ ਦੀ ਤਰਾਂ ਇਸ ਕਿਤਾਬ ਨੂੰ ਤੁਸੀਂ ਭਰਵਾਂ ਹੁੰਗਾਰਾ ਦਿਓਗੇ ਜੀ।

**– ਤਰਵਿੰਦਰ ਕੌਰ ਝੰਡੋਕ 91-9814450239**

Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call :
Dharminder Singh
Cell : 530-870-6600
Fax : (530) 870-1429
532, Houston St.
West Sacramento, CA 95691




Email: myfuturetruck@gmail.com

'ਦੇਸ਼ ਦੁਆਬਾ'
ਹਰ ਹਫਤੇ ਛਪਣ ਵਾਲਾ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ
ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
E-mail : deshdoaba@yahoo.com
(ਸੰਪਰਕ) 1-916-947-8920, (ਫੈਕਸ) 1-916-238-1393
www.deshdoaba.com www.ambedkartimes.com

## ਫਰਿਜ਼ਨੋ (ਕੈਲੀਫੋਰਨੀਆਂ) ਖ਼ਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ


ਗੁਰਿੰਦਰਜੀਤ ਨੀਟਾ ਮਾਛੀਕੇ


ਕੁਲਵੰਤ ਧਾਲੀਆਂ

# ਅਲਾਬਮਾ 'ਚ ਸਰਚ ਵਾਰੰਟ 'ਤੇ ਕਾਰਵਾਈ ਕਰਨ ਗਏ ਪੁਲਿਸ ਅਧਿਕਾਰੀਆਂ ਨੂੰ ਮਾਰੀ ਗੋਲੀ

**ਫਰਿਜ਼ਨੋ (ਕੈਲੀਫੋਰਨੀਆ), 17 ਮਈ 2021–** ਅਲਾਬਮਾ ਵਿੱਚ ਇੱਕ ਸਰਚ ਵਾਰੰਟ 'ਤੇ ਕਾਰਵਾਈ ਕਰਨ ਗਏ ਪੁਲਿਸ ਅਧਿਕਾਰੀਆਂ ਉੱਪਰ ਗੋਲੀਬਾਰੀ ਕਰਕੇ ਉਹਨਾਂ ਨੂੰ ਜ਼ਖਮੀ ਕੀਤਾ ਗਿਆ ਹੈ। ਇਸ ਘਟਨਾ ਦੀ ਜਾਣਕਾਰੀ ਦਿੰਦਿਆਂ ਜਾਂਚ ਅਧਿਕਾਰੀ ਨੇ ਦੱਸਿਆ ਕਿ ਬਰਮਿੰਘਮ (ਅਲਾਬਮਾ) ਵਿੱਚ ਇਸ ਗੋਲੀਬਾਰੀ ਦੌਰਾਨ ਚਾਰ ਅਧਿਕਾਰੀ ਜ਼ਖਮੀ ਹੋ ਗਏ ਜਦਕਿ ਜਵਾਬੀ ਕਾਰਵਾਈ ਵਿੱਚ ਹਮਲਾਵਰ ਦੀ ਵੀ ਮੌਤ ਹੋ ਗਈ। ਬਰਮਿੰਘਮ ਪੁਲਿਸ ਵਿਭਾਗ ਦੇ ਅਨੁਸਾਰ ਇਹ ਘਟਨਾ 18 ਵੀਂ ਸਟ੍ਰੀਟ ਐਸ ਦੇ 1000 ਬਲਾਕ ਵਿਖੇ ਵਾਪਰੀ ਹੈ, ਜਿਥੇ ਅਧਿਕਾਰੀ ਉਸੇ ਦਿਨ ਪਹਿਲਾਂ ਹੋਈ ਕਿਸੇ ਹੋਰ ਗੋਲੀਬਾਰੀ ਦੀ




ਜਾਂਚ ਕਰ ਰਹੇ ਸਨ। ਇਸ ਦੌਰਾਨ ਅਧਿਕਾਰੀ ਇੱਕ ਇਮਾਰਤ 'ਚ ਸਰਚ ਵਾਰੰਟ ਦੀ ਕਾਰਵਾਈ ਕਰਨ ਜਾ ਰਹੇ ਸਨ ਜਦੋਂ ਇੱਕ ਵਿਅਕਤੀ ਨੇ ਫਾਇਰਿੰਗ ਸ਼ੁਰੂ ਕਰ ਦਿੱਤੀ। ਪੁਲਿਸ ਅਫਸਰ ਮੌਲਦੀਨ ਨੇ ਦੱਸਿਆ ਕਿ ਅਧਿਕਾਰੀਆਂ ਨੇ ਜਵਾਬੀ ਕਾਰਵਾਈ ਕਰਦਿਆਂ ਇਸ ਅਣਪਛਾਤੇ ਹਮਲਾਵਰ ਨੂੰ ਮਾਰ ਦਿੱਤਾ। ਅਧਿਕਾਰੀਆਂ ਅਨੁਸਾਰ ਇਸ ਘਟਨਾ ਦੀ ਜਾਂਚ ਜਾਰੀ ਹੈ ਅਤੇ ਇਸ ਨੂੰ ਅਲਾਬਮਾ ਬਿਊਰੋ ਆਫ਼ ਇਨਵੈਸਟੀ–ਗੇਸ਼ਨ ਨੂੰ ਸੌਂਪਿਆ ਜਾਵੇਗਾ। ਜਿਕਰ ਯੋਗ ਹੈ ਕਿ ਇਹ ਅਧਿਕਾਰੀ ਉਸੇ ਦਿਨ ਸਵੇਰੇ ਛੇ ਵਜੇ ਵਾਪਰੀ ਇੱਕ ਗੋਲੀਬਾਰੀ ਦੀ ਘਟਨਾ, ਜਿਸ ਵਿੱਚ ਇੱਕ ਆਦਮੀ ਅਤੇ ਔਰਤ ਦੀ ਮੌਤ ਹੋ ਗਈ ਸੀ ਦੇ ਸੰਬੰਧ ਵਿੱਚ ਕਾਰਵਾਈ ਕਰ ਰਹੇ ਸਨ।

# ਐਰੀਜ਼ੋਨਾ ਵਿੱਚ ਨਿਰਦਈ ਔਰਤ ਨੇ ਮੀਟ ਕੱਟਣ ਵਾਲੇ ਔਜ਼ਾਰ ਨਾਲ ਕੀਤੀ ਆਪਣੇ 2 ਬੱਚਿਆਂ ਦੀ ਹੱਤਿਆ

**ਫਰਿਜ਼ਨੋ (ਕੈਲੀਫੋਰਨੀਆ), 17 ਮਈ 2021–** ਅਮਰੀਕਾ ਦੇ ਐਰੀਜੋਨਾ ਵਿੱਚ ਇੱਕ ਜਪਾਨੀ ਮੂਲ ਦੀ ਮਹਿਲਾ ਨੇ ਮੀਟ ਕੱਟਣ ਵਾਲੇ ਔਜ਼ਾਰ ਦੀ ਵਰਤੋਂ ਕਰਕੇ ਆਪਣੇ ਹੀ ਦੋ ਬੱਚਿਆਂ ਦੀ ਜਾਨ ਲੈ ਲਈ ਹੈ। ਪੁਲਿਸ ਨੇ ਦੱਸਿਆ ਕਿ ਇਹ ਦਿਲ ਕੰਬਾਊ ਘਟਨਾ ਸ਼ਨੀਵਾਰ ਨੂੰ ਫੀਨਿਕਸ ਦੇ ਇੱਕ ਅਪਾਰਟਮੈਂਟ ਵਿੱਚ ਵਾਪਰੀ ਹੈ। ਇਸ ਮਾਮਲੇ ਵਿੱਚ ਟੇਂਪੇ ਪੁਲਿਸ ਅਨੁਸਾਰ 40 ਸਾਲਾਂ ਦੀ ਮਹਿਲਾ ਯੂਈ ਇਨੋਈ ਨੂੰ ਪਹਿਲੀ ਡਿਗਰੀ ਦੇ ਕਤਲ ਦੇ ਦੋ ਮਾਮਲਿਆਂ ਦੇ ਸ਼ੱਕ ਵਿੱਚ ਜੇਲ੍ਹ 'ਚ ਬੰਦ ਰੱਖਿਆ ਗਿਆ ਹੈ ਅਤੇ ਮਹਿਲਾ ਦੁਆਰਾ ਜਪਾਨੀ ਭਾਸ਼ਾ ਦੀ ਵਰਤੋਂ ਕੀਤੀ ਜਾਣ ਕਰਕੇ, ਉਸਦੀ ਇੰਟਰਵਿਊ ਲਈ ਭਾਸ਼ਾ ਟ੍ਰਾਂਸਲੇਟਰ ਦਾ ਪ੍ਰਬੰਧ ਕੀਤਾ ਗਿਆ। ਇਨੋਈ ਨੇ ਸ਼ਨੀਵਾਰ ਸਵੇਰੇ 7 ਵਜੇ ਇੱਕ ਥਾਣੇ ਵਿੱਚ ਆ ਕੇ ਅਧਿਕਾਰੀਆਂ






ਨੂੰ ਦੱਸਿਆ ਕਿ ਉਸ ਨੂੰ ਕੋਈ ਆਵਾਜ਼ ਸੁਣ ਰਹੀ ਸੀ ਜੋ ਉਸਨੂੰ ਬੱਚਿਆਂ ਨੂੰ ਮਾਰਨ ਲਈ ਕਹਿੰਦੀ ਸੀ। ਇਸ ਉਪਰੰਤ ਪੁਲਿਸ ਦੁਆਰਾ ਕਾਰਵਾਈ ਕਰਨ 'ਤੇ ਅਪਾਰਟ–ਮੈਂਟ ਵਿੱਚ ਇੱਕ 7 ਸਾਲਾ ਲੜਕਾ ਅਤੇ ਇੱਕ 9 ਸਾਲ ਦੀ ਲੜਕੀ ਨੂੰ ਮ੍ਰਿਤਕ ਪਾਇਆ। ਇਹ ਦੋਵੇਂ ਲਾਸ਼ਾਂ ਇੱਕ ਕੰਬਲ ਅਤੇ ਬਕਸੇ ਹੇਠਾਂ ਸਨ। ਬੱਚਿਆਂ ਦੇ ਸ਼ਰੀਰ ਤੇ ਕਾਫ਼ੀ ਜ਼ਖਮ ਸਨ। ਇਨੋਈ ਨੂੰ ਜਦੋਂ ਹਿਰਾਸਤ ਵਿੱਚ ਲਿਆ ਗਿਆ ਤਾਂ ਉਸਦੇ ਸਰੀਰ ਤੇ ਵੀ ਲਹੂ ਦੇ ਦਾਗ ਸਨ। ਪੁਲਿਸ ਨੂੰ ਅਪਾਰਟਮੈਂਟ ਵਿੱਚ, ਇੱਕ ਬੈਗ ਦੇ ਅੰਦਰ 6 ਇੰਚ (15 ਸੈਂਟੀਮੀਟਰ) ਬਲੇਡ ਵਾਲਾ ਮੀਟ ਕਲੀਵਰ ਵੀ ਮਿਲਿਆ ਹੈ।

ਇਨੋਈ ਨੇ ਦੱਸਿਆ ਕਿ ਜਦੋਂ ਉਹ ਸ਼ਨੀਵਾਰ ਸਵੇਰੇ ਸਾਢੇ ਚਾਰ ਵਜੇ ਉੱਠੀ ਤਾਂ ਉਸ ਦੇ ਹੱਥਾਂ ਅਤੇ ਬਾਂਹਾਂ 'ਤੇ ਖ਼ੂਨ ਲੱਗਾ ਹੋਇਆ ਸੀ ਅਤੇ ਦੋਵੇਂ ਬੱਚੇ ਬੈਡਰੂਮ ਦੇ ਦਰਵਾਜ਼ੇ ਦੇ ਨੇੜੇ ਮ੍ਰਿਤਕ ਹਾਲਤ ਵਿੱਚ ਸਨ ਜਦਕਿ ਇਨੋਈ ਨੂੰ ਵਿਸ਼ਵਾਸ ਨਹੀਂ ਸੀ ਕਿ ਉਸਨੇ ਬੱਚਿਆਂ ਨੂੰ ਮਾਰਿਆ ਹੈ। ਇਸ ਹੱਤਿਆ ਕਾਂਡ ਦੇ ਸੰਬੰਧ ਵਿੱਚ ਜਾਂਚ ਜਾਰੀ ਹੈ।

# ਕਲੋਵਿਸ ਵਿੱਚ ਬਿਜਲੀ ਦੇ ਖੰਭੇ ਨਾਲ ਟਕਰਾਈ ਕਾਰ, ਸੈਂਕੜੇ ਘਰਾਂ ਦੀ ਬਿਜਲੀ ਹੋਈ ਬੰਦ

**ਫਰਿਜ਼ਨੋ (ਕੈਲੀਫੋਰਨੀਆ), 17 ਮਈ 2021–** ਕੈਲੀਫੋਰਨੀਆ ਦੇ ਕਲੋਵਿਸ ਵਿੱਚ ਐਤਵਾਰ ਨੂੰ ਸਵੇਰੇ 11 ਵਜੇ ਦੇ ਕਰੀਬ ਬੁਲਾਰਡ ਅਤੇ ਡੀ ਵੁਲਫ ਦੇ ਰਸਤੇ ਵਿੱਚ ਇੱਕ ਕਾਰ ਦੁਰਘਟਨਾ ਗ੍ਰਸਤ ਹੋ ਕੇ ਬਿਜਲੀ ਦੇ ਖੰਭੇ ਵਿੱਚ ਜਾ ਵੱਜੀ। ਇਸ ਹਾਦਸੇ ਕਾਰਨ ਬਿਜਲੀ ਦੀਆਂ ਲਾਈਨਾਂ ਵਿੱਚ ਵਿਘਨ ਪੈਣ ਕਰਕੇ ਲਗਭਗ 4000 ਘਰਾਂ ਦੀ ਬਿਜਲੀ ਬੰਦ ਹੋ ਗਈ। ਇਸਦੇ ਇਲਾਵਾ ਇਸ ਹਾਦਸੇ ਕਾਰਨ ਸੜਕ ਤੇ ਅੱਗ ਵੀ ਲੱਗ ਗਈ। ਕਲੋਵਿਸ ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਇੱਕ ਔਰਤ ਡਰਾਈਵਰ ਬੁਲਾਰਡ ਤੋਂ ਡੀ ਵੁਲਫ 'ਤੇ ਦੱਖਣ ਵੱਲ ਜਾ ਰਹੀ ਸੀ, ਜੋ ਕਿ ਕਿਸੇ ਮੈਡੀਕਲ ਐਮਰਜੈਂਸੀ ਕਰਕੇ ਕਾਰ ਤੋਂ



ਆਪਣਾ ਕੰਟਰੋਲ ਗਵਾ ਬੈਠੀ ਅਤੇ ਬਿਜਲੀ ਦੇ ਖੰਭੇ ਨਾਲ ਟਕਰਾ ਗਈ। ਜਿਸ ਕਾਰਨ ਬਿਜਲੀ ਦੀਆਂ ਲਾਈਨਾਂ ਹੇਠਾਂ ਡਿੱਗ ਪਈਆਂ ਅਤੇ ਲਾਂਘੇ ਵਿੱਚ ਇੱਕ ਰਿਹਾਇਸ਼ੀ ਖੇਤ ਵਿੱਚ ਅੱਗ ਲੱਗ ਗਈ। ਇਸ ਹਾਦਸੇ ਬਾਰੇ ਬਿਜਲੀ ਕੰਪਨੀ ਪੀ ਜੀ ਐਂਡ ਈ ਦੇ ਅਧਿਕਾਰੀਆਂ ਨੇ ਬਿਜਲੀ ਦੇ ਖੰਭੇ ਨੂੰ ਸੁਰੱਖਿਅਤ ਕਰਨ ਦੇ ਨਾਲ ਲਾਈਨ ਨੂੰ ਚਾਲੂ ਕਰਨ ਲਈ ਕੰਮ ਕੀਤਾ ਅਤੇ ਪੀ ਜੀ ਐਂਡ ਈ ਦੀ ਵੈਬਸਾਈਟ ਦੇ ਅਨੁਸਾਰ, ਜ਼ਿਆਦਾਤਰ ਘਰਾਂ ਦੀ ਬਿਜਲੀ ਸੇਵਾ ਬਹਾਲ ਹੋ ਗਈ ਸੀ। ਇਸ ਹਾਦਸੇ ਦੇ ਹੋਣ ਤੋਂ ਬਾਅਦ ਕੈਲੀਫੋਰਨੀਆ ਹਾਈਵੇ ਪੈਟਰੋਲ, ਕਲੋਵਿਸ ਪੁਲਿਸ ਅਤੇ ਕਲੋਵਿਸ ਫਾਇਰ ਵਿਭਾਗ ਨੇ ਤੁਰੰਤ ਕਾਰਵਾਈ ਕਰਦਿਆਂ ਸਥਿਤੀ ਨੂੰ ਸੰਭਾਲਿਆ।

# ਹਿਊਸਟਨ ਵਿੱਚ ਤਕਰੀਬਨ ਹਫਤਾ ਪਹਿਲਾਂ ਲਾਪਤਾ ਹੋਇਆ ਟਾਈਗਰ ਮਿਲਿਆ ਸੁਰੱਖਿਅਤ

**ਫਰਿਜ਼ਨੋ (ਕੈਲੀਫੋਰਨੀਆ), 16 ਮਈ 2021–** ਟੈਕਸਾਸ ਦੇ ਹਿਊਸਟਨ ਵਿੱਚ ਤਕਰੀਬਨ ਇੱਕ ਹਫ਼ਤੇ ਤੋਂ ਗੁੰਮ ਹੋਇਆ ਇੱਕ ਬੰਗਾਲ ਟਾਈਗਰ ਸੁਰੱਖਿਅਤ ਮਿਲ ਗਿਆ ਹੈ। ਇਸ ਸੰਬੰਧੀ ਹਿਊਸਟਨ ਪੁਲਿਸ ਵਿਭਾਗ ਦੇ ਕਮਾਂਡਰ ਰੋਨ ਬੋਰਜ਼ਾ ਨੇ ਸ਼ਨੀਵਾਰ ਦੇਰ ਸ਼ਾਮ ਜਾਣਕਾਰੀ ਦਿੰਦਿਆਂ ਦੱਸਿਆ ਕਿ ਟਾਈਗਰ ਸਿਹਤ ਪੱਖੋਂ ਪੂਰੀ ਤਰ੍ਹਾਂ ਤੰਦਰੁਸਤ ਹੈ। ਲਗਭਗ 9 ਮਹੀਨਿਆਂ ਦੇ 175 ਪੌਂਡ ਭਾਰੇ ਇਸ ਟਾਈਗਰ ਦਾ ਨਾਮ ਇੰਡੀਆ ਹੈ, ਦੇ ਮਿਲਣ ਸੰਬੰਧੀ ਐਚ



ਪੀ ਡੀ ਦੁਆਰਾ ਇੱਕ ਵੀਡੀਓ ਪੋਸਟ ਕੀਤੀ ਗਈ ਹੈ, ਜਿਸ ਵਿੱਚ ਇਸ ਨੂੰ ਪੁਲਿਸ ਅਧਿਕਾਰੀ ਬੋਰਜ਼ਾ ਅਤੇ ਇੱਕ ਔਰਤ ਜਿਸਦੀ ਪਛਾਣ ਟਾਈਗਰ ਮਾਲਕ ਦੀ ਪਤਨੀ ਵਜੋਂ ਹੋਈ ਸੀ, ਦੇ ਨਾਲ ਵੇਖਿਆ ਗਿਆ ਹੈ। ਇਹ ਟਾਈਗਰ ਇੰਡੀਆ 9 ਮਈ ਨੂੰ ਬਾਹਰ ਖੁੱਲ੍ਹੇ ਵਿੱਚ ਘੁੰਮਦਾ ਵੇਖਿਆ ਗਿਆ ਸੀ, ਜਿਸ ਕਰਕੇ ਲੋਕਾਂ ਵਿੱਚ ਡਰ ਪੈਦਾ ਹੋ ਗਿਆ ਸੀ। ਬੋਰਜ਼ਾ ਨੇ ਦੱਸਿਆ ਕਿ ਇੰਡੀਆ ਦੇ ਮਾਲਕ ਦੀ ਪਤਨੀ, ਜਿਸ ਦੀ ਪਛਾਣ ਜੀਆ ਵਜੋਂ ਕੀਤੀ ਗਈ ਸੀ, ਨੇ ਇੱਕ ਆਦਮੀ ਨਾਲ ਮਿਲ ਕੇ ਇਸ ਜਾਨਵਰ ਨੂੰ ਅਧਿਕਾਰੀਆਂ ਦੇ ਹਵਾਲੇ ਕਰਨ ਲਈ ਕੋਸ਼ਿਸ਼ ਕੀਤੀ। ਇਸ ਟਾਈਗਰ ਨੂੰ ਰੱਖਣ ਦੇ ਮਾਮਲੇ ਵਿੱਚ ਪੁਲਿਸ ਨੇ ਇਸਦੇ 26 ਸਾਲਾ ਵਿਕਟਰ ਹਿਊਗੋ ਤੇ ਕੋਈ ਚਾਰਜ਼ ਨਹੀਂ ਲਗਾਏ ਹਨ ਅਤੇ ਉਹ ਹੈਰਾਨ ਹਨ ਕਿ ਇੰਡੀਆ, ਵਿਕਟਰ ਦੇ ਸੰਪਰਕ ਵਿੱਚ ਕਿਵੇਂ ਆਇਆ। ਪੁਲਿਸ ਦੇ ਅਨੁਸਾਰ ਇਸ ਤਰ੍ਹਾਂ ਦਾ ਖਤਰਨਾਕ ਜਾਨਵਰ ਕਿਸੇ ਦੇ ਘਰ ਵਿੱਚ ਨਹੀਂ ਹੋਣਾ ਚਾਹੀਦਾ, ਕਿਉਂਕਿ ਵੱਡੇ ਹੋਣ 'ਤੇ ਇਹ ਸਮਾਜ ਲਈ ਨੁਕਸਾਨ ਦਾਇਕ ਹੋ ਸਕਦੇ ਹਨ। ਐਤਵਾਰ ਨੂੰ, ਇੰਡੀਆ ਨੂੰ ਹਿਊਸਟਨ ਤੋਂ ਲਗਭਗ ਤਿੰਨ ਘੰਟੇ ਉੱਤਰ ਵਿੱਚ ਟੈਕਸਸ ਦੇ ਮੌਰਚਿਸਨ ਵਿੱਚ ਕਲੇਵਲੈਂਡ ਆਰਮਰੀ ਬਲੈਕ ਬਿਊਟੀ ਰੈਂਚ ਨੂੰ ਸੌਂਪਿਆ ਜਾਵੇਗਾ।

# ਵ੍ਹਾਈਟ ਹਾਊਸ ਵਿੱਚ 11 ਸਾਲ ਦੀ ਉਮਰ 'ਚ ਸਾਬਕਾ ਰਾਸ਼ਟਰਪਤੀ ਓਬਾਮਾ ਦੀ ਇੰਟਰਵਿਊ ਕਰਨ ਵਾਲੇ ਰਿਪੋਰਟਰ ਦੀ ਹੋਈ ਮੌਤ

**ਫਰਿਜ਼ਨੋ (ਕੈਲੀਫੋਰਨੀਆ), 16 ਮਈ 2021–** ਅਮਰੀਕਾ ਵਿੱਚ ਸਾਬਕਾ ਰਾਸ਼ਟਰਪਤੀ ਓਬਾਮਾ ਦੇ ਪ੍ਰਸ਼ਾਸਨ ਦੌਰਾਨ ,ਉਹਨਾਂ ਦੀ ਇੱਕ ਵਿਦਿਆਰਥੀ ਪੱਤਰਕਾਰ ਵਜੋਂ 11 ਸਾਲ ਦੀ ਉਮਰ ਵਿੱਚ ਇੰਟਰਵਿਊ ਕਰਨ ਵਾਲੇ ਬੱਚੇ ਦੀ ਮੌਤ ਹੋ ਗਈ ਹੈ, ਜਿਸਦੀ ਉਮਰ ਹੁਣ 23 ਸਾਲ ਦੀ ਸੀ। ਉਸ ਦੇ ਪਰਿਵਾਰ ਨੇ ਜਾਣਕਾਰੀ ਦਿੱਤੀ ਕਿ ਡੈਮਨ ਵੀਵਰ ਨੇ ਉਦੋਂ ਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਕੀਤੀ ਸੀ ਜਦੋਂ ਉਸਨੇ ਰਾਸ਼ਟਰਪਤੀ ਬਰਾਕ ਓਬਾਮਾ ਨਾਲ ਵ੍ਹਾਈਟ ਹਾਊਸ ਵਿੱਚ 2009 ਵਿੱਚ ਇੰਟਰਵਿਊ ਕੀਤੀ ਸੀ। ਪਰ ਇਹ ਦੁੱਖ ਦੀ ਗੱਲ ਹੈ ਕਿ ਕੁਦਰਤੀ ਕਾਰਨਾਂ ਕਰਕੇ ਉਸਦੀ ਮੌਤ ਹੋ ਗਈ ਹੈ।



ਡੈਮਨ ਵੀਵਰ (23) ਦੀ ਭੈਣ ਕੈਂਡਸ ਹਾਰਡੀ ਨੇ ਦੱਸਿਆ ਕਿ ਉਸਦੀ ਮੌਤ 1 ਮਈ ਨੂੰ ਹੋਈ, ਅਤੇ ਉਹ ਜਾਰਜੀਆ ਵਿੱਚ ਅਲਬਾਨੀ ਸਟੇਟ ਯੂਨੀਵਰਸਿਟੀ ਵਿੱਚ ਕਮਿਊਨੀਕੇਸ਼ਨਜ਼ ਦੀ ਪੜ੍ਹਾਈ ਕਰ ਰਿਹਾ ਸੀ। ਵੀਵਰ 11 ਸਾਲਾਂ ਦਾ ਸੀ ਜਦੋਂ ਉਸਨੇ 13 ਅਗਸਤ, 2009 ਨੂੰ ਡਿਪਲੋਮੈਟਿਕ ਰੂਮ ਵਿੱਚ 10 ਮਿੰਟ ਲਈ ਓਬਾਮਾ ਨਾਲ ਇੰਟਰਵਿਊ ਕੀਤੀ ਸੀ। ਉਸਨੇ ਓਬਾਮਾ ਤੋਂ ਉਹ ਪ੍ਰਸ਼ਨ ਪੁੱਛੇ ਜੋ ਮੁੱਖ ਤੌਰ ਤੇ ਸਿੱਖਿਆ 'ਤੇ ਕੇਂਦਰਿਤ ਸਨ। ਉਸਨੇ ਸਕੂਲ ਦੇ ਲੰਚ, ਧੱਕੇਸ਼ਾਹੀ, ਮਤਭੇਦ ਦੇ ਹੱਲ ਅਤੇ ਸਫਲਤਾ ਦੇ ਤਰੀਕੇ ਆਦਿ ਦੇ ਵਿਸ਼ੇ ਕਵਰ ਕੀਤੇ ਸਨ। ਉਸ ਇੰਟਰਵਿਊ ਦੇ ਬਾਅਦ ਉਸਨੇ ਓਪਰਾ ਵਿਨਫਰੇ ਅਤੇ ਡਵਾਇਨ ਵੇਡ ਵਰਗੇ ਐਥਲੀਟ ਦੀ ਵੀ ਇੰਟਰਵਿਊ ਕੀਤੀ। ਇੰਨੀ ਛੋਟੀ ਉਮਰ ਵਿੱਚ ਇਸ ਤਰ੍ਹਾਂ ਦੇ ਲਾਇਕ ਬੱਚੇ ਦਾ ਦੁਨੀਆਂ ਨੂੰ ਅਲਵਿਦਾ ਕਹਿ ਜਾਣਾ ਬਹੁਤ ਅਫਸੋਸ ਵਾਲੀ ਗੱਲ ਹੈ।

# ਅਮਰੀਕਾ ਵਿੱਚ ਇੱਕ ਟਰੱਕ ਵਿੱਚ ਲੁਕੇ 20 ਗੈਰ-ਕਾਨੂੰਨੀ ਪਰਵਾਸੀਆਂ ਨੂੰ ਕੀਤਾ ਗ੍ਰਿਫ਼ਤਾਰ

**ਫਰਿਜ਼ਨੋ (ਕੈਲੀਫੋਰਨੀਆ), 15 ਮਈ 2021–** ਅਮਰੀਕਾ ਦੇ ਬਾਰਡਰ ਪੈਟਰੋਲ ਏਜੰਟਾਂ ਨੇ ਦੋ ਛੋਟੇ ਬੱਚਿਆਂ ਸਮੇਤ 20 ਗੈਰ ਕਾਨੂੰਨੀ ਪਰਵਾਸੀਆਂ ਦੇ ਇੱਕ ਸਮੂਹ ਨੂੰ ਫੜਿਆ ਹੈ, ਜਿਨ੍ਹਾਂ ਨੂੰ ਟਰੱਕ ਦੇ ਬੈੱਡ ਵਿੱਚ ਅਤੇ ਛੋਟੇ ਕਾਰਗੋ ਟਰਾਲੇ ਵਿੱਚ ਲਿਜਾਇਆ ਜਾ ਰਿਹਾ ਸੀ। ਇਸ ਮਨੁੱਖੀ ਤਸਕਰੀ ਦੇ ਸੰਬੰਧ ਵਿੱਚ ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ ਅਨੁਸਾਰ ਸੀਅਰਾ ਬਲੈਂਕਾ, ਟੈਕਸਾਸ ਦੇ ਨੇੜੇ ਅੰਤਰਰਾਸ਼ਟਰੀ 10 'ਤੇ ਬਾਰਡਰ ਪੈਟਰੋਲਿੰਗ ਚੌਕੀ ਉੱਤੇ ਮੰਗਲਵਾਰ ਨੂੰ ਪੁਲਿਸ ਦੇ ਖੋਜੀ ਕੁੱਤੇ ਦੁਆਰਾ ਚਿਤਾਵਨੀ ਦਿੱਤੀ ਗਈ। ਸਰਹੱਦੀ ਏਜੰਟਾਂ ਦੁਆਰਾ ਕਾਰਵਾਈ ਕਰਨ ਦੌਰਾਨ ਟਰੱਕ ਦੇ ਬੈੱਡ ਵਿੱਚ ਗੈਰ ਕਾਨੂੰਨੀ ਪਰਵਾਸੀ ਲੁਕੇ ਹੋਏ ਪਾਏ ਗਏ ਜੋ ਕਿ ਪਲਾਸਟਿਕ ਦੇ ਢੱਕਣ ਨਾਲ ਬੰਦ ਸੀ। ਅਧਿਕਾਰੀਆਂ ਅਨੁਸਾਰ ਟ੍ਰੇਲਰ ਦੇ ਅੰਦਰ ਹਵਾ ਲਈ ਕੋਈ ਜਗ੍ਹਾ ਨਹੀਂ ਸੀ। ਬਿਗ ਬੇਂਡ ਸੈਕਟਰ ਦੇ ਚੀਫ਼



ਪੈਟਰੋਲ ਏਜੰਟ ਸੀਨ ਮੈਕਗੋਫਿਨ ਅਨੁਸਾਰ ਸੀਅਰਾ ਬਲੈਂਕਾ ਏਜੰਟਾਂ ਨੇ ਕਈ ਵਿਅਕਤੀਆਂ ਨੂੰ ਅਸੁਰੱਖਿਅਤ ਹਾਲਤਾਂ ਤੋਂ ਬਚਾਇਆ ਅਤੇ ਮੈਡੀਕਲ ਸੇਵਾਵਾਂ ਵੀ ਪ੍ਰਦਾਨ ਕੀਤੀਆਂ ਗਈਆਂ ਤੁਰੰਤ ਲਾਗੂ ਕਰ ਦਿੱਤੀਆਂ, ਜਿਨ੍ਹਾਂ ਨੂੰ ਖਤਰਨਾਕ ਹਾਲਤ ਵਿੱਚ ਛੁਪਾਇਆ ਗਿਆ ਸੀ। ਇਸ ਕਾਰਵਾਈ ਦੌਰਾਨ ਏਜੰਟਾਂ ਨੇ 20 ਪਰਵਾਸੀਆਂ ਨੂੰ ਫੜ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ ਅਤੇ ਡਰਾਈਵਰ ਨੂੰ ਵੀ ਫੈਡਰਲ ਚਾਰਜਸ਼ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

## ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ




ਗੁਰਿੰਦਰਜੀਤ ਨੀਟਾ ਮਾਛੀਕੇ



ਕੁਲਵੰਤ ਧਾਲੀਆਂ

# ਕੈਲੀਫੋਰਨੀਆ ਦੇ ਵੈਨਡੇਨਬਰਗ ਏਅਰ ਫੋਰਸ ਬੇਸ ਦਾ ਨਾਮ ਬਦਲ ਕੇ ਸਪੇਸ ਫੋਰਸ ਬੇਸ ਰੱਖਿਆ

**ਫਰਿਜ਼ਨੋ (ਕੈਲੀਫੋਰਨੀਆ), 15 ਮਈ 2021–** ਕੈਲੀਫੋਰਨੀਆ ਦੇ ਵੈਨਡੇਨਬਰਗ ਏਅਰਫੋਰਸ ਬੇਸ ਦਾ ਨਾਮ ਸ਼ੁੱਕਰਵਾਰ ਨੂੰ ਬਦਲ ਕੇ ਯੂ ਐੱਸ ਸਪੇਸ ਫੋਰਸ ਬੇਸ ਰੱਖਿਆ ਗਿਆ ਹੈ। ਇਸ ਬੇਸ ਦਾ ਨਾਮ ਬਦਲਣ ਦੀ ਕਾਰਵਾਈ ਬੇਸ ਦੇ ਪਰੇਡ ਮੈਦਾਨ ਵਿੱਚ ਦੁਪਹਿਰ ਦੇ ਇੱਕ ਸਮਾਰੋਹ ਦੌਰਾਨ ਕੀਤੀ ਗਈ ਅਤੇ ਇਸਦਾ ਨਾਮ ਬਦਲ ਕੇ ਵੈਨਡੇਨਬਰਗ ਸਪੇਸ ਫੋਰਸ ਬੇਸ ਰੱਖ ਦਿੱਤਾ ਗਿਆ । ਇਹ ਬੇਸ ਡਿਫੈਂਸ, ਸਾਇੰਸ ਅਤੇ ਕਮਰਸ਼ੀਅਲ ਉਦੇਸ਼ਾਂ ਲਈ ਬੈਲਿਸਟਿਕ ਮਿਜ਼ਾਈਲਾਂ ਨੂੰ ਟੈਸਟ ਕਰਨ ਦੇ ਨਾਲ ਓਰਬਿਟਲ ਵੀ ਲਾਂਚ ਕਰਦਾ ਹੈ। ਇਸ ਸਪੇਸ ਫੋਰਸ ਨੂੰ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ




ਦੌਰਾਨ 2019 ਵਿੱਚ ਛੇਵੀਂ ਸੈਨਿਕ ਸ਼ਾਖਾ ਦੇ ਰੂਪ ਵਿੱਚ ਬਣ-ਾਇਆ ਗਿਆ ਸੀ। ਇਸ ਵਿੱਚ ਏਅਰਫੋਰਸ ਸਪੇਸ ਕਮਾਂਡ ਨੂੰ ਸੌਂਪੇ ਗਏ ਕਰਮਚਾਰੀਆਂ ਨੂੰ ਮੁੜ ਸਪੇਸ ਫੋਰਸ ਨੂੰ ਸੌਂਪਿਆ ਗਿਆ ਹੈ। ਇਸ ਸੰਬੰਧੀ ਸਪੇਸ ਫੋਰਸ ਦੀ ਸਥਾਪਨਾ ਲਈ ਹਵਾਈ ਫੌਜ ਦੀਆਂ ਕਿਰਿਆਵਾਂ ਦਾ ਮੁੜ ਡਿਜ਼ਾਇਨ ਕਰਨਾ ਸਪੇਸ ਫੋਰਸ ਲਈ ਇਕ ਵੱਖਰਾ ਸਭਿਆਚਾਰ ਅਤੇ ਪਛਾਣ ਸਥਾਪਿਤ ਕਰਨ ਲਈ ਮਹੱਤਵਪੂਰਨ ਹੈ।

ਇਸਦੇ ਇਲਾਵਾ ਵੈਨਡੇਨਬਰਗ ਦੀ ਹੋਸਟ ਇਕਾਈ 30 ਵੀਂ ਸਪੇਸ ਵਿੰਗ ਨੂੰ ਵੀ ਸਪੇਸ ਲਾਂਚ ਡੈਲਟਾ 30 ਦਾ ਨਾਮ ਦਿੱਤਾ ਜਾ ਰਿਹਾ ਹੈ। ਵੈਨਡੇਨਬਰਗ ਦੀ ਅਸਲ ਵਿੱਚ 1941 ਵਿੱਚ ਟੈਂਕ, ਅਤੇ ਤੋਪਖਾਨਾ ਆਦਿ ਦੀ ਸਿਖਲਾਈ ਲਈ ਇੱਕ ਸੈਨਾ ਦੀ ਚੌਕੀ ਕੈਂਪ ਵਜੋਂ ਸਥਾਪਨਾ ਕੀਤੀ ਗਈ ਸੀ। ਇਸ ਦੀ ਖੇਤਰੀ ਸਥਿਤੀ ਨੇ ਇਸ ਨੂੰ ਮਿਜ਼ਾਈਲ ਪ੍ਰੀਖਿਆਵਾਂ ਅਤੇ ਆਰਬਿਟ ਲਾਂਚ ਕਰਨ ਲਈ ਢੁੱਕਵਾਂ ਬਣਾਇਆ ਹੈ।

# ਅਮਰੀਕਾ: ਰੌਡ ਆਈਲੈਂਡ ਦੀ ਗੋਲੀਬਾਰੀ ਵਿੱਚ ਹੋਏ ਘੱਟੋ ਘੱਟ 9 ਲੋਕ ਜ਼ਖਮੀ

**ਫਰਿਜ਼ਨੋ (ਕੈਲੀਫੋਰਨੀਆ), 15 ਮਈ 2021–** ਅਮ-ਰੀਕਾ ਵਿੱਚ ਹੁੰਦੀਆਂ ਗੋਲੀਬਾਰੀ ਦੀਆਂ ਘਟਨਾਵਾਂ ਵਿੱਚ ਵੀਰਵਾਰ ਦੀ ਸ਼ਾਮ ਨੂੰ ਰੌਡ ਆਈਲੈਂਡ ਸੂਬੇ ਦੀ ਰਾਜਧਾਨੀ ਵਿੱਚ ਵਿੱਚ ਹੋਈ ਗੋਲੀਬਾਰੀ ਦੀ ਇੱਕ ਹੋਰ ਘਟਨਾ ਜੁੜ ਗਈ ਹੈ। ਇਸ ਗੋਲੀਬਾਰੀ ਦੀ ਘਟਨਾ ਵਿੱਚ ਘੱਟੋ ਘੱਟ 9 ਲੋਕ ਜ਼ਖਮੀ ਹੋਏ ਹਨ ਅਤੇ , ਪੁਲਿਸ ਦੁਆਰਾ ਇਸ ਨੂੰ ਸ਼ਹਿਰ ਦੇ ਇਤਿਹਾਸ ਦੀ ਸਭ ਤੋਂ ਵੱਡੀ ਗੋਲੀਬਾਰੀ ਮੰਨੀ ਜਾਂਦੀ ਹੈ। ਸੂਬੇ ਦੇ ਸ਼ਹਿਰ ਪ੍ਰੋਵੀਡੈਂਸ ਦੇ ਪੁਲਿਸ ਮੁਖੀ ਹਿਊਗ ਕਲੇਮੈਂਟਸ ਜੂਨੀਅਰ ਨੇ ਦੱਸਿਆ ਕਿ ਗੋਲੀਬਾਰੀ ਦੇ ਸ਼ਿਕਾਰ ਹੋਏ ਤਿੰਨ ਵਿਅਕਤੀ ਬਹੁਤ ਗੰਭੀਰ ਰੂਪ ਨਾਲ ਜ਼ਖਮੀ ਹੋ ਗਏ ਸਨ। ਗੋਲੀਬਾਰੀ ਪ੍ਰੋਵੀਡੈਂਸ ਦੇ ਵਾਸ਼ਿੰਗਟਨ ਪਾਰਕ ਦੇ ਨੇੜੇ ਇੱਕ ਘਰ ਦੇ ਬਾਹਰ ਹੋਈ। ਇਸ ਬਾਰੇ ਪੁਲਿਸ ਨੂੰ ਸ਼ੁਰੂਆਤੀ ਸੂਚਨਾ ਸ਼ਾਮ ਦੇ 6:47 ਵਜੇ ਦੇ ਕਰੀਬ ਮਿਲੀ ਅਤੇ ਕਾਰਵਾਈ ਦੌਰਾਨ ਪੁਲਿਸ ਨੂੰ ਕਈ ਵਿਅਕਤੀ ਜ਼ਖਮੀ ਹਾਲਤ ਵਿੱਚ ਮਿਲੇ। ਕਲੇਮੈਂਟਸ ਦੇ ਅਨੁਸਾਰ ਪੀੜਤਾਂ



ਵਿੱਚੋਂ ਸਿਰਫ ਇੱਕ ਨੂੰ ਐਂਬੂਲੈਂਸ ਰਾਹੀਂ ਨੇੜਲੇ ਰੌਡ ਆਈਲੈਂਡ ਹਸਪਤਾਲ ਵਿੱਚ ਲਿਜਾਇਆ ਗਿਆ ਜਦੋਂਕਿ ਬਾਕੀ ਨਿੱਜੀ ਵਾਹਨਾਂ ਵਿੱਚ ਪਹੁੰਚੇ। ਪੁਲਿਸ ਦਾ ਮੰਨਣਾ ਹੈ ਕਿ ਇਸ ਘਰ ਦੇ ਬਾਹਰ ਆਏ ਇੱਕ ਵਾਹਨ ਵਿੱਚ ਸਵਾਰ ਲੋਕਾਂ ਨੇ ਨਿਵਾਸ ਸਥਾਨ ਤੇ ਗੋਲੀਆਂ ਚਲਾ ਦਿੱਤੀਆਂ, ਜਿਸ ਉਪਰੰਤ ਘਰ ਦੇ ਅੰਦਰਲੇ ਵਿਅਕਤੀਆਂ ਨੇ ਵੀ ਜਵਾਬੀ ਕਾਰਵਾਈ ਕੀਤੀ। ਪੁਲਿਸ ਅਨੁਸਾਰ ਇਹ ਗੋਲੀਬਾਰੀ ਦੋ ਸਮੂਹਾਂ ਵਿਚਕਾਰ ਹੋਈ ਹੈ, ਜੋ ਸਥਾਨਕ ਅਧਿਕਾਰੀਆਂ ਲਈ ਜਾਣੇ-ਪਛਾਣੇ ਹਨ। ਇਸ ਗੋਲੀਬਾਰੀ ਦੇ ਸੰਬੰਧ ਵਿੱਚ ਵੀਰਵਾਰ ਦੀ ਰਾਤ ਤੱਕ ਕੋਈ ਗ੍ਰਿਫ਼ਤਾਰੀ ਨਹੀਂ ਕੀਤੀ ਗਈ ਸੀ, ਪਰ ਕਲੇਮੈਂਟਸ ਨੇ ਕਿਹਾ ਕਿ ਇਸਦੀ ਜਾਂਚ ਅਜੇ ਸ਼ੁਰੂਆਤੀ ਦੌਰ ਵਿੱਚ ਹੈ। ਪ੍ਰੋਵੀਡੈਂਸ ਦੇ ਮੇਅਰ ਜੋਰਜ ਐਲੋਰਜ਼ਾ ਨੇ ਸ਼ਹਿਰ ਵਿੱਚ ਬੰਦੂਕਾਂ ਦੀ ਉਪਲਬਧਤਾ 'ਤੇ ਦੁੱਖ ਪ੍ਰਗਟਾਇਆ ਹੈ ਅਤੇ ਨਿਵਾਸੀਆਂ ਨੂੰ ਆਪਸੀ ਝਗੜੇ ਸੁਲਝਾਉਣ ਲਈ ਬੰਦੂਕ ਦੀ ਹਿੰਸਾ ਦੀ ਵਰਤੋਂ ਬੰਦ ਕਰਨ ਦੀ ਮੰਗ ਕੀਤੀ ਹੈ।

# ਟੈਕਸਾਸ ਦੇ ਇੱਕ ਕਾਰੋਬਾਰੀ ਦੀ ਲਾਪਤਾ ਹੋਣ ਤੋਂ ਤਕਰੀਬਨ ਸੱਤ ਮਹੀਨਿਆਂ ਬਾਅਦ ਲਾਸ਼ ਮਿਲੀ


**ਫਰਿਜ਼ਨੋ (ਕੈਲੀਫੋਰਨੀਆ), 15 ਮਈ 2021–** ਅਮਰੀਕਾ ਦੇ ਸ਼ਹਿਰ ਡੈਲਾਸ ਦੇ ਇੱਕ ਕਾਰੋਬਾਰੀ ਐਲਨ ਵਾਈਟ ਜੋ ਕਿ ਅਕਤੂਬਰ ਤੋਂ ਲਾਪਤਾ ਹੈ, ਦੀ ਲਾਸ਼ ਟੈਕਸਾਸ ਸ਼ਹਿਰ ਦੇ ਇੱਕ ਜੰਗਲੀ ਖੇਤਰ ਵਿੱਚ ਮਿਲੀ ਹੈ। ਇਸ ਕਾਰੋਬਾਰੀ ਦੀ ਲਾਸ਼ ਦੇ ਅਵਸ਼ੇਸ਼ ਪਾਲ ਕੁਇਨ ਕਾਲਜ ਲਈ ਕੰਮ ਕਰ ਰਹੇ ਸਰਵੇ ਕਰਮਚਾਰੀਆਂ ਨੂੰ ਵੀਰਵਾਰ ਵਾਲੇ ਦਿਨ ਕੈਂਪਸ ਦੇ ਨੇੜੇ ਮਿਲੇ। ਇਨ੍ਹਾਂ ਮਨੁੱਖੀ ਅਵਸ਼ੇਸ਼ਾਂ ਦੀ ਪਛਾਣ ਡੈਲਾਸ ਕਾਉਂਟੀ ਦੇ ਮੈਡੀਕਲ ਪ੍ਰੀਖਿਅਕ ਦੁਆਰਾ ਐਲਨ ਵਾਈਟ ਵਜੋਂ ਕੀਤੀ ਗਈ ਹੈ। ਐਲਨ ਜੋ ਕਿ



ਅਕਾਊਂਟਿੰਗ ਫਰਮ ਕੇ ਪੀ ਐਮ ਜੀ ਦਾ ਐਗਜ਼ੀਕਿਊਟਿਵ ਸੀ। ਐਲਨ ਨੂੰ ਆਖਰੀ ਵਾਰ 22 ਅਕਤੂਬਰ ਨੂੰ ਜਿਮ ਜਾਣ ਵੇਲੇ ਵੇਖਿਆ ਗਿਆ ਸੀ। ਇਸ 55 ਸਾਲਾਂ ਵਿਅਕਤੀ ਦੀ ਕਾਰ ਵਾਹਨ ਲਗਭਗ ਇੱਕ ਹਫ਼ਤੇ ਬਾਅਦ ਮਿਲੀ ਸੀ, ਪਰ ਉਸ ਮੌਕੇ ਹਾਦਸੇ ਦੇ ਕੋਈ ਸੰਕੇਤ ਨਹੀਂ ਮਿਲੇ ਸਨ। ਪੁਲਿਸ ਅਧਿਕਾਰੀਆਂ ਵੱਲੋਂ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਜਾਂਚ ਦੇ ਹਿੱਸੇ ਵਜੋਂ ਕੇਸ ਨਾਲ ਸਬੰਧਤ ਕਿਸੇ ਤਰ੍ਹਾਂ ਦੀ ਜਾਣਕਾਰੀ ਦੇਣ ਲਈ 10,000 ਡਾਲਰ ਦਾ ਇਨਾਮ ਵੀ ਰੱਖਿਆ ਗਿਆ ਹੈ।

# ਕੈਲੀਫੋਰਨੀਆ ਦੇ ਵਾਈਸਾਲੀਆ ਵਿੱਚ ਮਹਿਲਾ ਨੂੰ ਚਾਕੂ ਨਾਲ ਮਾਰਨ ਵਾਲੇ ਹਮਲਾਵਰ ਦੀ ਹੋਈ ਪਛਾਣ

**ਫਰਿਜ਼ਨੋ (ਕੈਲੀਫੋਰਨੀਆ), 15 ਮਈ 2021–** ਕੈਲੀਫੋਰਨੀਆ ਦੇ ਵਾਈਸਾਲੀਆ ਵਿੱਚ ਇੱਕ ਮਹਿਲਾ ਨੂੰ ਬੁੱਧਵਾਰ ਨੂੰ ਚਾਕੂ ਮਾਰ ਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਸੀ। ਇਸ ਕਤਲ ਦੇ ਸੰਬੰਧ ਵਿੱਚ ਵਾਈਸਾਲੀਆ ਪੁਲਿਸ ਨੇ ਹਮਲਾਵਰ ਸ਼ੱਕੀ ਵਿਅਕਤੀ ਦੀ ਪਛਾਣ 22 ਸਾਲਾਂ ਸਵਰਨਦੀਪ ਬਸਰਾ ਵਜੋਂ ਕੀਤੀ ਹੈ। ਪੁਲਿਸ ਨੇ ਦੱਸਿਆ ਕਿ ਮ੍ਰਿਤਕਾ ਨਾਲ ਝਗੜੇ ਦੌਰਾਨ ਮਿਲੇ ਜ਼ਖਮਾਂ ਕਾਰਨ ਬਸਰਾ ਹਾਲੇ ਵੀ ਹਸਪਤਾਲ ਵਿੱਚ ਹਿਰਾਸਤ ਅਧੀਨ ਹੈ। ਇਸ ਕੇਸ ਵਿੱਚ ਪੁਲਿਸ ਨੇ ਮ੍ਰਿਤਕਾ ਦੀ ਪਛਾਣ ਬਸਰਾ ਦੀ 39 ਸਾਲਾਂ ਭਰਜਾਈ ਮਨਦੀਪ ਬਸਰਾ ਵਜੋਂ ਵੀ ਕੀਤੀ ਹੈ, ਜਿਸਨੂੰ ਮੈਂਡੀ ਵਜੋਂ ਵੀ ਜਾਣਿਆ ਜਾਂਦਾ



ਸੀ। ਫਾਈਨੈਂਸੀਅਲ ਇੰਡਸਟਰੀ ਵਿੱਚ ਕੰਮ ਕਰਨ ਵਾਲੀ ਮਨਦੀਪ ਵਾਈਸਾਲੀਆ ਚੈਂਬਰ ਆਫ਼ ਕਾਮਰਸ ਵਿੱਚ ਵੀ ਸ਼ਾਮਿਲ ਸੀ। ਵਾਈਸਾਲੀਆ ਚੈਂਬਰ ਦੇ ਮੌਜੂਦਾ ਬੋਰਡ ਪ੍ਰਧਾਨ ਕਾਰਲੋਸ ਮੈਂਡੋਜ਼ਾ ਨੇ ਮੈਂਡੀ ਦੀ ਮੌਤ 'ਤੇ ਬਹੁਤ ਸੋਗ ਪ੍ਰਗਟ ਕੀਤਾ ਹੈ। ਉਸਨੇ ਆਖਰੀ ਵਾਰ ਤੁਲਾਰੇ ਕਿੰਗਜ਼ ਹਿਸਪੈਨਿਕ ਚੈਂਬਰ ਆਫ਼ ਕਾਮਰਸ ਲਈ ਜ਼ੂਮ ਕਾਲ 'ਤੇ ਮੈਂਡੀ ਨਾਲ ਗੱਲ ਕੀਤੀ ਸੀ। ਮੈਂਡੋਜ਼ਾ ਅਨੁਸਾਰ ਮੈਂਡੀ ਨੇ ਚੈਂਬਰ ਅੰਬੈਸਡਰ ਵਜੋਂ ਆਫ਼ਣੀ ਭੂਮਿਕਾ ਨੂੰ ਬਾਖੂਬੀ ਨਿਭਾਇਆ ਹੈ, ਜਿਸ ਵਿੱਚ ਪ੍ਰਮੁੱਖ ਪ੍ਰੋਗਰਾਮ ਜਿਵੇਂ&; ਕਿ ਰਿਬਨ ਕਟਿੰਗਜ਼ ਅਤੇ ਮਿਕਸਰ ਆਦਿ ਸ਼ਾਮਿਲ ਸਨ। ਵਾਈਸਾਲੀਆ ਚੈਂਬਰ ਆਫ਼ ਕਾਮਰਸ ਦੇ ਸੀ ਈ ਓ ਗੇਲ ਜੁਰੇਕ ਨੇ ਵੀ ਮੈਂਡੀ ਬਸਰਾ ਨੂੰ ਸਾਰਿਆਂ ਦੀ ਹਰਮਨ ਪਿਆਰੀ ਦੱਸਿਆ ਹੈ ਜੋ ਕਿ ਕਮਿਊਨਿਟੀ ਵਿੱਚ ਛੋਟੇ ਕਾਰੋਬਾਰਾਂ ਨੂੰ ਵਧਾਉਣ ਵਿੱਚ ਸਹਾਇਤਾ ਲਈ ਵਲੰਟੀਅਰ ਪ੍ਰੋਗਰਾਮਾਂ ਵਿੱਚ ਅੱਗੇ ਰਹਿੰਦੀ ਸੀ। ਇਸ ਮਾਮਲੇ ਵਿੱਚ ਸਵਰਨਦੀਪ ਬਸਰਾ 'ਤੇ ਅਜੇ ਤੱਕ ਕੋਈ ਜੁਰਮ ਦਾ ਦੋਸ਼ ਨਹੀਂ ਲਗਾਇਆ ਗਿਆ ਹੈ ਅਤੇ ਪੁਲਿਸ ਦਾ ਕਹਿਣਾ ਹੈ ਕਿ ਫਿਲਹਾਲ ਮਾਮਲਾ ਅਜੇ ਜਾਂਚ ਅਧੀਨ ਹੈ।

# ਅਮਰੀਕਾ: ਕੋਲੰਬਸ ਸ਼ਹਿਰ ਪ੍ਰਸ਼ਾਸਨ , ਪੁਲਿਸ ਦੁਆਰਾ ਮਰੇ ਨਿਹੱਥੇ ਕਾਲੇ ਮੂਲ ਦੇ ਆਦਮੀ ਦੇ ਪਰਿਵਾਰ ਨੂੰ 10 ਮਿਲੀਅਨ ਡਾਲਰ ਦੇ ਭੁਗਤਾਨ ਲਈ ਹੈ ਸਹਿਮਤ

**ਫਰਿਜ਼ਨੋ (ਕੈਲੀਫੋਰਨੀਆ), 15 ਮਈ 2021–** ਅਮਰੀਕਾ ਦੇ ਕੋਲੰਬਸ ਸ਼ਹਿਰ ਦੁਆਰਾ, ਦਸੰਬਰ ਵਿੱਚ ਸਾਬਕਾ ਪੁਲਿਸ ਅਧਿਕਾਰੀ ਐਡਮ ਕੋਏ ਦੁਆਰਾ ਮਰਨ ਵਾਲੇ ਕਾਲੇ ਮੂਲ ਦੇ ਨਿਹੱਥੇ ਵਿਅਕਤੀ ਆਂਦਰੇ ਹਿੱਲ ਦੇ ਪਰਿਵਾਰ ਨੂੰ 10 ਮਿਲੀਅਨ ਡਾਲਰ ਦਾ ਭੁਗਤਾਨ ਕਰਨ ਲਈ ਸਹਿਮਤੀ ਦਿੱਤੀ ਗਈ ਹੈ। ਇਸ ਸਹਿਮਤੀ ਦੀ ਘੋਸ਼ਣਾ ਸਿਟੀ ਅਟਾਰਨੀ ਜ਼ੈਚ ਕਲੇਨ ਦੁਆਰਾ ਸ਼ੁੱਕਰਵਾਰ ਨੂੰ ਆਂਦਰੇ ਹਿੱਲ ਦੇ ਪਰਿਵਾਰ ਨਾਲ ਕੀਤੀ ਗਈ ਹੈ। ਇਸਦੇ ਨਾਲ ਹੀ ਸ਼ਹਿਰ ਨੇ ਬ੍ਰੈਂਟਲ ਕਮਿਊਨਿਟੀ ਸੈਂਟਰ ਦੇ ਅੰਦਰ ਸਥਿਤ ਜਿਮ ਦਾ ਨਾਮ ਬਦਲਣ ਲਈ ਵੀ ਸਹਿਮਤੀ ਜਤਾਈ ਹੈ, ਜਿੱਥੇ ਕਿ ਹਿੱਲ ਅਕਸਰ ਹੁੰਦਾ ਸੀ। ਇਸਦਾ ਨਾਮ ਬਦਲ ਕੇ ਆਂਦਰੇ ਹਿੱਲ ਜਿਮਨੇਜ਼ੀਅਮ 2021 ਦੇ ਅੰਤ ਤੱਕ ਰੱਖਿਆ ਜਾਵੇਗਾ। ਜਿਕਰ ਯੋਗ ਹੈ ਕਿ 47 ਸਾਲਾਂ ਹਿੱਲ 22 ਦਸੰਬਰ ਨੂੰ ਸਵੇਰੇ 2 ਵਜੇ ਦੇ ਕਰੀਬ ਉੱਤਰ ਪੱਛਮੀ



ਕੋਲੰਬਸ ਵਿੱਚ ਇੱਕ ਘਰ ਦੇ ਗੈਰੇਜ ਤੋਂ ਬਾਹਰ ਆ ਰਿਹਾ ਸੀ ਜਦੋਂ ਕੋਲੰਬਸ ਦੇ ਪੁਲਿਸ ਅਧਿਕਾਰੀ ਐਡਮ ਕੋਏ ਨੇ ਉਸ ਨੂੰ ਗੋਲੀ ਮਾਰ ਕੇ ਮਾਰ ਦਿੱਤਾ। ਉਸ ਵੇਲੇ ਪੁਲਿਸ ਨੇ ਕਿਸੇ ਵਾਹਨ ਦੇ ਚਾਲੂ ਅਤੇ ਬੰਦ ਹੋਣ ਬਾਰੇ ਸੂਚਨਾ ਮਿਲਣ 'ਤੇ ਕਾਰਵਾਈ ਕੀਤੀ ਸੀ। ਗੋਲੀ ਚੱਲਣ ਤੋਂ ਤਕਰੀਬਨ 30 ਮਿੰਟ ਬਾਅਦ ਹਸਪਤਾਲ ਵਿੱਚ ਆਂਦਰੇ ਦੀ ਮੌਤ ਹੋ ਗਈ ਸੀ। ਇਸ ਗੋਲੀ ਕਾਂਡ ਤੋਂ ਇੱਕ ਹਫਤੇ ਦੇ ਅੰਦਰ ਕੋਏ ਨੂੰ ਬਰਖਾਸਤ ਕਰ ਦਿੱਤਾ ਗਿਆ ਸੀ ਅਤੇ ਉਸ ਤੋਂ ਬਾਅਦ ਉਸਨੂੰ ਕਤਲ, ਹਮਲੇ ਅਤੇ ਲਾਪ੍ਰਵਾਹੀ ਨਾਲ ਕਤਲ ਦੇ ਦੋਸ਼ਾਂ ਤਹਿਤ ਦੋਸ਼ੀ ਠਹਿਰਾਇਆ ਗਿਆ ਹੈ। ਹਾਲਾਂਕਿ ਉਹ ਇੱਕ ਮਿਲੀਅਨ ਡਾਲਰ ਦੇ ਬਾਂਡ ਪੋਸਟ ਕਰਨ ਤੋਂ ਬਾਅਦ ਆਜ਼ਾਦ ਹੈ। ਮੇਅਰ ਐਂਡਰਿਊ ਜੇ ਗਿੰਥਰ ਨੇ ਕਿਹਾ ਹੈ ਕਿ ਗੋਲੀਬਾਰੀ ਦੇ ਨਤੀਜੇ ਵਜੋਂ ਕੋਲੰਬਸ ਪੁਲਿਸ ਦੁਆਰਾ ਵਰਤੇ ਗਏ ਬਾਡੀ ਕੈਮਰਿਆਂ ਨੂੰ ਵੀ ਅਪਗ੍ਰੇਡ ਕੀਤਾ ਜਾਵੇਗਾ ਅਤੇ ਹੁਣ ਇਸ ਸਮਝੌਤੇ ਨੂੰ ਸਿਟੀ ਕੌਂਸਲ ਦੁਆਰਾ ਮਨਜ਼ੂਰੀ ਦੇਣੀ ਪਵੇਗੀ।

# ਮੈਕਡੋਨਲਡ ਵਧਾ ਰਿਹਾ ਹੈ ਕੰਪਨੀ ਦੀ ਮਲਕੀਅਤ ਵਾਲੇ ਸਟੋਰਾਂ ਵਿੱਚ ਕਾਮਿਆਂ ਦੀ ਤਨਖਾਹ

**ਫਰਿਜ਼ਨੋ (ਕੈਲੀਫੋਰਨੀਆ), 14 ਮਈ 2021–** ਅਮਰੀਕਾ ਵਿੱਚ ਫਾਸਟ ਫੂਡ ਚੈਨ ਕੰਪਨੀ ਮੈਕਡੋਨਲਡ ਹਜ਼ਾਰਾਂ ਨਵੇਂ ਕਾਮਿਆਂ ਨੂੰ ਨੌਕਰੀ ਦੇਣ ਦੇ ਨਾਲ ਦੇਸ਼ ਵਿੱਚ ਕੰਪਨੀ ਦੀ ਮਾਲਕੀਅਤ ਵਾਲੇ 650 ਸਟੋਰਾਂ 'ਤੇ ਕਾਮਿਆਂ ਦੀਆਂ ਤਨਖਾਹਾਂ ਵਿੱਚ ਵਾਧਾ ਕਰ ਰਹੀ ਹੈ। ਸ਼ਿਕਾਗੋ ਸਥਿਤ ਫਾਸਟ-ਫੂਡ ਕੰਪਨੀ ਨੇ ਵੀਰਵਾਰ ਨੂੰ ਕਿਹਾ ਕਿ ਕੰਪਨੀ ਸਟੋਰਾਂ 'ਤੇ ਇਸਦੀ ਘੰਟਾਵਾਰ ਤਨਖਾਹ ਅਗਲੇ ਕੁੱਝ ਮਹੀਨਿਆਂ ਵਿੱਚ ਔਸਤਨ 10% ਵਧ ਕੇ 13 ਡਾਲਰ ਹੋ ਜਾਵੇਗੀ, ਅਤੇ 2024 ਤੱਕ ਇਹ 15 ਡਾਲਰ ਹੋ ਜਾਵੇਗੀ। ਇਸਦੇ ਐਂਟਰੀ ਲੈਵਲ ਦੇ ਕਰਮਚਾਰੀ ਇੱਕ ਘੰਟੇ ਵਿੱਚ ਘੱਟੋ ਘੱਟ 11 ਡਾਲਰ ਕਮਾਉਣਗੇ, ਜਦੋਂ ਕਿ ਸ਼ਿਫਟ ਮੈਨੇਜਰ ਨੂੰ ਪ੍ਰਤੀ ਘੰਟਾ ਘੱਟੋ ਘੱਟ 15 ਡਾਲਰ ਮਿਲਣਗੇ। ਪਰ ਮੈਕਡੋਨਲਡ ਦੇ 14,000 ਅਮਰੀਕੀ ਸਟੋਰਾਂ ਵਿਚੋਂ ਸਿਰਫ 5% ਹੀ ਕੰਪਨੀ ਦੀ ਮਾਲਕੀਅਤ ਵਾਲੇ ਹਨ। ਅਮਰੀਕਾ ਵਿੱਚ ਹੋਰ 95% ਸਟੋਰਾਂ ਦੀ ਮਾਲਕੀ ਫ੍ਰੈਂਚਾਇਜ਼ੀ ਦੇ ਤੌਰ 'ਤੇ ਹੈ, ਜੋ ਆਪਣੇ ਰੈਸਟੋਰੈਂਟਾਂ ਵਿੱਚ ਤਨਖਾਹ ਨਿਰਧਾਰਤ ਕਰਦੇ ਹਨ। ਮੈਕਡੋਨਲਡਸ ਨੇ ਕਿਹਾ ਕਿ ਉਹ ਆਫ਼ਣੀਆਂ ਫਰੈਂਚਾਇਜ਼ੀਆਂ ਨੂੰ ਆਫ਼ਣੀ ਲੀਡ ਦੀ ਪਾਲਣਾ ਕਰਨ ਲਈ ਰਾਜ਼ੀ ਕਰਨ ਦੀ ਉਮੀਦ ਕਰਦਾ ਹੈ।

ਅਮਰੀਕਾ ਦੇ ਨੈਸ਼ਨਲ ਫਰੈਂਚਾਇਜ਼ੀ ਲੀਡਰਸ਼ਪਿ ਅਲਾਇੰਸ - ਜੋ ਫਰੈਂਚਾਇਜ਼ੀਜ਼ ਦੀ ਤਰਫੋਂ ਕੰਪਨੀ ਨਾਲ ਗੱਲਬਾਤ ਕਰਦਾ ਹੈ , ਨੇ ਤਨਖਾਹ ਵਾਧੇ ਲਈ ਸਮਰਥਨ ਜ਼ਾਹਰ ਕੀਤਾ ਹੈ। ਮੈਕਡੋਨਲਡਜ਼ ਤਨਖਾਹ ਵਧਾਉਣ ਦੀ ਘੋਸ਼ਣਾ ਕਰਨ ਵਾਲੀ ਲੇਟੇਸਟ ਰੈਸਟੋਰੈਂਟ ਲੜੀ ਹੈ।

# ਫਲੋਰਿਡਾ ਵਿੱਚ ਗਵਰਨਰ ਦੁਆਰਾ ਦਿੱਤੀ ਜਾਵੇਗੀ ਕੋਵਿਡ-19 ਨਿਯਮ ਤੋੜਨ ਵਾਲਿਆਂ ਨੂੰ ਮੁਆਫ਼ੀ


**ਫਰਿਜ਼ਨੋ (ਕੈਲੀਫੋਰਨੀਆ), 14 ਮਈ 2021-** ਅਮਰੀਕੀ ਸਰਕਾਰ ਵੱਲੋਂ ਕੋਰੋਨਾ ਵਾਇਰਸ ਤੋਂ ਸੁਰੱਖਿਆ ਦੇ ਮੱਦੇਨਜ਼ਰ ਕਈ ਤਰ੍ਹਾਂ ਦੇ ਨਿਯਮ ਲਾਗੂ ਕੀਤੇ ਗਏ ਹਨ । ਇਹਨਾਂ ਨਿਯਮਾਂ ਦਾ ਪਾਲਣ ਕਰਵਾਉਣ ਲਈ ਜੁਰਮਾਨੇ ਅਤੇ ਹੋਰ ਸਜਾਵਾਂ ਤਹਿ ਕੀਤੀਆਂ ਗਈਆਂ ਹਨ। ਪਰ ਫਲੋਰਿਡਾ ਦੇ ਗਵਰਨਰ ਰੋਨ ਡੀਸੈਂਟਿਸ ਨੇ ਵੀਰਵਾਰ ਨੂੰ ਕਿਹਾ ਕਿ ਉਸ ਦੁਆਰਾ ਰਾਜ ਦੇ ਕਿਸੇ ਵੀ ਵਿਅਕਤੀ ਨੂੰ ਜਿਸ 'ਤੇ ਮਾਸਕਿੰਗ ਅਤੇ ਸਮਾਜਿਕ ਦੂਰੀਆਂ ਜਿਹੀਆਂ ਕੋਵਿਡ -19 ਸੁਰੱਖਿਆ ਉਪਾਵਾਂ ਦੀ ਉਲੰਘਣਾ ਕਰਨ ਦਾ ਦੋਸ਼ ਲਗਾਇਆ ਗਿਆ ਹੈ, ਨੂੰ ਮੁਆਫ਼ੀ ਦਿੱਤੀ ਜਾਵੇਗੀ। ਡੀਸੈਂਟਿਸ ਨੇ ਇਹ ਐਲਾਨ ਦੋ ਜਿਮ ਮਾਲਕਾਂ ਦੇ ਕੇਸ ਬਾਰੇ ਵਿਚਾਰ ਵਟਾਂਦਰੇ ਦੌਰਾਨ ਕੀਤਾ, ਜਿਨ੍ਹਾਂ ਨੂੰ ਜਿੰਮ ਵਿੱਚ ਸਮਾਜਿਕ ਦੂਰੀ ਅਤੇ ਮਾਸਕ ਦੇ ਆਦੇਸ਼ਾਂ ਨੂੰ ਲਾਗੂ ਕਰਨ ਤੋਂ ਇਨਕਾਰ ਕਰਨ ਕਾਰਨ ਅਪਰਾਧਿਕ ਜੁਰਮਾਨੇ ਦਾ ਸਾਹਮਣਾ ਕਰਨਾ ਪਿਆ ਸੀ। ਡੀਸੈਂਟਿਸ ਦੁਆਰਾ ਸ਼ੁੱਕਰਵਾਰ ਨੂੰ ਇੱਕ ਮੁਆਫ਼ੀਨਾਮੇ 'ਤੇ ਦਸਤਖਤ ਕੀਤੇ ਜਾਣਗੇ, ਜਿਸ ਨਾਲ ਜਿਮ ਦੇ ਮਾਲਕਾਂ ਮਾਈਕ ਅਤੇ



ਜਿਲਿਅਨ ਕਾਰਨੇਵਾਲ ਦੇ ਖਿਲਾਫ ਕੇਸ ਵਿੱਚ 60 ਦਿਨਾਂ ਲਈ ਦੇਰੀ ਕੀਤੀ ਜਾਵੇਗੀ ਅਤੇ ਉਸ ਸਮੇਂ ਦੌਰਾਨ, ਇੱਕ ਕਲੈਰੇਂਸੀ ਬੋਰਡ ਉਨ੍ਹਾਂ ਅਤੇ ਫਲੋਰਿਡਾ ਦੇ ਹੋਰ ਲੋਕਾਂ ਲਈ ਮੁਆਫ਼ੀ ਜਾਰੀ ਕਰਨ ਲਈ ਮੀਟਿੰਗ ਕਰੇਗਾ। ਬਰੌਵਰਡ ਕਾਊਂਟੀ ਦੇ ਸਾਬਕਾ ਜਿਮ ਮਾਲਕਾਂ ਨੂੰ ਪਿਛਲੇ ਸਾਲ ਗਰਮੀ ਵਿੱਚ ਕੋਵਿਡ -19 ਦੇ ਆਦੇਸ਼ਾਂ ਦੀ ਉਲੰਘਣਾ ਕਰਨ ਲਈ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਸਥਾਨਕ ਪੁਲਿਸ ਦੀਆਂ ਚੇਤਾਵਨੀਆਂ ਤੋਂ ਬਾਅਦ ਇਹਨਾਂ ਨੇ ਆਪਣਾ ਜਿਮ ਬੰਦ ਕਰ ਦਿੱਤਾ ਸੀ। ਇਸਦੇ ਇਲਾਵਾ ਗਵਰਨਰ ਦੀ ਇਹ ਘੋਸ਼ਣਾ ਪਿਛਲੇ ਹਫ਼ਤੇ ਰਾਜ ਦੇ ਸਾਰੇ ਸਥਾਨਕ ਕੋਵਿਡ-19 ਐਮਰਜੈਂਸੀ ਆਦੇਸ਼ਾਂ ਨੂੰ ਮੁਅੱਤਲ ਕਰਨ ਦੇ ਫੈਸਲੇ ਤੋਂ ਬਾਅਦ ਆਈ ਹੈ। ਡੀਸੈਂਟਿਸ ਅਨੁਸਾਰ ਉਨ੍ਹਾਂ ਦਾ ਪ੍ਰਸ਼ਾਸਨ ਚਾਹੁੰਦਾ ਹੈ ਕਿ ਲੋਕ "ਫਲੋਰਿਡਾ ਰਾਜ ਵਿੱਚ ਸੁਤੰਤਰ ਤੌਰ ਤੇ ਰਹਿਣ । ਇਸ ਸੂਬੇ ਦੇ ਗਵਰਨਰ ਨੇ ਮਾਰਚ ਵਿੱਚ ਵੀ ਇੱਕ ਕਾਨੂੰਨ ਵੀ ਪਾਸ ਕੀਤਾ ਸੀ ਜਿਸ ਵਿੱਚ ਕੋਵਿਡ -19 ਦੇ ਆਦੇਸ਼ਾਂ ਨੂੰ ਤੋੜਨ ਵਾਲਿਆਂ 'ਤੇ ਜੁਰਮਾਨਾ ਮੁਆਫ਼ ਕੀਤਾ ਗਿਆ ਸੀ।

# ਕੈਲੀਫੋਰਨੀਆ ਵਿੱਚ ਲੱਖਾਂ ਡਾਲਰ ਦੀ ਜੇਤੂ ਲਾਟਰੀ ਟਿਕਟ ਕੱਪੜਿਆਂ 'ਚ ਧੋਅ ਕੇ ਕੀਤੀ ਨਸ਼ਟ

**ਫਰਿਜ਼ਨੋ (ਕੈਲੀਫੋਰਨੀਆ), 14 ਮਈ 2021-** ਅਮਰੀਕਾ ਦੇ ਕੈਲੀਫੋਰਨੀਆ ਵਿੱਚ ਇੱਕ ਮਹਿਲਾ ਨੇ ਲੱਖਾਂ ਡਾਲਰ ਦੀ ਜੇਤੂ ਲਾਟਰੀ ਟਿਕਟ, ਜਿਸਦਾ ਉਹ ਦਾਅਵਾ ਕਰਦੀ ਹੈ ,ਨੂੰ ਕੱਪੜਿਆਂ ਵਿੱਚ ਧੋਅ ਕੇ ਨਸ਼ਟ ਕਰ ਦਿੱਤਾ ਹੈ। ਜਿਸਨੇ 26 ਮਿਲੀਅਨ ਡਾਲਰ ਦੇ ਇਨਾਮ ਦੇ ਜੇਤੂ ਦੀ ਕਿਸਮਤ ਦੇ ਮੌਕੇ ਨੂੰ ਵੀ ਧੋਅ ਦਿੱਤਾ ਹੈ। 14 ਨਵੰਬਰ ਦੀ ਡਰਾਇੰਗ ਲਈ ਜੇਤੂ ਸੁਪਰਲੋਟੋ ਪਲੱਸ ਟਿਕਟ ਲਾਸ ਏਂਜਲਸ ਦੇ ਨੌਰਵਾਲਕ ਦੇ ਉਪਨਗਰ ਵਿੱਚ ਇੱਕ ਆਰਕੋ ਏ ਐਮ / ਪੀ ਐਮ ਸੁਵਿਧਾ ਸਟੋਰ ਵਿੱਚ ਵੇਚੀ ਗਈ ਸੀ ਅਤੇ ਵੀਰਵਾਰ ਇਸ ਨੂੰ ਲੈਣ ਲਈ ਆਖਰੀ ਦਿਨ ਸੀ। ਸਟੋਰ ਦੇ ਕਰਮਚਾਰੀ ਐਸਪੇਰੇਂਜਾ ਹਰਨਨਡੇਜ਼ ਦੇ ਅਨੁਸਾਰ ਇੱਕ ਔਰਤ ਬੁੱਧਵਾਰ ਨੂੰ ਸਟੋਰ ਵਿੱਚ ਆਈ ਅਤੇ ਉਸਨੇ ਕਰਮਚਾਰੀਆਂ ਨੂੰ ਦੱਸਿਆ ਕਿ ਉਸਨੇ ਟਿਕਟ ਆਪਣੀ ਪੈਂਟ ਵਿੱਚ ਪਾ ਦਿੱਤੀ ਸੀ ਅਤੇ ਇਹ ਲਾਂਡਰੀ ਵਿੱਚ ਨਸ਼ਟ ਹੋ ਗਈ ਹੈ। ਇਸ ਸੰਬੰਧੀ ਸਟੋਰ ਦੇ ਮੈਨੇਜਰ ਨੇ ਦੱਸਿਆ ਕਿ ਨਿਗਰਾਨੀ ਵਾਲੀ ਵੀਡੀਓ ਨੇ ਔਰਤ ਨੂੰ ਦਿਖਾਇਆ ਹੈ ਜਿਸ ਨੇ ਟਿਕਟ ਖਰੀਦੀ ਹੈ, ਅਤੇ ਸਟੋਰ ਦੇ ਕਰਮਚਾਰੀਆਂ ਵੀ ਉਸਨੂੰ ਜਾਣਦੇ ਹਨ ਅਤੇ ਇਸ



ਨਿਗਰਾਨੀ ਵੀਡੀਓ ਦੀ ਇੱਕ ਕਾਫ਼ੀ ਕੈਲੀਫੋਰ-ਨੀਆ ਦੇ ਲਾਟਰੀ ਅਧਿਕਾਰੀਆਂ ਨੂੰ ਦੇ ਦਿੱਤੀ ਗਈ ਹੈ। ਜਿਸ ਉਪਰੰਤ ਲਾਟਰੀ ਦੀ ਬੁਲਾਰੇ ਕੈਥੀ ਜੌਹਨਸਟਨ ਨੇ ਕਿਹਾ ਕਿ ਇਸ ਦਾਅਵੇ ਦੀ ਜਾਂਚ ਕੀਤੀ ਜਾਵੇਗੀ। ਲਾਟਰੀ ਅਧਿਕਾਰੀਆਂ ਅਨੁਸਾਰ ਲਾਟਰੀ ਦੇ ਜੇਤੂ ਨੂੰ ਲਾਜ਼ਮੀ ਦਾਅਵੇ ਦਾ ਫਾਰਮ ਭਰਨਾ ਪਵੇਗਾ ਅਤੇ ਜੇ ਕੋਈ ਟਿਕਟ ਗੁਆ ਦਿੰਦਾ ਹੈ, ਤਾਂ ਉਸਨੂੰ ਟਿਕਟ ਦੇ ਅਗਲੇ ਅਤੇ ਪਿਛਲੇ ਪਾਸੇ ਦੀ ਤਸਵੀਰ ਟਿਕਟ ਦੀ ਮਾਲਕੀ ਦੇ ਤੌਰ 'ਤੇ ਦੇਣੀ ਜਰੂਰੀ ਹੈ। ਇਸ ਲਾਟਰੀ ਦੇ ਜੇਤੂ ਨੰਬਰ 23, 36, 12, 31, 13, ਅਤੇ ਵੱਡਾ ਨੰਬਰ 10 ਸੀ। 26 ਮਿਲੀਅਨ ਡਾਲਰ ਦਾ ਇਨਾਮ ਸਾਲਾਨਾ ਕਿਸ਼ਤਾਂ ਵਿੱਚ ਜਾਂ ਇੱਕ 19.7 ਮਿਲੀਅਨ ਨਕਦ ਵਿਕਲਪ ਵਜੋਂ ਲਿਆ ਜਾ ਸਕਦਾ ਹੈ। ਜੇਕਰ ਇਨਾਮ ਦਾ ਦਾਅਵਾ ਨਹੀਂ ਕੀਤਾ ਜਾਂਦਾ, ਤਾਂ 19.7 ਮਿਲੀਅਨ ਡਾਲਰ ਕੈਲੀਫੋਰਨੀਆ ਦੇ ਪਬਲਿਕ ਸਕੂਲ ਵਿੱਚ ਜਾਣਗੇ। ਇਸਦੇ ਨਾਲ ਹੀ ਟਿਕਟ ਵੇਚਣ ਵਾਲੇ ਸਟੋਰ ਨੂੰ ਵੀ 130,000 ਡਾਲਰ ਦਾ ਬੋਨਸ ਮਿਲੇਗਾ।



# ਸਾਬਕਾ ਵਿਧਾਇਕ ਸਰਦਾਰ ਜਰਨੈਲ ਸਿੰਘ ਦੀ ਕੋਰੋਨਾ ਨਾਲ ਮੌਤ

ਦਿੱਲੀ ਤੋਂ ਸਾਬਕਾ ਵਿਧਾਇਕ ਸਰਦਾਰ ਜਰਨੈਲ ਸਿੰਘ ਦੀ ਕੋਰੋਨਾ ਨਾਲ ਮੌਤ ਹੋ ਗਈ। ਉਹ 48 ਸਾਲਾਂ ਦੇ ਸਨ। ਸ. ਜਰਨੈਲ ਸਿੰਘ ਪਿਛਲੇ ਦਿਨਾਂ ਅੰਦਰ ਕੋਰੋਨਾ ਦੀ ਲਪੇਟ ਵਿਚ ਆ ਗਏ ਸਨ ਤੇ ਹਸਪਤਾਲ ਦਾਖਲ ਸਨ।

2009 ਵਿੱਚ ਉਨ੍ਹਾਂ ਵੱਲੋਂ 1984 ਮੁੱਦੇ ਤੇ ਜਦੋਂ ਉਹ ਪੱਤਰਕਾਰ ਸਨ ਉਸ ਸਮੇਂ ਉਨ੍ਹਾਂ ਵੱਲੋਂ ਮੌਜੂਦਾ ਕਾਂਗਰਸ ਸਰਕਾਰ ਦੇ ਕੇਂਦਰੀ ਗ੍ਰਹਿ ਮੰਤਰੀ ਪੀ ਚਿਦੰਬਰਮ ਵੱਲ ਜੁੱਤੀ ਸੁੱਟਕੇ ਵਿਰੋਧ ਜਤਾਇਆ ਗਿਆ ਸੀ। ਉਸ ਤੋਂ ਬਾਅਦ ਉਹ ਨਵੀਂ ਹੋਂਦ ਵਿੱਚ ਆਈ ਪਾਰਟੀ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਕੇ 2013 ਵਿੱਚ ਰਾਜੌਰੀ ਗਾਰਡਨ ਤੋਂ ਚੋਣ ਲੜਕੇ ਵਿਧਾਇਕ ਜਿੱਤੇ ਸਨ। ਦੂਜੀਆਂ ਮਨੂਵਾਦੀ ਪਾਰਟੀਆ ਵਾਂਗ ਹੀ ਸਿੱਖ ਵਿਰੋਧੀ ਮਾਨਸਿਕਤਾ ਤਹਿਤ 2019 ਵਿੱਚ ਉਹਨਾਂ ਨੂੰ ਆਮ ਆਦਮੀ ਪਾਰਟੀ ਵਿਚੋਂ ਸਸਪੈਂਡ ਕਰ ਦਿੱਤਾ ਗਿਆ ਸੀ, ਕਿ ਸਰਦਾਰ ਜਰਨੈਲ ਸਿੰਘ ਜੀ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਤੇ ਅਧਾਰਿਤ ਪੋਸਟ ਫੇਸਬੁੱਕ ਉਪਰ ਪਾਈ ਗਈ ਸੀ।

ਜਦੋਂਕਿ ਸਰਦਾਰ ਜਰਨੈਲ ਸਿੰਘ ਜੀ ਨੇ ਆਮ ਆਦਮੀ ਪਾਰਟੀ ਨੂੰ ਸਮਰਪਿਤ ਹੁੰਦੇ ਹੋਏ ਆਪਣੀ ਐਮ ਐਲ ਏ ਸੀਟ ਤੋਂ ਅਸਤੀਫਾ ਦੇਕੇ ਪਾਰਟੀ ਹਿਤ ਵਿਚ ਪੰਜਾਬ ਤੋਂ ਚੋਣ ਲੜੀ ਅਤੇ ਹਾਰ ਗਏ ਸਨ। ਸਰਦਾਰ ਜਰਨੈਲ ਸਿੰਘ ਨੇ 1984 ਦੇ ਸਿੱਖ ਕਤਲੇਆਮ ਬਾਰੇ ਕਿਤਾਬ ਵੀ ਲਿਖੀ ਸੀ। ਸਰਦਾਰ ਜਰਨੈਲ ਸਿੰਘ ਸੱਚਾ ਗੁਰੂ ਦਾ ਸਿੱਖ ਸੀ ਅਤੇ ਅਣਖੀ ਸੋਚ ਨਾਲ ਪਰਨਾਇਆ ਹੋਇਆ ਸੀ, ਬਹੁਜਨ ਸਮਾਜ ਪਾਰਟੀ ਪੰਜਾਬ ਗੁਰੂ ਦੇ ਸੱਚੇ ਸਿੱਖ, ਅਣਖੀਲੇ ਸਰਦਾਰ ਜਰਨੈਲ ਸਿੰਘ ਜੀ ਨੂੰ ਸ਼ਰਧਾਂਜਲੀ ਭੇਂਟ ਕਰਦੀ ਹੈ।

**(ਜਸਵੀਰ ਸਿੰਘ ਗੜ੍ਹੀ)**
**ਸੂਬਾ ਪ੍ਰਧਾਨ, ਬਹੁਜਨ ਸਮਾਜ ਪਾਰਟੀ, ਪੰਜਾਬ।**







# ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ, ਪੰਜਾਬ (ਰਜਿ) ਵੱਲੋਂ ਮਹਾਨ ਦੇਸ਼ ਭਗਤ ਗ਼ਦਰੀ ਬਾਬਾ ਬਾਬੂ ਮੰਗੂ ਰਾਮ ਮੂਗੋਵਾਲੀਆ ਜੀ ਦਾ ਕਿਤਾਬਚਾ ਜਾਰੀ ਕੀਤਾ ਗਿਆ






## ਆਸਟ੍ਰੇਲੀਆ ਦੇ ਸਕੂਲਾਂ 'ਚ ਸਿੱਖ ਬੱਚਿਆਂ ਦੇ 'ਕਿਰਪਾਨ' ਪਹਿਨਣ 'ਤੇ ਪਾਬੰਦੀ

**ਸਿਡਨੀ–** ਆਸਟ੍ਰੇਲੀਆ ਦੇ ਸਭ ਤੋਂ ਵੱਡੇ ਨਿਊ ਸਾਊਥ ਵੈਲਜ਼ ਨੇ ਆਪਣੇ ਸਕੂਲਾਂ 'ਚ ਸਿੱਖ ਧਾਰਮਿਕ ਚਿੰਨ੍ਹ ਕਿਰਪਾਨ ਲੈ ਕੇ ਆਉਣ 'ਤੇ ਪਾਬੰਦੀ ਲਾ ਦਿੱਤੀ ਹੈ। ਇਕ ਸਕੂਲ 'ਚ ਇਕ ਵਿਦਿਆਰਥੀ ਦੁਆਰਾ ਕਥਿਤ ਤੌਰ 'ਤੇ ਕਿਰਪਾਨ ਨਾਲ ਦੂਜਿਆਂ ਨੂੰ ਜ਼ਖ਼ਮੀ ਕਰਨ ਤੋਂ ਬਾਅਦ ਇਹ ਫੈਸਲਾ ਲਿਆ ਗਿਆ। 6 ਮਈ ਨੂੰ ਸਿਡਨੀ ਦੇ ਗਲੇਨਵੁਡ ਹਾਈ ਸਕੂਲ 'ਚ ਇਕ ਵਿਦਿਆਰਥੀ ਲਹੂ–ਲਹਾਨ ਪਿਆ ਸੀ ਜਿਸ ਤੋਂ ਬਾਅਦ ਪੁਲਿਸ ਤੇ ਐਂਬੂਲੈਂਸ ਬੁਲਾਈ ਗਈ। ਪੁਲਿਸ ਨੂੰ ਦੱਸਿਆ ਗਿਆ ਕਿ ਇਕ ਵਿਦਿਆਰਥੀ ਨੇ ਉਸ ਨੂੰ ਚਾਕੂ ਮਾਰ ਦਿੱਤਾ ਸੀ। 16 ਸਾਲ ਦੇ ਵਿਦਿਆਰਥੀ ਨੂੰ ਫੌਰਨ ਹਸਪਤਾਲ ਲੈ ਜਾਇਆ ਗਿਆ ਜਦਕਿ 14 ਸਾਲ ਦੇ ਇਕ ਵਿਦਿਆਰਥੀ ਨੂੰ ਗ੍ਰਿਫਤਾਰ ਕਰ ਲਿਆ ਗਿਆ। ਉਸ 'ਤੇ ਜਾਨਲੇਵਾ ਹਮਲਾ ਕਰਨ ਦੇ ਦੋਸ਼ਾਂ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ ਤੇ ਫਿਲਹਾਲ ਉਹ ਜ਼ਮਾਨਤ 'ਤੇ ਹੈ। ਦੋਵੇਂ ਵਿਦਿਆਰਥੀਆਂ 'ਚ ਝਗੜੇ ਦਾ ਮਾਮਲਾ ਲੱਗਣ ਵਾਲੇ ਇਸ ਮਾਮਲੇ 'ਚ ਅੰਤਰਰਾਸ਼ਟਰੀ ਪੱਧਰ 'ਤੇ ਲਹਿਰ ਪੈਦਾ ਕਰ ਦੇਣ ਦੀ ਸੰਭਾਵਨਾ ਹੈ ਕਿਉਂ ਕਿ ਇਸ ਘਟਨਾ ਮੂਲ ਰੂਪ 'ਚ ਧਰਮ ਵੀ ਹੈ ਤੇ ਬੁਲਿੰਗ ਵੀ, ਦੋਸ਼ ਹੈ ਕਿ ਸਿੱਖ ਭਾਈਚਾਰੇ ਨਾਲ ਸਬੰਧ ਰੱਖਣ ਵਾਲੇ ਦੋਸ਼ੀ ਵਿਦਿਆਰਥੀ ਨੇ ਆਪਣੀ ਕਿਰਪਾਨ ਨਾਲ ਆਪਣੇ ਸਹਿਪਾਠੀ 'ਤੇ ਹਮਲਾ ਕੀਤਾ ਸੀ। ਇਸ ਤੋਂ ਬਾਅਦ ਆਸਟ੍ਰੇਲੀਆ 'ਚ ਸਕੂਲਾਂ 'ਚ ਕਿਰਪਾਨ ਲੈ ਕੇ ਆਉਣ ਦੀ ਇਜਾਜ਼ਤ 'ਤੇ ਵਿਵਾਦ ਹੋ ਰਿਹਾ ਹੈ। ਨਿਊ ਸਾਊਥ ਵੈਲਜ਼ ਦੀ ਮੁੱਖ ਮੰਤਰੀ ਨੇ ਕਿਹਾ ਕਿ ਉਹ ਹੈਰਾਨ ਹੈ ਕਿ ਵਿਦਿਆਰਥੀ ਸਕੂਲਾਂ 'ਚ ਚਾਕੂ ਲੈ ਕੇ ਆ ਸਕਦੇ ਹਨ। ਆਸਟ੍ਰੇਲੀਆ ਦਾ ਸਿੱਖ ਭਾਈਚਾਰਾ ਸਰਕਾਰ ਦੇ ਇਸ ਫੈਸਲੇ ਨਾਲ ਜ਼ਿਆਦਾ ਖ਼ੁਸ਼ ਨਹੀਂ ਹੈ। ਆਸਟ੍ਰੇਲੀਅਨ ਸਿੱਖ ਐਸੋਸੀਏਸ਼ਨ ਦੇ ਪ੍ਰਧਾਨ ਰਵਿੰਦਰਜੀਤ ਸਿੰਘ ਕਹਿੰਦੇ ਹਨ ਕਿ ਕਿਰਪਾਨ ਨੂੰ ਸਿੱਖ ਸਦੀਆਂ ਤੋਂ ਇਕ ਧਾਰਮਿਕ ਚਿੰਨ੍ਹ ਦੇ ਰੂਪ 'ਚ ਧਾਰਨ ਕਰ ਰਹੇ ਹਨ। ਉਹ ਕਹਿੰਦੇ ਹਨ– ਬਰਤਾਨੀਆ, ਫਰਾਂਸ, ਆਸਟ੍ਰੇਲੀਆ ਤੇ ਹੋਰ ਕਈ ਦੇਸ਼ਾਂ ਦੇ ਫ਼ੌਜੀਆਂ ਨੇ ਪਹਿਲਾਂ ਤੇ ਦੂਜੇ ਵਿਸ਼ਵ ਯੁੱਧ 'ਚ ਸਿੱਖਾਂ ਦੀ ਬਹਾਦੁਰੀ ਨੂੰ ਸਨਮਾਨ ਦੇਣ ਲਈ ਕਿਰਪਾਨ ਨੂੰ ਮਾਨਤਾ ਦਿੱਤੀ ਹੈ। ਇਸ 'ਚ ਗਲੀਪਲੀ ਦੀ ਲੜਾਈ ਵੀ ਸ਼ਾਮਲ ਹੈ। ਪਹਿਲੇ ਵਿਸ਼ਵ ਯੁੱਧ 'ਚ ਤੁਰਕੀ ਦੇ ਗਲੀਪਲੀ 'ਚ ਹੋਈ ਲੜਾਈ 'ਚ ਬਹੁਤ ਸਾਰੇ ਸਿੱਖ ਆਸਟ੍ਰੇਲੀਆ ਵਲੋਂ ਲੜੇ ਸੀ।



## ਨਿਊਜ਼ੀਲੈਂਡ ਹਾਈ ਕਮਿਸ਼ਨ ਨਵੀਂ ਦਿੱਲੀ ਦਾ ਬਜ਼ੁਰਗ ਮੁਲਾਜ਼ਮ ਕਰੋਨਾ ਕਾਰਨ ਚੱਲ ਵਸਿਆ

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)**–ਨਵੀਂ ਦਿੱਲੀ ਸਥਿਤ ਨਿਊਜ਼ੀਲੈਂਡ ਹਾਈ ਕਮਿਸ਼ਨ ਦਾ ਇਕ ਬਜ਼ੁਰਗ ਮੁਲਾਜ਼ਮ ਕਰੋਨਾ ਦੀ ਮਾਰ ਨਾ ਝਲਦਾ ਹੋਇਆ ਇਸ ਜਹਾਨ ਤੋਂ 16 ਮਈ ਨੂੰ ਤੁਰ ਗਿਆ। ਭਾਰਤ ਨਾਲ ਸਬੰਧਿਤ ਇਹ ਮੁਲਾਜ਼ਮ 1986 ਤੋਂ ਕਮਿਸ਼ਨ ਵਿਚ ਆਪਣੀ ਨੌਕਰੀ ਕਰ ਰਿਹਾ ਸੀ। ਉਸ ਸਮੇਂ ਪਰਬਤ ਆਰੋਹੀ ਸਰ ਐਡਮੰਡ ਹਿਲੇਰੀ ਉਥੇ ਹਾਈ ਕਮਿਸ਼ਨਰ ਹੋਇਆ ਕਰਦੇ ਸਨ। ਉਹ 1985 ਤੋਂ 1989 ਤੱਕ ਹਾਈ ਕਮਿਸ਼ਨਰ ਰਹੇ। ਇਸ ਮੁਲਾਜ਼ਮ ਨੂੰ ਬਿਮਾਰ ਹੋਣ 'ਤੇ ਹਸਪਤਾਲ ਦੇ ਵਿਚ ਭਰਤੀ ਕਰਵਾਇਆ ਗਿਆ ਸੀ, ਜਿੱਥੇ ਦੋ ਦਿਨ ਬਾਅਦ ਉਸਦੀ ਮੌਤ ਹੋ ਗਈ। ਵਿਦੇਸ਼ ਮੰਤਰੀ ਨਾਨਾਇਆ ਮਾਹੂਟਾ ਨੇ ਗਹਿਰਾ ਅਫਸੋਸ ਪ੍ਰਗਟ ਕੀਤਾ ਹੈ। ਹਾਈ ਕਮਿਸ਼ਨ ਦੇ ਵਿਚ ਕੰਮ ਕਰਦੇ 6 ਹੋਰ ਮੁਲਾਜ਼ਮ ਵੀ ਕਰੋਨਾ ਦੀ ਲਾਗ ਨਾਲ ਦਾਗੀ ਹੋਏ ਸਨ ਪਰ ਠੀਕ ਹੋ ਗਏ। ਤਿੰਨ ਦਾ ਕੋਵਿਡ ਨਤੀਜਾ ਨੈਗੇਟਿਵ ਆ ਚੁੱਕਾ ਹੈ। ਭਾਰਤ ਤੋਂ ਕੰਮ ਕਰਦੇ ਸਟਾਫ ਮੈਂਬਰ ਕਰੋਨਾ ਪਾਜੇਟਿਵ ਪਾਏ ਗਏ ਹਨ ਪਰ ਨਿਊਜ਼ੀਲੈਂਡ ਵਾਲੇ ਬਚੇ ਹੋਏ ਹਨ। ਵਰਨਣਯੋਗ ਹੈ ਕਿ ਮਈ ਮਹੀਨੇ ਦੇ ਪਹਿਲੇ ਹਫਤੇ ਇਕ ਬਿਮਾਰ ਸਟਾਫ ਮੈਂਬਰ ਵਾਸਤੇ ਸੋਸ਼ਲ ਮੀਡੀਆ ਉਤੇ ਹਾਈ ਕਮਿਸ਼ਨ ਨੇ ਆਕਸੀਜਨ ਮੰਗ ਲਈ ਸੀ, ਜਿਸ ਤੋਂ ਬਾਅਦ ਉਸਦਾ ਕਈ ਤਰ੍ਹਾਂ ਵਿਰੋਧ ਹੁੰਦਾ ਰਿਹਾ ਸੀ, ਇਹ ਤਰੀਕਾ ਠੀਕ ਨਹੀਂ ਸੀ। ਮਰਨ ਵਾਲਾ ਵਿਅਕਤੀ ਵੀ ਉਸ ਸਮੇਂ ਇਸ ਲੋੜ ਦੀ ਕੇਂਦਰ ਵਿਚ ਸੀ। ਵਿਦੇਸ਼ ਮੰਤਰੀ ਨੇ ਕਿਹਾ ਕਿ ਕੁਝ ਸਮਾਂ ਪਹਿਲਾਂ ਦੋ ਸਟਾਫ ਮੈਂਬਰ ਵਾਪਿਸ ਨਿਊਜ਼ੀਲੈਂਡ ਪਰਤੇ ਸਨ ਤੇ ਵਾਪਿਸ ਚਲੇ ਗਏ ਹਨ, ਪਰ ਹੁਣ ਹੋਰ ਕੋਈ ਸਟਾਫ ਮੈਂਬਰ ਵਾਪਿਸ ਨਿਊਜ਼ੀਲੈਂਡ ਨਹੀਂ ਪਰਤ ਰਿਹਾ। ਨਿਊਜ਼ੀਲੈਂਡ ਦਾ ਵਿਦੇਸ਼ਾਂ ਵਿਚ 1100 ਦੇ ਕਰੀਬ ਸਟਾਫ ਕੰਮ ਕਰਦਾ ਹੈ ਅਤੇ ਸਰਕਾਰ ਸਾਰਿਆਂ ਦਾ ਧਿਆਨ ਰੱਖ ਰਹੀ ਹੈ। ਭਾਰਤ ਦੇ ਵਿਚ ਬਹੁਤ ਸਾਰੇ ਸਿਟੀਜ਼ਨ ਵਾਪਿਸ ਪਰਤਣ ਲਈ ਕਾਹਲੇ ਪਏ ਹਨ ਪਰ ਫਲਾਈਟਾਂ ਨਾ ਹੋਣ ਕਰਕੇ ਸਰਕਾਰ ਉਤੇ ਦਬਾਅ ਹੈ ਕਿ ਉਹ ਦੁਬਾਰਾ ਰੀਪੈਟਰੀਏਸ਼ਨ ਫਲਾਈਟਾਂ ਚਲਾਏ। ਪਰ ਸਰਕਾਰ ਦਾ ਅਜੇ ਇਸ ਤਰ੍ਹਾਂ ਦਾ ਕੋਈ ਇਰਾਦਾ ਨਹੀਂ ਹੈ।


Law Office of
NIRWAN & ASSOCIATES
www.nirwanlaw.com



Business Incorporation
Articles of Incorp
Dissolution
501 © Non-Profit

Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831



A & S
Auto Repair & Services
Specializing in Brakes & Axles
Mon-Fri 9:00 AM to 6:00 PM Saturday 9:00 AM to 5:00 PM
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics



Ph: 916-238-4431
649 W. Elkhorn Blvd. Suite B2
Rio Linda, CA 95673



Amarjit Sandhu

# ਬਿਅਦਬੀ ਅਤੇ ਉਸ ਉਪਰੰਤ ਹੋਏ ਗੋਲ਼ੀ-ਕਾਂਡ ਬਾਰੇ ਸਿਆਸੀ ਤੁਹਮਤਬਾਜੀ

## ਨਾਲ਼ੇ ਚੋਰ ਨਾਲ਼ੇ ਚਤਰ ਦੀ ਕਹਾਵਤ ਵਾਲ਼ੀ ਗੱਲ ਨਾ ਕਰੋ ਸੁਖਬੀਰ ਸਿੰਘ ਬਾਦਲ ਜੀ- ਦੁਪਾਲ ਪੁਰ

**ਸੈਨਹੋਜ਼ੇ–** ਕੈਪਟਨ ਸਰਕਾਰ ਵਲੋਂ ਗਠਿਤ ਨਵੀਂ 'ਸਿਟ' ਵਲੋਂ ਕਾਰਵਾਈ ਅਰੰਭ ਹੋਣ ਮੌਕੇ ਸੁਖਬੀਰ ਸਿੰਘ ਬਾਦਲ ਨੇ ਬੀਤੇ ਦਿਨੀ ਜੋ ਇਹ ਬਿਆਨ ਦਿੱਤਾ ਹੈ ਕਿ ਕਾਂਗਰਸ,ਨਵਜੋਤ ਸਿੰਘ ਸਿੱਧੂ ਅਤੇ 'ਆਪ' ਵਾਲ਼ੇ ਬਾਦਲ ਪ੍ਰਵਾਰ ਵਿਰੁੱਧ ਬਿਅਦਬੀ ਕਾਂਡ ਬਾਰੇ ਸਬੂਤ ਦੇਣ। ਉਨ੍ਹਾਂ ਦੇ ਇਸ ਬਿਆਨ ਦੀ ਸ਼ਬਦਾਵਲੀ 'ਨਾਲੇ ਚੋਰ ਨਾਲੇ ਚਤਰ' ਵਾਲ਼ੀ ਕਹਾਵਤ ਚੇਤੇ ਕਰਵਾਉਂਦੀ ਜਾਪਦੀ ਹੈ। ਪੰਜਾਬ ਦੀ ਸਿਆਸਤ ਵਿਚ ਬਣੇ ਅਜੋਕੇ ਹਾਲਾਤਾਂ ਬਾਰੇ ਇਕ ਲਿਖਤੀ ਬਿਆਨ ਜਾਰ੍ਹੀ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੈਂਬਰ ਅਤੇ ਪ੍ਰਵਾਸੀ ਲੇਖਕ ਤਰਲੋਚਨ ਸਿੰਘ 'ਦੁਪਾਲ ਪੁਰ' ਨੇ ਕਿਹਾ ਕਿ ਦੋ ਸਾਬਕਾ ਜੱਜ ਸਾਹਿਬਾਨ ਦੀਆਂ ਜਾਂਚ ਰਿਪੋਰਟਾਂ ਅਤੇ ਕੁੰਵਰ ਵਿਜੈ ਪ੍ਰਤਾਪ ਸਿੰਘ ਵਾਲ਼ੀ 'ਸਿਟ' ਦੀ ਰਿਪੋਰਟ ਵਿਚ ਬਾਦਲ ਰਾਜ ਵਿਰੁੱਧ ਸਬੂਤ ਹੀ ਤਾਂ ਭਰੇ ਪਏ ਹਨ? ਇਹ ਵੱਖਰੀ ਗੱਲ ਹੈ ਧਨ ਦੇ ਅੰਬਾਰਾਂ ਅਤੇ ਸਿਆਸੀ ਗੁਪਤੀ ਸਾਂਝਾਂ ਦੀ ਬਦੌਲਤ ਦੋਵੇਂ ਬਾਦਲ ਅਦਾਲਤੀ ਕਟਹਿਰੇ ਤੋਂ ਬਚਦੇ ਆ ਰਹੇ ਹਨ।

ਪੰਜਾਬ ਵਿਚ ਕੀੜੀ ਵੀ ਤੁਰੀ ਜਾਂਦੀ ਦਿਸਣ ਦੇ ਦਾਅਵੇ ਕਰਨ ਵਾਲ਼ੇ ਬਜ਼ੁਰਗ ਬਾਦਲ ਨੂੰ ਪਿੰਡ ਬੁਰਜ ਜਵਾਹਰ ਸਿੰਘ ਵਾਲ਼ੇ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਚੋਰੀ ਕਰਨ ਵਾਲ਼ੇ ਅਤੇ ਮਗਰੋਂ ਗੁਰਬਾਣੀ ਦੇ ਅੰਗ ਖਿਲਾਰਨ ਵਾਲ਼ੇ ਨਜ਼ਰ ਨਾ ਆਉਣੇ, ਕੀ ਇਹ ਸਬੂਤ ਨਹੀਂ ਹੈ? ਸੁਖਬੀਰ ਸਿੰਘ ਬਾਦਲ ਜੀ ਤੁਸੀਂ ਗ੍ਰਹਿ ਮੰਤਰੀ ਹੁੰਦਿਆਂ ਪੁਲੀਸ ਨੂੰ ਆਪ ਕੋਟਕਪੂਰੇ ਅਤੇ ਬਹਿਬਲ ਕਲਾਂ ਭੇਜ ਕੇ ਨਿਰਦੋਸ਼ ਸੰਗਤ ਉੱਤੇ ਗੋਲ਼ੀ ਚਲਾਉਣ ਦਾ ਹੁਕਮ ਦਿੰਦੇ ਹੋ, ਪਰ ਬਾਅਦ ਵਿਚ ਗੋਲ਼ੀ ਚਲਾਉਣ ਵਾਲਿਆਂ ਨੂੰ ਗਿਣ-ਮਿਥ ਕੇ 'ਅਣਪਛਾਤੇ' ਲਿਖਵਾਉਂਦੇ ਹੋ! ਕੀ ਇਹ ਤੁਹਾਡੇ ਖਿਲਾਫ ਸਬੂਤ ਨਹੀਂ ? ਇਸ ਤੋਂ ਇਲਾਵਾ ਪੰਥਕ ਕੇਂਦਰ ਉੱਤੇ ਤੁਹਾਡੇ ਪ੍ਰਵਾਰ ਦਾ ਕਬਜਾ ਹੋਣ ਕਰਕੇ ਤੁਸੀਂ ਸ੍ਰੀ ਅੰਮ੍ਰਿਤਸਰ ਵਿਖੇ ਸੌਦੇ ਸਾਧ ਦੇ ਪੈਰੋਕਾਰਾਂ ਦੀਆਂ ਵੋਟਾਂ ਲੈਣ ਲਈ ਕੀ ਕੀ ਕੁੱਝ ਕੀਤਾ ਇਹ ਸਚਾਈ ਜੱਗ ਜ਼ਾਹਰ ਹੋ ਚੁੱਕੀ ਹੈ। ਕਦੇ ਸੌਦੇ ਸਾਧ ਦੇ ਹੱਕ ਵਿਚ ਹੁਕਮਨਾਮੇ ਜਾਰ੍ਹੀ ਕਰਵਾਏ ਕਦੇ ਹੁਕਮਨਾਮਿਆਂ ਨੂੰ ਜਾਇਜ਼ ਠਹਿਰਾਉਣ ਲਈ ਗੁਰੂ ਕੀ ਗੋਲ੍ਹਕ ਵਿਚੋਂ ਲੱਖਾਂ ਰੁਪਏ ਕਢਾ ਕੇ ਇਸ਼ਤਿਹਾਰ ਛਪਵਾਏ। ਸ੍ਰੀ ਅਕਾਲ ਤਖਤ ਸਾਹਿਬ ਤੋਂ ਕਦੇ ਮੁਆਫੀਨਾਮੇ ਪ੍ਰਵਾਨ ਕਰਵਾਏ ਕਦੇ ਰੱਦ ਕਰਵਾਏ। ਇਹ ਸਾਰਾ ਕੁੱਝ ਬਾਦਲ ਪ੍ਰਵਾਰ ਦੇ ਹੁਕਮਾਂ ਅਧੀਨ ਹੀ ਕੀਤਾ ਕਰਵਾਇਆ ਗਿਆ। ਪੱਚੀ ਸਾਲ ਰਾਜ ਕਰਨ ਦੇ ਆਪਣੇ ਸੁਪਨੇ ਸਾਕਾਰ ਕਰਨ ਲਈ ਤੁਸੀਂ ਜੋ ਬੇਕਿਰਕ ਹੋ ਕੇ ਧਰਮ ਸਿਧਾਂਤਾਂ ਰਵਾਇਤਾਂ ਦੀਆਂ ਧੱਜੀਆਂ ਉਡਾਈਆਂ ਉਹ ਸਭ ਤੋਂ ਵੱਡੇ ਸਬੂਤ ਹੀ ਹਨ,ਬਿਅਦਬੀ ਅਤੇ ਉਸਤੋਂ ਉਪਰੰਤ ਹੋਏ ਗੋਲ਼ੀ ਕਾਂਡ ਵਿਚ ਤੁਹਾਡੀ ਸ਼ਮੂਲੀਅਤ ਦੇ। ਕੁੰਵਰ ਵਿਜੇ ਪ੍ਰਤਾਪ ਸਿੰਘ ਦੀ ਰਿਪੋਰਟ ਰੱਦ ਹੋਣ ਵਾਲ਼ੇ ਅਦਾਲਤ ਦੇ ਅਭਾਗੇ ਫੈਸਲੇ 'ਤੇ ਸਾਰੇ ਸਿੱਖ ਜਗਤ ਵਿਚ ਸੋਗ ਛਾਅ ਗਿਆ ਸੀ ਪਰ ਬਾਦਲ ਪ੍ਰਵਾਰ ਜਸ਼ਨ ਮਨਾ ਰਿਹਾ ਸੀ। ਜਿਸ ਮੱਕਾਰੀ ਅਤੇ ਢੀਠਤਾਈ ਨਾਲ ਤੁਸੀਂ ਹੁਣ ਸਫਾਈਆਂ ਦੇ ਕੇ ਬੇਗੁਨਾਹ ਬਣ ਬਣ ਕੇ ਦੱਸਦੇ ਹੋ ਇੰਜ ਤਾਂ ਗਾਂਧੀ ਪ੍ਰਵਾਰ ਵੀ ਕਹਿ ਸਕਦਾ ਹੈ ਕਿ ਦਿੱਲੀ ਦੇ ਨਵੰਬਰ ਚੁਰਾਸੀ ਵਾਲ਼ੇ ਸਿੱਖ ਕਤਲੇਆਮ ਵਿਚ ਸਾਡੇ ਗਾਂਧੀ ਪ੍ਰਵਾਰ ਦੀ ਸ਼ਮੂਲੀਅਤ ਦੇ ਸਾਨੂੰ ਸਬੂਤ ਦਿਖਾਲ਼ੋ ? ਸਾਬਕਾ ਮੁੱਖ ਮੰਤਰੀ ਬਿਅੰਤ ਸਿੰਘ ਦਾ ਟੱਬਰ ਵੀ ਕਹੇ ਗਾ ਕਿ ਖਾੜਕੂਵਾਦ ਵੇਲੇ ਸਿੱਖ ਨੌਜਵਾਨ ਮਾਰੇ ਜਾਣ ਪਿੱਛੇ ਸਾਡੇ ਬਜ਼ੁਰਗ ਦਾ ਕੋਈ ਹੱਥ ਨਹੀਂ ਸੀ? ਸ੍ਰੀ ਮਾਨ ਜੀ ਚੰਗਾ ਜਾਂ ਮਾੜਾ, ਜੋ ਵੀ ਹੋਇਆ ਹੋਵੇ ਉਹ ਸਬੰਧਿਤ ਸਰਕਾਰ ਦੇ ਮੱਥੇ ਉੱਤੇ ਹੀ ਲਗਦਾ ਹੁੰਦਾ ਹੈ।



ਅੰਤ ਵਿਚ ਸਰਦਾਰ ਦੁਪਾਲ ਪੁਰ ਨੇ ਕਿਹਾ ਕਿ ਹੋ ਸਕਦਾ ਹੈ ਕਿ ਕੈਪਟਨ ਸਰਕਾਰ ਨਾਲ ਤੁਹਾਡੀ ਕਿਸੇ ਗੁਪਤ ਸੌਦੇਬਾਜੀ ਕਾਰਨ ਨਵ-ਗਠਿਤ 'ਸਿਟ' ਵੀ ਤੁਹਾਨੂੰ ਸਜ਼ਾ ਦੇ ਭਾਗੀ ਨਾ ਬਣਾਵੇ ਪਰ ਇਤਹਾਸ ਅਤੇ ਗੁਰੂ ਨਾਨਕ ਨਾਮ ਲੇਵਾ ਜਨ-ਸਮੂਹ ਦੇ ਦਿਲਾਂ ਵਿਚ ਤੁਸੀਂ ਬੱਜਰ ਪਾਪ ਦੇ ਗੁਨਾਹਗਾਰ ਵਜੋਂ ਲਿਖੇ ਜਾ ਚੁੱਕੇ ਹੋ!

# ਅੰਮ੍ਰਿਤਸਰ ਵਿਕਾਸ ਮੰਚ ਵੱਲੋਂ ਸ੍ਰੀ ਰਘੂਨੰਦਨ ਲਾਲ ਭਾਟੀਆ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ



**ਅੰਮ੍ਰਿਤਸਰ–** ਅੰਮ੍ਰਿਤਸਰ ਵਿਕਾਸ ਮੰਚ ਵੱਲੋਂ ਸਾਬਕਾ ਕੇਂਦਰੀ ਰਾਜ ਮੰਤਰੀ ਤੇ ਸਾਬਕਾ ਲੋਕ ਸਭਾ ਮੈਂਬਰ ਸ੍ਰੀ ਰਘੂਨੰਦਨ ਲਾਲ ਭਾਟੀਆ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਪ੍ਰੈਸ ਨੂੰ ਜਾਰੀ ਇੱਕ ਸਾਂਝੇ ਬਿਆਨ ਵਿੱਚ ਮੰਚ ਦੇ ਸਰਪ੍ਰਸਤ ਪ੍ਰੋ. ਮੋਹਣ ਸਿੰਘ, ਇੰਜ ਹਰਜਾਪ ਸਿੰਘ ਔਜਲਾ, ਡਾ. ਚਰਨਜੀਤ ਸਿੰਘ ਗੁਮਟਾਲਾ, ਦਲਜੀਤ ਸਿੰਘ ਕੋਹਲੀ, ਸ੍ਰੀ ਅੰਮ੍ਰਿਤ ਲਾਲ ਮੰਨਣ, ਪ੍ਰਧਾਨ ਸ. ਮਨਮੋਹਨ ਸਿੰਘ ਬਰਾੜ, ਸੀਨੀਅਰ ਮੀਤ ਪ੍ਰਧਾਨ ਸ. ਹਰਦੀਪ ਸਿੰਘ ਚਾਹਲ ਤੇ ਡਾ. ਇੰਦਰਜੀਤ ਸਿੰਘ ਗੋਗੋਆਣੀ, ਮੀਤ ਪ੍ਰਧਾਨ ਸੁਰਿੰਦਰ ਜੀਤ ਸਿੰਘ ਬਿੱਟੂ, ਸ. ਗਿਆਨ ਸਿੰਘ ਸੱਗੂ, ਜਨਰਲ ਸਕੱਤਰ ਸ. ਨਿਸ਼ਾਨ ਸਿੰਘ ਸੋਹੀ ਤੇ ਸਮੂਹ ਮੈਂਬਰਾਨ ਨੇ ਕਿਹਾ ਕਿ ਸ੍ਰੀ ਰਘੂਨੰਦਨ ਲਾਲ ਭਾਟੀਆ ਇੱਕ ਉੱਚ ਕੋਟੀ ਦੇ ਸੁਲਝੇ ਹੋਏ ਸਿਆਸਤਦਾਨ ਸਨ। ਉਹ ਬੀ.ਏ.ਐਲ.ਐਲ.ਬੀ. ਸਨ।

ਉਹ 1972 ਵਿੱਚ ਪਹਿਲੀ ਵਾਰ ਅੰਮ੍ਰਿਤਸਰ ਤੋਂ ਲੋਕ ਸਭਾ ਮੈਂਬਰ ਚੁੱਣੇ ਗਏ। ਉਹ ਪੰਜ ਵਾਰ ਲੋਕ ਮੈਂਬਰ ਚੁੱਣੇ ਗਏ। ਉਨ੍ਹਾਂ ਨੇ ਵਿਦੇਸ਼ ਰਾਜ ਮੰਤਰੀ ਤੋਂ ਇਲਾਵਾ ਕਈ ਕਮੇਟੀਆਂ ਦੇ ਮੈਂਬਰ, ਕੇਰਲਾ ਤੇ ਬਿਹਾਰ ਦੇ ਗਵਰਨਰ ਵੀ ਰਹੇ। ਉਨ੍ਹਾਂ ਨੇ ਕਈ ਅੰਤਰ ਰਾਸ਼ਟਰੀ ਕਾਨਫਰੰਸਾਂ ਵਿਚ ਭਾਗ ਲਿਆ ਤੇ ਕਾਂਗਰਸ ਪਾਰਟੀ ਦੇ ਕਈ ਉੱਚ ਆਹੁਦਿਆਂ ਤੇ ਵੀ ਰਹੇ। ਉਹ ਸਮਾਜਿਕ ਗਤੀਵਿਧੀਆਂ ਵਿੱਚ ਵੀ ਵੱਧ ਚੜ੍ਹ ਕੇ ਹਿੱਸਾ ਲੈਂਦੇ ਰਹੇ। ਅੰਮ੍ਰਿਤਸਰ ਵਿਕਾਸ ਮੰਚ ਵੱਲੋਂ 5 ਜੂਨ 1996 ਵਿੱਚ ਵਿਸ਼ਵ ਵਾਤਾਵਰਣ ਦਿਵਸ ਮੌਕੇ 'ਤੇ ਕਰਵਾਏ ਗਏ ਗੁਰੂ ਨਾਨਕ ਭਵਨ ਵਿੱਚ ਸੈਮੀਨਾਰ ਔਰਤਾਂ ਅਤੇ ਵਾਤਾਵਰਣ ਵਿੱਚ ਉਨ੍ਹਾਂ ਬਤੌਰ ਮੁੱਖ ਮਹਿਮਾਨ ਸ਼ਮੂਲੀਅਤ ਕੀਤੀ। ਉਹ ਭਾਵੇਂ ਅੱਜ ਸਾਡੇ ਵਿੱਚ ਨਹੀਂ ਰਹੇ, ਪਰ ਉਨ੍ਹਾਂ ਵੱਲੋਂ ਕੀਤੇ ਕੰਮਾਂ ਕਰਕੇ ਉਨ੍ਹਾਂ ਨੂੰ ਹਮੇਸ਼ਾਂ ਯਾਦ ਕੀਤਾ ਜਾਂਦਾ ਰਹੇਗਾ।

# ਸ. ਅਵਤਾਰ ਸਿੰਘ ਡੌਡ ਨੂੰ ਗਹਿਰਾ ਸਦਮਾ

# ਛੋਟੇ ਭਾਈ ਸਾਹਿਬ ਸਤਸਰੂਪ ਸਿੰਘ ਦਾ ਦਿਹਾਂਤ




ਸੈਕਰਾਮੈਂਟੋ ਨਿਵਾਸੀ ਪੰਜਾਬੀ ਭਾਈਚਾਰੇ ਦੀ ਨਾਮਵਰ ਸ਼ਖਸੀਅਤ ਸ. ਅਵਤਾਰ ਸਿੰਘ ਡੌਡ ਜੀ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਿਆ ਜਦੋਂ ਉਹਨਾਂ ਦੇ ਛੋਟੇ ਭਰਾ ਸੀ. ਆਰ. ਪੀ. ਐਫ. ਦੇ ਰਿਟਾਇਰਡ ਆਈ. ਜੀ. ਸ. ਸਤਸਰੂਪ ਸਿੰਘ ਡੌਡ ਕੁਝ ਦਿਨ ਬਿਮਾਰ ਰਹਿਣ ਪਿੱਛੋਂ ਜਲੰਧਰ ਵਿਖੇ ਸਵਰਗਵਾਸ ਹੋ ਗਏ। ਇਹ ਵਰਣਨਯੋਗ ਹੈ ਕਿ ਸ. ਸਤਸਰੂਪ ਸਿੰਘ ਡੌਡ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਜਲਵੇੜਾ ਦੇ ਵਸਨੀਕ ਆਜ਼ਾਦੀ ਘੁਲਾਟੀਏ ਮਾਸਟਰ ਗੁਰਦਿੱਤ ਸਿੰਘ ਜਲਵੇੜਾ ਦੇ ਸਪੁੱਤਰ ਸਨ।

ਉਹਨਾਂ ਦਾ ਸਮੁੱਚਾ ਪਰਿਵਾਰ ਕੈਨੇਡਾ ਵਿਚ ਪੱਕੇ ਤੌਰ 'ਤੇ ਰਹਿੰਦਾ ਹੈ। ਉਹ ਆਪ ਵੀ ਸਾਲ ਵਿਚ ਇਕ ਚੱਕਰ ਕੈਨੇਡਾ-ਅਮਰੀਕਾ ਦਾ ਲਗਾਉਂਦੇ ਸਨ। ਪਰ ਇਸ ਸਾਲ ਕਰੋਨਾ ਦੀ ਮਹਾਂਮਰੀ ਕਾਰਨ ਉਹ ਨਹੀਂ ਆ ਸਕੇ। ਕੁਝ ਦਿਨ ਪਹਿਲਾਂ ਅਚਾਨਕ ਬਿਮਾਰੀ ਦੀ ਲਪੇਟ ਵਿਚ ਆਉਣ ਕਰਕੇ ਜਲੰਧਰ ਦੇ ਇਕ ਹਸਪਤਾਲ ਵਿਚ ਇਲਾਜ ਅਧੀਨ ਚੱਲ ਰਹੇ ਸਨ ਅਤੇ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਨਿਵਾਜੇ। ਉਹਨਾਂ ਦਾ ਅੰਤਿਮ ਸਸਕਾਰ ਸੀ. ਆਰ. ਪੀ. ਐਫ. ਦੀ ਦੇਖ ਰੇਖ ਹੇਠ ਪਿੰਡ ਜਲਵੇੜਾ ਵਿਖੇ ਵੱਡੀ ਗਿਣਤੀ ਵਿਚ ਸੰਗਤਾਂ ਦੀ ਮੌਜੂਦਗੀ ਵਿਚ ਕਰ ਦਿੱਤਾ ਗਿਆ। ਉਹਨਾਂ ਦੇ ਅਕਾਲ ਚਲਾਣੇ ਕਾਰਨ ਪਰਿਵਾਰ ਨੂੰ ਸਮੂਹ ਡੌਡ ਪਰਿਵਾਰ ਨੂੰ ਗਹਿਰਾ ਸਦਮਾ ਲੱਗਾ ਹੈ।

ਦੁੱਖ ਦੀ ਇਸ ਘੜੀ ਵਿਚ 'ਦੇਸ਼ ਦੁਆਬਾ' ਵੱਲੋਂ
ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ

**ਸ. ਅਵਤਾਰ ਸਿੰਘ ਡੌਡ ਨਾਲ ਅਫਸੋਸ ਪ੍ਰਗਟ ਕਰਨ ਲਈ 916-208-3735 'ਤੇ ਸੰਪਰਕ ਕੀਤਾ ਜਾ ਸਕਦਾ ਹੈ।**

### ਪ੍ਰਿੰ.ਸਤਵੰਤ ਕੌਰ ਕਲੋਟੀ ਦੀ ਦੂਜੀ ਪੁਸਤਕ 'ਦਸ ਦਿਸ਼ਾਵਾਂ' ਵਿਚੋਂ (ਮੁੱਖ ਬੰਦ) ਲੜੀਵਾਰ ਕਿਸ਼ਤ-1

# ਵਿਗਿਆਨ ਦੀਆਂ ਬਲ਼ਦੀਆਂ ਦਸ ਮਸ਼ਾਲਾਂ ਨਾਲ ਰੂਬਰੂ



ਡਾ. ਕਰਮਜੀਤ ਸਿੰਘ
ਸਾਬਕਾ ਪ੍ਰੋਫੇਸਰ ਅਤੇ ਚੇਅਰਮੈਨ,
ਕੁਰੂਕਸ਼ੇਤਰ ਯੂਨੀਵਰਸਿਟੀ
91 98763 23862

ਸਤਵੰਤ ਕੌਰ ਕਲੋਟੀ ਦੀ ਇਹ ਦੂਸਰੀ ਪੁਸਤਕ 'ਦਸ ਦਿਸ਼ਾਵਾਂ' ਦਸ ਮਹਿਲਾ ਵਿਗਿਆਨੀਆਂ ਦੀਆਂ ਜੀਵਨੀਆਂ ਹਨ ਜਿਨ੍ਹਾਂ ਨੇ ਵਿਗਿਆਨ ਦੇ ਖੇਤਰ ਵਿੱਚ ਮੱਲਾਂ ਮਾਰੀਆਂ। ਇਨ੍ਹਾਂ ਵਿਗਿਆਨੀਆਂ ਨੇ ਜਿਹੜੀਆਂ ਸਮਾਜਿਕ, ਸਭਿਆਚਾਰਕ ਤੇ ਇਤਿਹਾਸਕ ਸਥਿਤੀਆਂ ਵਿੱਚ ਖੋਜ ਕਾਰਜ ਕੀਤੇ ਉਹ ਉਨ੍ਹਾਂ ਦੇ ਮੂਲ਼ੋਂ ਵਿਰੋਧੀ ਸਨ ਪਰੰਤੂ ਆਪਣੇ ਮਨੋਬਲ ਅਤੇ ਕੁਝ ਪਰਿਵਾਰਕ ਮੈਂਬਰਾਂ ਦੇ ਸਹਿਯੋਗ ਨਾ਼ਲ ਇਹ ਮਹਿਲਾਵਾਂ ਉਸ ਮੁਕਾਮ ਤੇ ਪੁੱਜੀਆਂ ਕਿ ਉਨ੍ਹਾਂ ਦੇ ਕੰਮ ਨੂੰ ਮਾਨਤਾ ਮਿਲੀ ਅਤੇ ਉਨ੍ਹਾਂ ਨੇ ਖੋਜ ਕਾਰਜ ਤੇ ਭਾਰਤੀ ਵਿਕਾਸ ਵਿਚ ਆਪਣਾ ਬਣਦਾ ਯੋਗਦਾਨ ਪਾਇਆ।ਇਹ ਸਾਰੀਆਂ ਮਹਿਲਾ ਵਿਗਿਆਨੀ 19ਵੀਂ ਸਦੀ ਦੇ ਦੂਜੇ ਅੱਧ ਵਿੱਚ ਜਾਂ 20ਵੀਂ ਸਦੀ ਦੇ ਆਰੰਭ ਵਿਚ ਪੈਦਾ ਹੋਈਆਂ ਅਤੇ 20ਵੀਂ ਸਦੀ ਵਿੱਚ ਆਜ਼ਾਦੀ ਤੋਂ ਪਹਿਲਾਂ ਤੇ ਬਾਅਦ ਵਿੱਚ ਆਪਣੀ ਹੋਂਦ ਜਤਾਉਂਦੀਆਂ ਹਨ।ਇਨ੍ਹਾਂ ਦੇ ਕਾਲ ਨੂੰ ਭਾਰਤ ਦਾ ਪੁਨਰਜਾਗਰਣ ਕਾਲ ਕਿਹਾ ਜਾਂਦਾ ਹੈ। ਇਹ ਸਮਾਜਿਕ ਤੇ ਸਭਿਆਚਾਰਕ ਚੇਤਨਾ ਦਾ ਕਾਲ ਵੀ ਹੈ, ਤਰਕ, ਸਹਿਣਸ਼ੀਲਤਾ, ਮਨੁੱਖੀ ਮਾਣ ਸਨਮਾਨ, ਭਾਈਚਾਰਾ, ਬਰਾਬਰੀ, ਸੁਤੰਤਰਤਾ, ਉਦਾਰਵਾਦ, ਬੌਧਿਕ ਚੇਤੰਨਤਾ ਇਸ ਸਮੇਂ ਦੀਆਂ ਵਿਸ਼ੇਸ਼ ਨਿਸ਼ਾਨੀਆਂ ਹਨ।

ਅੰਗ੍ਰੇਜ਼ੀ ਸਾਮਰਾਜ ਆਪਣੇ ਨਾ਼ਲ-ਨਾ਼ਲ ਇੱਕ ਸਭਿਆਚਾਰ ਲੈ ਕੇ ਆਇਆ ਜਿਸਦਾ ਸਾਡੇ ਭਾਰਤੀ ਸਭਿਆਚਾਰ ਨਾਲ ਆਦਾਨ-ਪ੍ਰਦਾਨ ਦਾ ਰਿਸ਼ਤਾ ਬਣਿਆ। ਉਪਰੋਂ ਟਕਰਾਅ ਦਿਖਾਈ ਦਿੰਦਾ ਹੈ ਜੋ ਸਾਮਰਾਜ ਅਤੇ ਬਸਤੀ ਦਾ ਟਕਰਾਅ ਹੈ। ਇਸ ਟਕਰਾਅ ਵਿਚੋਂ ਸਪੱਸ਼ਟ ਦੋ ਧਾਰਾਵਾਂ ਸਾਹਮਣੇ ਆਉਂਦੀਆਂ ਹਨ। ਪਹਿਲੀ ਹੈ ਧਾਰਮਿਕ, ਸਮਾਜ-ਸਭਿਆਚਾਰਕ ਪੁਨਰਜਾਗਰਣ ਦੀ ਤੇ ਦੂਸਰੀ ਹੈ, ਪੱਛਮੀ ਸਭਿਆਚਾਰ ਨਾਲ ਆਦਾਨ ਪ੍ਰਦਾਨ ਦੀ।ਇਹ ਆਦਾਨ-ਪ੍ਰਦਾਨ ਅਚੇਤ ਵੀ ਸੀ ਤੇ ਸੁਚੇਤ ਵੀ।ਇਸ ਪੁਨਰ ਜਾਗਰਣ ਲਹਿਰ ਤੇ ਆਦਾਨ ਪ੍ਰਦਾਨ ਦੀਆਂ ਲਹਿਰਾਂ ਨੇ ਅਨੇਕਾਂ ਧਾਰਮਿਕ ਸਮਾਜ ਸੁਧਾਰਕਾਂ ਨੂੰ ਜਨਮ ਦਿੱਤਾ ਜਿਨ੍ਹਾਂ ਵਿਚੋਂ ਰਾਜਾ ਰਾਮ ਮੋਹਨ ਰਾਏ, ਸਵਾਮੀ ਵਿਵੇਕਾਨੰਦ, ਦਇਆ ਨੰਦ ਸਰਸਵਤੀ, ਸੱਯਦ ਅਹਿਮਦ ਖਾਨ, ਪੰਡਿਤਾ ਰਮਾਬਾਈ ਵਿਸ਼ੇਸ਼ ਹਨ। ਪੱਛਮੀ ਸਭਿਆਚਾਰ ਵਲੋਂ ਦਿੱਤੀਆਂ ਗਈਆਂ ਚੁਣੌਤੀਆਂ ਨੂੰ ਇਨ੍ਹਾਂ ਨੇ ਆਪਣੇ-ਆਪਣੇ ਢੰਗ ਨਾਲ ਨਜਿੱਠਿਆ। ਮੋਟੇ ਤੌਰ ਤੇ ਇਹ ਸਮਾਜ ਸੁਧਾਰਕ ਪੁਰਾਤਨਤਾ ਵੱਲ ਪਰਤਦੇ ਹਨ। ਵੇਦਾਂ ਵੱਲ ਵਿਸ਼ੇਸ਼ ਤੌਰ ਤੇ ਪਰ ਨਾਲ ਹੀ ਸਮਾਜਿਕ ਕੁਰੀਤੀਆਂ ਨੂੰ ਵੀ ਸੰ-ਬੋਧਿਤ ਹੁੰਦੇ ਹਨ। ਸਤੀ ਪ੍ਰਥਾ ਦਾ ਵਿਰੋਧ, ਬਾਲ ਵਿਆਹ ਦਾ ਵਿਰੋਧ, ਵਿਧਵਾ ਵਿਆਹ ਦੇ ਹੱਕ ਵਿਚ, ਔਰਤ ਦੀ ਬਰਾਬਰੀ ਦੇ ਹੱਕ ਵਿਚ, ਜਾਤਪਾਤ ਦਾ ਵਿਰੋਧ ਇਨ੍ਹਾਂ ਦੇ ਮੂਲ਼ ਮੁੱਦੇ ਸਨ। ਇਨ੍ਹਾਂ ਦੇ ਪ੍ਰਚਾਰ ਅਤੇ ਸਮਾਜਿਕ ਅਮਲ ਵਿਚ ਕੋਹਾਂ ਦਾ ਅੰਤਰ ਸੀ, ਇਸ ਲਈ ਇਹ ਲਹਿਰਾਂ ਹੌਲ਼ੀ-ਹੌਲ਼ੀ ਆਪਣੀ ਚਮਕ ਖੋ ਦਿੰਦੀਆਂ ਹਨ ਅਤੇ ਧਾਰਮਿਕ ਕੱਟੜਤਾ ਇਨ੍ਹਾਂ ਨੂੰ ਮੁੜ ਜਕੜ ਲੈਂਦੀ ਹੈ।ਇਸ ਪੁਨਰ-ਜਾਗਰਣ ਕਾਲ ਦੀਆਂ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਸਨ:


1. ਸਾਰੇ ਸਮਾਜ ਸੁਧਾਰਕ ਇੱਕ ਭਗਵਾਨ ਉੱਪਰ ਜ਼ੋਰ ਦਿੰਦੇ ਸਨ ਅਤੇ ਧਰਮਾਂ ਦੀ ਮੂਲ਼ ਸਾਂਝ ਉੱਪਰ ਬਲ ਦਿੰਦੇ ਸਨ। ਇਨ੍ਹਾਂ ਨੇ ਵੱਖ-ਵੱਖ ਧਰਮਾਂ ਦੇ ਵਿਸ਼ਵਾਸਾਂ ਨੂੰ ਨੇੜੇ ਲਿਆਉਣ ਦਾ ਯਤਨ ਕੀਤਾ।
2. ਸਾਰੇ ਸੁਧਾਰਕਾਂ ਨੇ ਪੰਡਿਤ, ਮੁੱਲਾਂ, ਪਾਦਰੀ, ਭਾਈ ਉੱਪਰ ਹਮਲਾ ਬੋਲਿਆ, ਰੀਤਾਂ ਰਸਮਾਂ ਦੀ ਨਿਰਾਰਥਕਤਾ ਦੱਸੀ, ਮੂਰਤੀ ਪੂਜਾ ਦਾ ਵਿਰੋਧ ਕੀਤਾ, ਬਹੁ-ਦੇਵਵਾਦ ਦਾ ਵਿਰੋਧ ਕੀਤਾ। ਜਾਤ-ਪਾਤ ਦਾ ਵਿਰੋਧ, ਬਾਲ-ਵਿਆਹ ਦਾ ਵਿਰੋਧ ਇਸ ਜਾਗਰਣ ਦੇ ਪ੍ਰਮੁੱਖ ਮੁੱਦੇ ਸਨ।
3. ਸਮਾਜ ਵਿੱਚ ਇਨ੍ਹਾਂ ਸਮਾਜ ਸੁਧਾਰਕਾਂ ਨੇ ਕੁੜੀਆਂ ਅਤੇ ਔਰਤਾਂ ਦੇ ਸਮਾਜਿਕ ਪੱਧਰ ਨੂੰ ਉੱਪਰ ਚੁੱਕਣ ਦਾ ਯਤਨ ਕੀਤਾ, ਔਰਤਾਂ ਦੀ ਸਿੱਖਿਆ ਉੱਪਰ ਜ਼ੋਰ ਦਿੱਤਾ।
4. ਇਹ ਜਾਗਰਣ ਸਵੈ-ਮਾਣ, ਸਵੈ-ਭਰੋਸੇ ਅਤੇ ਰਾਸ਼ਟਰਵਾਦ ਉੱਪਰ ਆਧਾਰਿਤ ਸੀ।

ਇਹ ਸੁਧਾਰਕ ਉਚੇਰੀਆਂ ਜਾਤਾਂ ਵਿੱਚੋਂ ਸਨ, ਪਰ ਦੂਜੇ ਪਾਸੇ ਪੇਰੀਆਰ, ਜਯੋਤੀਬਾ ਫੂਲੇ, ਆਇਨਕਲੀ, ਡਾ. ਅੰਬੇਡਕਰ ਆਦਿ ਹੇਠਲੀਆਂ ਜਾਤੀਆਂ ਵਿੱਚੋਂ ਪੈਦਾ ਹੋਏ ਸਮਾਜਿਕ ਸੁਧਾਰਕ ਸਨ ਜਿਨ੍ਹਾਂ ਦਾ ਟਕਰਾਅ ਸਿੱਧਾ ਬ੍ਰਾਹਮਣਵਾਦੀ/ ਮਨੂੰਵਾਦੀ ਸਿੱਖਿਆਵਾਂ ਨਾ਼ਲ ਸੀ। ਇਹ ਇਨ੍ਹਾਂ ਧਾਰਮਿਕ ਗ੍ਰੰਥਾਂ ਨੂੰ ਮਾਨਤਾ ਨਹੀਂ ਸਨ ਦਿੰਦੇ, ਬੁੱਧ ਧਰਮ ਦੇ ਨੇੜੇ ਜਾਣ ਕਾਰਣ ਭਗਵਾਨ ਨੂੰ ਨਹੀਂ ਸਨ ਮੰਨਦੇ। ਮਾਨਵੀ ਗੁਣਾਂ ਦੇ ਆਧਾਰ ਤੇ ਜਾਤ ਆਧਾਰਿਤ ਸਮਾਜ ਨੂੰ ਇਨ੍ਹਾਂ ਨੇ ਮੂਲ਼ੋਂ ਰੱਦ ਕੀਤਾ, ਅਛੂਤਾਂ ਲਈ ਮਾਨਵੀ ਸਨਮਾਨ ਦੀ ਲੜਾਈ ਲੜੀ, ਔਰਤਾਂ ਵਿਸ਼ੇਸ਼ ਤੌਰ ਤੇ ਦਲਿਤ ਔਰਤਾਂ ਨੂੰ ਪੜ੍ਹਾਉਣ ਦੀ ਵਕਾਲਤ ਕੀਤੀ, ਵਿਧਵਾ ਵਿਆਹ ਦੇ ਹੱਕ ਵਿੱਚ ਨਿੱਤਰੇ, ਬਾਲ ਵਿਆਹ ਦਾ ਵਿਰੋਧ ਕੀਤਾ ਅਤੇ ਸਤੀ ਪ੍ਰਥਾ ਦਾ ਵਿਰੋਧ ਕੀਤਾ। ਧਾਰਮਿਕ ਸਥਾਨਾਂ, ਸਾਂਝੀਆਂ ਥਾਵਾਂ, ਪਾਣੀ ਦੇ ਸੋਮਿਆਂ ਤੋਂ ਪਾਣੀ ਪੀਣ ਦੀਆਂ ਲੜਾਈਆਂ ਲੜੀਆਂ। ਸਰਕਾਰੀ ਸਕੂਲਾਂ ਵਿਚ ਦਲਿਤਾਂ ਲਈ ਬਰਾਬਰ ਦੇ ਹੱਕ ਲੈਣ ਲਈ ਜੱਦੋ ਜਹਿਦ ਕੀਤੀ ਗਈ ਜੋ ਅੱਜ ਵੀ ਜਾਰੀ ਹੈ। ਸਿਰ ਤੇ ਮੈਲ਼ਾ ਢੋਣ ਦੀ ਪ੍ਰਥਾ ਨੂੰ ਸਮਾਪਤ ਕਰਾਉਣ ਦੀ ਲੜਾਈ ਵੀ ਲੜੀ ਗਈ।

ਤੀਸਰੀ ਧਿਰ ਰਾਜਨੀਤਕ ਸੀ ਜਿਸਨੇ ਉਪਰੋਕਤ ਨਾ਼ਲ ਮਿਲ ਕੇ ਸਮਾਜ ਸੁਧਾਰ ਕਰਨ ਦਾ ਯਤਨ ਕੀਤਾ। ਇੱਥੇ ਵੀ ਗਾਂਧੀ, ਡਾ. ਅੰਬੇਡਕਰ ਅਤੇ ਭਗਤ ਸਿੰਘ ਆਦਿ ਕ੍ਰਾਂਤੀਕਾਰੀਆਂ ਦੀ ਦ੍ਰਿਸ਼ਟੀ ਵਿਚ ਅੰਤਰ ਸੀ। ਡਾ. ਅੰਬੇਡਕਰ ਅਤੇ ਕ੍ਰਾਂਤੀਕਾਰੀਆਂ ਦੇ ਢੰਗ-ਤਰੀਕਿਆਂ ਵਿਚ ਅੰਤਰ ਹੋ ਸਕਦਾ ਹੈ ਪਰ ਦੋਨੋਂ ਹੇਠਲੀ ਜਾਤ/ ਜਮਾਤ ਨੂੰ ਉੱਪਰ ਚੁੱਕਣ ਅਤੇ ਔਰਤ ਦਾ ਸਨਮਾਨ ਬਹਾਲ ਕਰਨ ਉੱਪਰ ਬਲ ਦਿੰਦੇ ਸਨ। ਇਨ੍ਹਾਂ ਦੋਨਾਂ ਦੀ ਨਾਸਤਿਕਤਾ ਅਤੇ ਪਰੰਪਰਾ ਪ੍ਰਤੀ ਵਿਚਾਰਧਾਰਾ ਇਕੋ-ਜਿਹੀ ਸੀ।

ਪੰਜਾਬ ਵਿੱਚ ਨਾਮਧਾਰੀ ਲਹਿਰ, ਸਿੰਘ ਸਭਾ ਅਤੇ ਅਕਾਲੀ ਲਹਿਰ ਧਾਰਮਿਕ ਪੁਨਰ ਜਾਗਰਣ ਨਾਲ ਜੁੜੀਆਂ ਹੋਈਆਂ ਸਨ ਜੋ ਔਰਤ ਦੀ ਪੜ੍ਹਾਈ ਉੱਪਰ ਬਲ ਦਿੰਦੀਆਂ ਸਨ ਪਰ ਨਾਮਧਾਰੀ ਲਹਿਰ ਸਾਮਰਾਜ ਵਿਰੋਧੀ ਹੋਣ ਦੇ ਬਾਵਜੂਦ ਜਾਤ ਪਾਤ ਦਾ ਵਿਰੋਧ ਨਾ ਕਰ ਸਕੀ। ਗ਼ਦਰ ਲਹਿਰ, ਬੱਬਰ ਅਕਾਲੀ ਲਹਿਰ, ਕਿਰਤੀ ਲਹਿਰ ਤੇ ਕ੍ਰਾਂਤੀਕਾਰੀ ਲਹਿਰ ਨੇ ਉਪਰੋਕਤ ਸਾਰੇ ਸਮਾਜਿਕ ਮੁੱਦਿਆਂ ਨੂੰ ਕੇਂਦਰ ਵਿੱਚ ਲਿਆਂਦਾ ਇਨ੍ਹਾਂ ਨੇ ਸਮਾਜਿਕ ਪਰਿਵਰਤਨ ਤੇ ਨਵੇਂ ਰਾਜਨੀਤਿਕ ਸਿਸਟਮ ਲਿਆਉਣ ਉੱਪਰ ਵਧੇਰੇ ਬਲ ਦਿੱਤਾ।

'ਦਸ ਦਿਸ਼ਾਵਾਂ' ਦੀਆਂ ਦਸ ਦੀਆਂ ਦਸ ਮਹਿਲਾ ਵਿਗਿਆਨਕਾਂ ਇਸੇ ਮਾਹੌਲ ਦੀ ਉਪਜ ਹਨ। ਇਨ੍ਹਾਂ ਵਿਚੋਂ ਵਧੇਰੇ ਬੰਗਾਲ, ਮਹਾਂਰਾਸ਼ਟਰ ਅਤੇ ਦੱਖਣੀ ਰਾਜਾਂ ਕੇਰਲ ਅਤੇ ਕਰਨਾਟਕ ਦੀਆਂ ਹਨ। ਭਾਵ ਉਨ੍ਹਾਂ ਸੂਬਿਆਂ ਦੀਆਂ ਜਿਨ੍ਹਾਂ ਵਿਚ




ਸੁਧਾਰਕ ਲਹਿਰਾਂ ਤਿੱਖੀਆਂ ਸਨ। ਇਹ ਸਾਰੀਆਂ ਉੱਚ ਜਾਤੀਆਂ ਵਿਚੋਂ ਸਨ, ਇਸ ਦੇ ਬਾਵਜੂਦ ਉਨ੍ਹਾਂ ਨੂੰ ਨਿਰੰਤਰ ਜੂਝਣਾ ਪਿਆ, ਕੱਟੜ ਰੀਤਾਂ ਰਸਮਾਂ ਨੂੰ ਅਪਨਾਉਣਾ ਪਿਆ ਤੇ ਕਿਤੇ ਉਨ੍ਹਾਂ ਤੋਂ ਬਾਗੀ ਵੀ ਹੋਣਾ ਪਿਆ। ਜੇ ਉੱਚ ਜਾਤੀਆਂ 'ਚ ਸਮਾਜਿਕ ਸੁਧਾਰਕ ਲਹਿਰਾਂ ਦੇ ਬਾਵਜੂਦ ਇਹ ਸਥਿਤੀ ਸੀ ਤਾਂ ਜਿਨ੍ਹਾਂ ਨੂੰ ਹਜ਼ਾਰਾਂ ਸਾਲਾਂ ਤੋਂ ਪੜ੍ਹਾਈ ਦੇ ਨੇੜੇ ਨਹੀਂ ਸੀ ਜਾਣ ਦਿੱਤਾ ਗਿਆ ਉਨ੍ਹਾਂ ਵਿਚੋਂ ਤਾਂ ਕੋਈ ਵਿਗਿਆਨੀ ਦਾ ਪੈਦਾ ਹੋਣਾ ਸੰਭਵ ਹੀ ਨਹੀਂ ਸੀ। ਹਜ਼ਾਰਾਂ ਸਾਲਾਂ ਬਾਅਦ ਜਦੋਂ ਇਹ ਬਹਾਦਰ ਵਿਗਿਆਨਕਾਂ ਸੰਘਰਸ਼ ਤੋਂ ਬਾਅਦ ਆਪਣੀ ਮੰਜ਼ਿਲ ਤੇ ਪਹੁੰਚਦੀਆਂ ਹਨ ਤਾਂ ਇਨ੍ਹਾਂ ਦੀ ਪਹਿਲ ਦੇ ਆਪਣੇ ਇਤਿਹਾਸਕ ਮਹੱਤਵ ਬਣਦੇ ਹਨ ਪਰ ਹੈਰਾਨੀ ਇਹ ਹੈ ਕਿ ਇਨ੍ਹਾਂ ਦੀ ਇਸ ਪਹਿਲ ਕਦਮੀ ਨੂੰ ਵਧੇਰੇ ਗੌਲ਼ਿਆ ਨਹੀਂ ਗਿਆ। ਪੰਜਾਬੀ ਵਿਚ ਸਤਵੰਤ ਕਲੋਟੀ ਦੀ ਆਪਣੀ ਇਹ ਪਹਿਲ ਮਾਣ ਕਰਨਯੋਗ ਹੈ। ਮਹਾਂਰਾਸ਼ਟਰ ਦੀ ਆਨੰਦੀਬਾਈ ਜੋਸ਼ੀ ਦਾ ਸੰਘਰਸ਼ ਇਨ੍ਹਾਂ ਸਭ ਵਿਚੋਂ ਵਧੇਰੇ ਤਿੱਖਾ, ਲੰਮਾ ਤੇ ਦੁਖਾਂਤਮਈ ਹੈ ਕਿਉਂਕਿ ਜਦੋਂ ਉਹ ਜੇਤੂ ਹੁੰਦੀ ਹੈ ਤਾਂ ਜ਼ਿੰਦਗੀ ਦੀ ਲੜਾਈ ਹਾਰ ਜਾਂਦੀ ਹੈ।ਉਹ ਭਾਰਤ ਦੀ ਪਹਿਲੀ ਮਹਿਲਾ ਡਾਕਟਰ ਹੈ ਜਿਸਨੇ ਪਹਿਲੀ ਮਹਿਲਾ ਦੇ ਤੌਰ ਤੇ ਅਮਰੀਕਾ ਦੀ ਧਰਤੀ ਤੇ ਪੈਰ ਰੱਖਿਆ। ਪਤੀ ਦਾ ਸਾਥ ਮਿਲਿਆ ਪਰ ਉਹ ਵੀ ਕਈਆਂ ਗੱਲਾਂ ਵਿਚ ਹੱਦੋਂ ਵੱਧ ਸਖ਼ਤ ਵਤੀਰਾ ਧਾਰਣ ਕਰਦਾ ਹੈ। ਪਤੀ ਦਾ ਵਤੀਰਾ ਤਾਂ ਭਾਰਤੀ ਸਮਾਜ ਵਿੱਚ ਸਮਝਿਆ ਜਾ ਸਕਦਾ ਹੈ ਪਰ ਉਸ ਦੀ ਮਾਂ ਦੇ ਜ਼ੁਲਮ ਵੀ ਕੋਈ ਘੱਟ ਨਹੀਂ।ਆਨੰਦੀਬਾਈ ਜੋਸ਼ੀ ਆਪ ਲਿਖਦੀ ਹੈ, "ਮੇਰੀ ਮਾਂ ਕਦੀ ਵੀ ਮੇਰੇ ਨਾ਼ਲ ਪਿਆਰ ਨਾ਼ਲ ਨਹੀਂ ਬੋਲੀ ਸੀ। ਉਹ ਜਦ ਵੀ ਮੈਨੂੰ ਸਜ਼ਾ ਦਿੰਦੀ, ਮਹਿਜ਼ ਕੋਈ ਛੋਟੀ ਰੱਸੀ ਜਾਂ ਡੋਰੀ ਦਾ ਨਹੀਂ, ਸਗੋਂ ਹਮੇਸ਼ਾ ਪੱਥਰਾਂ, ਸੋਟੀਆਂ ਅਤੇ ਬਲਦੇ ਕੋਇਲੇ ਦਾ ਇਸਤੇਮਾਲ ਕਰਦੀ ਸੀ। ਕਿਸਮਤ ਨਾ਼ਲ ਮੇਰੇ ਸਰੀਰ ਉੱਤੇ ਕੋਈ ਨਿਸ਼ਾਨ ਨਹੀਂ ਪਏ। ਉਸਦੀਆਂ ਸਖ਼ਤ ਮਾਰਾਂ ਨੇ ਮੈਨੂੰ ਲੂਲ੍ਹਾ, ਲੰਗੜਾ ਜਾਂ ਕਰੂਪ ਨਹੀਂ ਬਣਾਇਆ।

ਸੱਚਮੁੱਚ ਉਸਨੇ ਕਦੇ ਵੀ ਮਾਂ ਦੇ ਫ਼ਰਜ਼ਾਂ ਨੂੰ ਨਹੀਂ ਪਹਿਚਾਣਿਆ ਸੀ ਅਤੇ ਨਾ ਹੀ ਮੈਨੂੰ ਕਦੇ ਉਸ ਪਿਆਰ ਦਾ ਅਹਿਸਾਸ ਹੋਇਆ ਸੀ ਜੋ ਇੱਕ ਬੱਚਾ ਕੁਦਰਤੀ ਤੌਰ ਤੇ ਮਾਂ ਵਲੋਂ ਮਹਿਸੂਸ ਕਰਦਾ ਹੈ। ਇਹ ਯਾਦ ਮੈਨੂੰ ਡਾਹਢਾ ਦੁੱਖ ਪਹੁੰਚਾਉਂਦੀ ਹੈ।" ਇਸੇ ਤਰ੍ਹਾਂ ਪਤੀ ਪੜ੍ਹਾਈ ਕਰਾਉਣਾ ਚਾਹੁੰਦਾ ਸੀ ਪਰ ਉਸਦਾ ਵਤੀਰਾ ਜ਼ਾਲਮਾਨਾ ਸੀ। ਆਨੰਦੀਬਾਈ ਅਨੁਸਾਰ, "ਪਤੀ ਪਾਸੋਂ ਪੜ੍ਹਾਈ ਕਰਨਾ ਆਸਾਨ ਨਹੀਂ ਸੀ। ਉਹ ਉਸਨੂੰ ਲੱਕੜਾਂ ਨਾਲ ਕੁੱਟਦਾ, ਗੁੱਸੇ ਵਿਚ ਉਸ ਉੱਤੇ ਕੁਰਸੀਆਂ ਤੇ ਕਿਤਾਬਾਂ ਸੁੱਟਦਾ। ਇੱਕ ਵਾਰ ਗੋਪਾਲ ਨੇ ਆਨੰਦੀ ਨੂੰ ਰਸੋਈ ਵਿੱਚ ਨਾਨੀ ਨਾਲ ਹੱਥ ਵਟਾਉਂਦਿਆਂ ਦੇਖ ਲਿਆ ਤਾਂ ਉਸਦਾ ਕ੍ਰੋਧ ਐਨਾ ਭੜਕਿਆ ਕਿ ਉਸ ਨੇ ਜਵਾਨ ਆਨੰਦੀ ਨੂੰ ਬਾਂਸ ਦੇ ਡੰਡੇ ਨਾਲ ਕੁੱਟਿਆ। ਉਸਦਾ ਕਸੂਰ ਇਹ ਸੀ ਕਿ ਉਹ ਆਪਣਾ ਸਮਾਂ ਪੜ੍ਹਾਈ ਵਿਚ ਨਾ ਲਗਾ ਕੇ ਰਸੋਈ ਵਿਚ ਲਗਾ ਰਹੀ ਸੀ।" ਆਨੰਦੀਬਾਈ ਛੋਟੀ ਉਮਰ ਦੇ ਵਿਆਹ ਅਤੇ ਪੁੱਤਰ ਦੀ ਮੌਤ ਦਾ ਦੁੱਖ ਵੀ ਝੱਲਦੀ ਹੈ। ਉਹ ਸ਼ਾਇਦ ਵਿਚਾ਼ਲੇ ਹੀ ਹਾਰ ਜਾਂਦੀ ਜੇਕਰ ਉਸਨੂੰ ਥਿਓਡੀਸ਼ੀਆ ਕਾਰਪੈਂਟਰ ਨਾਂ ਦੀ ਨੇਕ ਦਿਲ ਔਰਤ ਦਾ ਸਾਥ ਨਾ ਮਿ਼ਲਦਾ ਜੋ ਉਸਨੂੰ ਧੀ ਬਣਾ ਕੇ ਆਪਣੇ ਘਰ ਰੱਖਦੀ ਹੈ। 1887 ਈ. ਵਿਚ ਆਨੰਦੀਬਾਈ ਜੋਸ਼ੀ ਦੀ ਮੌਤ ਤੋਂ ਬਾਅਦ ਅੰਤਿਮ ਸੰਸਕਾਰ ਤਾਂ ਹਿੰਦੂ ਰੀਤੀ-ਰਿਵਾਜਾਂ ਅਨੁਸਾਰ ਕੀਤਾ ਜਾਂਦਾ ਹੈ ਪਰ ਉਸਦੀ ਰਾਖ਼ ਨੂੰ ਕਾਰਪੈਂਟਰ ਆਪਣੇ ਪਰਿਵਾਰਕ ਕਬਰਸਤਾਨ ਵਿੱਚ ਦਫ਼ਨਾਉਂਦੀ ਹੈ।

ਕਬਰ ਉੱਪਰ ਲੱਗੇ ਪੱਥਰ ਦੀ ਇਬਾਰਤ ਬੜੀ ਭਾਵਪੂਰਤ ਹੈ 'AnandiBai Joshee M.D. 1865-1887. First Brahmin Women to leave India to obtain an Education' 22 ਸਾਲ ਦੀ ਉਮਰ ਵਿਚ ਆਨੰਦੀਬਾਈ ਜੋਸ਼ੀ ਉਹ ਕੁਝ ਕਰ ਗਈ ਜੋ ਹਜ਼ਾਰਾਂ ਸਾਲ ਤੱਕ ਕਿਸੇ ਭਾਰਤੀ ਔਰਤ ਨੂੰ ਕਰਨਾ ਨਸੀਬ ਨਹੀਂ ਹੋਇਆ। ਕਾਦੰਬਿਨੀ ਗਾਂਗੁਲੀ ਭਾਰਤੀ ਚਿਕਿਤਸਾ ਨੂੰ ਭਾਰਤ ਵਿਚ ਅਮਲੀ ਜਾਮਾ ਪਹਿਨਾਉਣ ਵਾ਼ਲੀ ਪਹਿਲੀ ਭਾਰਤੀ ਮਹਿਲਾ ਸੀ। ਉਸਦਾ ਪਰਿਵਾਰਕ ਪਿਛੋਕੜ ਬ੍ਰਹਮੋਸਮਾਜੀ ਸੀ।1883 ਈ. ਵਿੱਚ ਕਾਦੰਬਿਨੀ ਬੋਸ ਅਤੇ ਚੰਦਰਮੁਖੀ ਬਾਸੂ ਦੋਵੇਂ ਬੈਥੁਨ ਕਾਲਜ ਵਿਚ ਪੜ੍ਹ ਕੇ ਕਲਕੱਤਾ ਯੂਨੀਵਰਸਿਟੀ ਤੋਂ ਬੀ.ਏ. ਦੀ ਡਿਗਰੀ ਹਾਸਿਲ ਕਰਕੇ ਭਾਰਤ ਦੀਆਂ ਅਤੇ ਸਮੁੱਚੇ ਬ੍ਰਿਟਿਸ਼ ਸਾਮਰਾਜ ਦੀਆਂ ਪਹਿਲੀਆਂ ਮਹਿਲਾ ਗ੍ਰੈਜੂਏਟ ਬਣੀਆਂ। 1884 ਈ. ਵਿੱਚ ਕਾਦੰਬਿਨੀ ਕਲਕੱਤਾ ਮੈਡੀਕਲ ਕਾਲਜ ਵਿੱਚ ਦਾਖ਼ਲਾ ਲੈਣ ਵਾ਼ਲੀ ਪਹਿਲੀ ਮਹਿਲਾ ਸੀ। ਭਾਰਤ ਵਿੱਚ ਪੱਛਮੀ ਚਿਕਿਤਸਾ ਪ੍ਰੈਕਟਿਸ ਕਰਨ ਦੀ ਯੋਗਤਾ ਪ੍ਰਾਪਤ ਕਰਨ ਵਾ਼ਲੀ ਇੱਕ ਸੀ ਕਾਦੰਬਿਨੀ ਗਾਂਗੁਲੀ ਤੇ ਦੂਸਰੀ ਸੀ ਆਨੰਦੀਬਾਈ ਜੋਸ਼ੀ। ਅੱਠ ਬੱਚੇ ਪਾਲਣਾ ਤੇ ਪੜ੍ਹਾਈ ਕਰਨਾ ਆਸਾਨ ਨਾ ਹੁੰਦਾ ਜੇਕਰ ਉਸਦੇ ਪਤੀ ਦਾ ਸਾਥ ਉਸ ਨੂੰ ਨਾ ਮਿ਼ਲਿਆ ਹੁੰਦਾ। ਇਸੇ ਸਾਥ ਕਾਰਣ ਉਹ ਇੰਗਲੈਂਡ ਜਾ ਸਕੀ। ਇੰਡੀਅਨ ਨੈਸ਼ਨਲ ਕਾਂਗਰਸ ਦੀ ਪੰਜਵੀਂ ਕਾਨਫਰੰਸ ਵਿੱਚ ਜੋ ਛੇ ਔਰਤਾਂ ਸ਼ਾਮਿਲ ਹੋਈਆਂ ਉਨ੍ਹਾਂ ਵਿੱਚੋਂ ਇੱਕ ਕਾਦੰਬਿਨੀ ਵੀ ਸੀ। ਉਹ ਮਹਿਲਾ ਸਸ਼ਕਤੀਕਰਣ ਅਤੇ ਸਿੱਖਿਆ ਲਈ ਯਤਨਸ਼ੀਲ ਰਹੀ। ਉਸਨੇ ਇੰਡੀਅਨ ਨੈਸ਼ਨਲ ਕਾਂਗਰਸ ਦੇ ਕਿਸੇ ਸੈਸ਼ਨ (1890 ਈ.) ਵਿੱਚ ਭਾਸ਼ਣ ਦੇਣ ਵਾਲੀ ਪਹਿਲੀ ਔਰਤ ਹੋਣ ਦਾ ਮਾਣ ਹਾਸਿਲ ਕੀਤਾ। ਸਤਵੰਤ ਕਲੋਟੀ ਦੇ ਕਹਿਣ ਅਨੁਸਾਰ, "ਹਾਲਾਤ ਤੋਂ ਉੱਪਰ ਉੱਠਣ ਅਤੇ ਇੱਕ ਇਨਸਾਨ ਦੇ ਤੌਰ ਤੇ ਆਪਣੀ ਕਾਬਲੀਅਤ ਨੂੰ ਪਹਿਚਾਨਣ ਦੀ ਸਮਰੱਥਾ ਨੇ ਉਸਨੂੰ ਬੰਗਾਲੀ ਮਹਿਲਾ ਮੁਕਤੀ ਨੂੰ ਸਿਧਾਂਤਕ ਤੌਰ ਤੇ ਸਮਰਪਿਤ ਸਾਧਾਰਣ ਬ੍ਰਹਮੋਸਮਾਜੀ ਲਈ ਇੱਕ ਬਹੁਮੁੱਲਾ ਆਕਰਸ਼ਣ ਬਣਾ ਦਿੱਤਾ।"

ਕੇਰਲ ਵਿਚ ਪੈਦਾ ਹੋਈ ਬਨਸਪਤੀ ਵਿਗਿਆਨੀ ਏਡਾਵਾਲੇਠ ਕੱਕਟ ਜਾਨਕੀ ਅੰਮਾਲ ਨੇ ਗੰਨੇ ਦੀਆਂ ਵਧੇਰੇ ਮਿਠਾਸ ਵਾਲੀਆਂ ਕਿਸਮਾਂ ਤਿਆਰ ਕਰਨ ਕਰਕੇ ਨਾਮਣਾ ਖੱਟਿਆ। 1931 ਈ. ਵਿਚ ਸਾਇੰਸ ਦੇ ਖੇਤਰ ਵਿੱਚ ਉਸਨੇ ਡੀ.ਐੱਸਸੀ. ਦੀ ਡਿਗਰੀ ਪ੍ਰਾਪਤ ਕੀਤੀ। ਵਿਦੇਸ਼ੀ ਯੂਨੀਵਰਸਿਟੀ ਤੋਂ ਅਜਿਹੀ ਡਿਗਰੀ ਲੈਣ ਵਾਲੀ ਉਹ ਪਹਿਲੀ ਮਹਿਲਾ ਸੀ। 1957 ਈ. ਵਿੱਚ ਇੰਡੀਅਨ ਨੈਸ਼ਨਲ ਸਾਇੰਸ ਅਕੈਡਮੀ ਦੀ ਫੈਲੋਸ਼ਿਪ ਲਈ ਚੁਣੀ ਜਾਣ ਵਾ਼ਲੀ ਉਹ ਪਹਿਲੀ ਮਹਿਲਾ ਵਿਗਿਆਨੀ ਸੀ। ਉਸਨੇ ਸਾਰੀ ਉਮਰ ਵਿਆਹ ਨਹੀਂ ਕਰਵਾਇਆ।

**ਇਰਾਵਤੀ ਕਰਵੇ (1905 ਈ. -1970 ਈ.)** ਪਹਿਲੀ ਭਾਰਤੀ ਮਾਨਵ ਵਿਗਿਆਨੀ (ਐਂਥਰੋਪੋਲੋਜਿਸਟ) ਸੀ ਜੋ ਪੂਨਾ ਯੂਨੀਵਰਸਿਟੀ ਵਿਚ ਪਹਿਲੀ ਮਾਨਵ ਵਿਗਿਆਨ ਦੀ ਅਧਿਆਪਕ ਬਣੀ। ਮੇਰੇ ਲਈ ਇਰਾਵਤੀ ਦਾ ਨਾਮ ਇਸ ਲਈ ਵੀ ਮਹੱਤਵਪੂਰਣ ਹੋ ਜਾਂਦਾ ਹੈ ਕਿ ਉਸਨੇ ਲੋਕ ਗੀਤ ਵੀ ਇਕੱਤਰ ਕੀਤੇ। ਉਹ ਨਾਰੀਵਾਦੀ ਕਵਿਤਾ ਦੀ ਅਨੁਵਾਦਿਕਾ ਅਤੇ ਸਿਰਜਣਾਤਮਕ ਲੇਖਿਕਾ ਵੀ ਸੀ। ਉਸਦੀ ਪੁਸਤਕ ਯੁਗਾਂਤੈ ਨੇ ਮਹਾਂਭਾਰਤ ਨੂੰ ਪੜ੍ਹਨ ਦਾ ਨਜ਼ਰੀਆ ਹੀ ਬਦਲ ਦਿੱਤਾ ਜਿਸ ਲਈ ਉਸਨੂੰ 1967 ਈ. ਦੀ ਸਰਵੋਤਮ ਮਰਾਠੀ ਪੁਸਤਕ ਦਾ ਸਨਮਾਨ ਵੀ ਦਿੱਤਾ ਗਿਆ। ਕਲੋਟੀ ਇਰਾਵਤੀ ਦੇ ਯੋਗਦਾਨ ਬਾਰੇ ਦੱਸਦੀ ਹੈ ਕਿ, "ਉਹ ਇਕ ਬਹੁਪੱਖੀ ਸ਼ਖ਼ਸੀਅਤ ਸੀ।

ਇਕੋ ਸਮੇਂ ਉਹ ਇਕ ਮਿਹਨਤੀ ਪ੍ਰੋਫ਼ੈਸਰ, ਇਕ ਖੋਜਕਾਰ, ਇਕ ਲੇਖਿਕਾ, ਇਕ ਅਨੁਵਾਦਕਾ, ਲੋਕ ਗੀਤਾਂ ਦੀ ਸੰਗ੍ਰਹਿਕਰਤਾ ਅਤੇ ਇਕ ਵਧੀਆ ਪ੍ਰਵਕਤਾ ਸੀ। ਉਸਦਾ ਪੜ੍ਹਨ ਲਿਖਣ, ਰੀਸਰਚ ਕਰਨ ਅਤੇ ਯਾਤਰਾਵਾਂ ਕਰਨ ਦਾ ਉਤਸ਼ਾਹ ਬੇਜੋੜ ਸੀ। ਉਹ ਔਰਤਾਂ ਦੇ ਹੱਕਾਂ ਲਈ ਲੜਦੀ ਸੀ।"

ਪਰ ਇਰਾਵਤੀ ਦਾ ਇਸ ਮੁਕਾਮ ਤੱਕ ਪਹੁੰਚਣ ਦਾ ਰਾਹ ਆਸਾਨ ਨਹੀਂ ਸੀ। ਜਿਸ ਘਰ ਵਿੱਚ ਉਹ ਵਿਆਹੀ ਗਈ ਸੀ ਉਹ ਸਮਾਜਿਕ ਸੁਧਾਰ ਨਾਲ ਜੁੜਿਆ ਹੋਇਆ ਘਰ ਸੀ। ਘਰ ਦੇ ਜੀਅ ਮਹਿਲਾ ਸਿੱਖਿਆ ਅਤੇ ਵਿਧਵਾ ਵਿਆਹ ਦੇ ਹੱਕ ਵਿਚ ਸਨ।ਵਡੇਰੇ ਨੇ ਇਕ ਵਿਧਵਾ ਨਾਲ ਵਿਆਹ ਵੀ ਕਰਵਾਇਆ ਹੋਇਆ ਸੀ। ਵਿਧਵਾ ਘਰ ਅਤੇ ਔਰਤਾਂ ਲਈ ਯੂਨੀਵਰਸਿਟੀ ਵੀ ਬਣਾਈ ਸੀ ਪਰ ਜਦੋਂ ਇਰਾਵਤੀ ਜਰਮਨ ਜਾਣ ਦੀ ਇਜਾਜ਼ਤ ਮੰਗਦੀ ਹੈ ਤਾਂ ਉਸਨੂੰ ਇਹ ਇਜਾਜ਼ਤ ਨਹੀਂ ਦਿੱਤੀ ਜਾਂਦੀ, ਉਸਦਾ ਵਿਰੋਧ ਕੀਤਾ ਜਾਂਦਾ ਹੈ।ਮਹਾਂਰਿਸ਼ੀ ਕਰਵੇ ਬਾਰੇ ਲਿਖੇ ਆਪਣੇ ਲੇਖ ਗ੍ਰੈਂਡਫਾਦਰ ਵਿਚ ਇਰਾਵਤੀ ਲਿਖਦੀ ਹੈ ਕਿ ਉਸਦੇ ਪਤੀ ਨੇ ਉਸਦੇ ਜਰਮਨੀ ਜਾਣ ਦੀ ਯੋਜਨਾ ਦੱਸੀ "ਪ੍ਰੰਤੂ ਗ੍ਰੈਂਡਫਾਦਰ ਨੇ ਮਨਜ਼ੂਰੀ ਨਹੀਂ ਦਿੱਤੀ। ਅਗਲੀ ਪੜ੍ਹਾਈ ਦਾ ਕੀ ਤੁੱਕ? ਇਸਤੇ ਬਹੁਤ ਖਰਚਾ ਆਉਣਾ; ਇਸ ਤੋਂ ਬਿਨਾਂ ਵੀ ਵੂਮੈਨਜ਼ ਯੂਨੀਵਰਸਿਟੀ ਵਿਚ ਨੌਕਰੀ ਮਿਲ ਸਕਦੀ ਹੈ। ਜਦੋਂ ਮੇਰੇ ਜਾਣ ਦਾ ਦਿਨ ਤੈਅ ਹੋ ਗਿਆ ਤਾਂ ਦੀਨੂ ਨੇ ਆਪਣੇ ਪਿਤਾ ਨੂੰ ਖ਼ਤ ਲਿਖਕੇ ਮੇਰੇ ਜਾਣ ਦੇ ਦਿਨ ਬਾਰੇ ਦੱਸਿਆ ਅਤੇ ਅਸ਼ੀਰਵਾਦ ਮੰਗਿਆ। ਗ੍ਰੈਂਡਫਾਦਰ ਨੇ ਤੁਰੰਤ ਜਵਾਬ ਭੇਜਿਆ ਕਿ ਉਹ ਇਸ ਫ਼ੈਸਲੇ ਦੇ ਵਿਰੁੱਧ ਹੋਣ ਬਾਰੇ ਪਹਿਲਾਂ ਹੀ ਦੱਸ ਚੁੱਕੇ ਸਨ।ਨਾ ਕੋਈ ਅਸ਼ੀਰਵਾਦ-ਨਾ ਕੁਝ ਹੋਰ।" ਇਰਾਵਤੀ ਦੇ ਮਨ ਵਿੱਚ ਕੁੜੱਤਣ ਘਰ ਕਰ ਗਈ ਕਿਉਂਕਿ ਹੋਰ ਔਰਤਾਂ ਨੂੰ ਅੰਗ੍ਰੇਜ਼ੀ ਪੜ੍ਹਨ ਜਾਣ ਲਈ ਸਪਾਂਸਰ ਕੀਤਾ ਜਾਂਦਾ ਸੀ।ਉਹ ਵਿਅੰਗ ਨਾ਼ਲ ਲਿਖਦੀ ਹੈ ਕਿ, "ਮੈਂ ਕਿੰਨੀ ਖੁਸ਼ਕਿਸਮਤ ਹਾਂ ਕਿ ਮੈਂ ਅਜਿਹੇ ਵਿਅਕਤੀ ਦੀ ਨੂੰਹ ਹਾਂ! ਅਤੇ ਹੋਰ ਵੀ ਜ਼ਿਆਦਾ ਖੁਸ਼ਕਿਸਮਤ ਇਸ ਲਈ ਹਾਂ ਕਿ ਮੈਂ ਉਸਦੀ ਪਤਨੀ ਨਹੀਂ ਹਾਂ।" ਵਿਰੋਧ ਦੇ ਬਾਵਜੂਦ ਇਰਾਵਤੀ ਬਰਲਿਨ ਜਾਂਦੀ ਹੈ।ਇਹ ਤੱਥ ਵੀ ਕੋਈ ਘੱਟ ਕੀਮਤ ਨਹੀਂ ਰੱਖਦਾ ਕਿ ਇਰਾਵਤੀ ਪੂਨੇ ਵਿੱਚ ਸਕੂਟਰ ਚਲਾਉਣ ਵਾਲੀ ਪਹਿਲੀ ਔਰਤ ਸੀ। ਉਹ ਹਿੰਦੂ ਰਿਵਾਇਤ ਦੇ ਉਲਟ ਨਾ ਆਪਣੀ ਮਾਂਗ 'ਚ ਸੰਧੂਰ ਲਾਉਂਦੀ ਸੀ ਅਤੇ ਨਾ ਹੀ ਮੰਗ਼ਲਸੂਤਰ ਪਹਿਨਦੀ ਸੀ। ਅਸਲੀ ਵਿਗਿਆਨੀ ਅਤੇ ਵਿਗਿਆਨਕ ਦ੍ਰਿਸ਼ਟੀਕੋਣ ਦੀ ਧਾਰਣੀ।

**ਕਮਲਾ ਸੋਹੋਨੀ** ਜੀਵ-ਰਸਾਇਣ ਵਿਗਿਆਨ ਦੇ ਖੇਤਰ ਵਿੱਚ ਪੀਐੱਚ. ਡੀ. ਦੀ ਡਿਗਰੀ ਹਾਸਲ ਕਰਨ ਵਾਲੀ ਪਹਿਲੀ ਭਾਰਤੀ ਮਹਿਲਾ ਸੀ। ਉਸਨੇ ਕੈਂਬਰਿਜ ਯੂਨੀਵਰਸਿਟੀ, ਇੰਗਲੈਂਡ ਤੋਂ ਡਿਗਰੀ ਲਈ। ਜਦੋਂ ਉਸਨੇ ਐਮ.ਐੱਸਸੀ. ਕਰਨ ਲਈ ਇੰਡੀਅਨ ਇੰਸਟੀਚਿਊਟ ਆਫ਼ ਸਾਇੰਸ ਵਿਚ ਅਰਜ਼ੀ ਦਿੱਤੀ ਤਾਂ ਇਸ ਇੰਸਟੀਚਿਊਟ ਦੇ ਡਾਇਰੈਕਟਰ ਨੋਬਲ ਪੁਰਸਕਾਰ ਪ੍ਰਾਪਤ ਸੀ. ਵੀ. ਰਮਨ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਇਸ ਸਾਰੇ ਕਾਂਡ ਤੋਂ ਵਿਗਿਆਨੀ ਦਾ ਔਰਤਾਂ ਪ੍ਰਤੀ ਦਕਿਆਨੂਸੀ ਵਤੀਰਾ ਪਾਠਕਾਂ ਲਈ ਵੀ ਅਸਚਰਜਜਨਕ ਹੈ। ਡਾ. ਸੀ. ਵੀ. ਰਮਨ ਵਲੋਂ ਅਰਜ਼ੀ ਤੁਰੰਤ ਰੱਦ ਕਰਨ ਦਾ ਕਾਰਣ ਇਹ ਸੀ ਕਿ ਉਹ ਕੁੜੀ ਸੀ, "ਡਾ. ਰਮਨ ਨੇ ਕਿਹਾ ਸੀ ਕਿ ਉਹ ਆਪਣੇ ਇੰਸਟੀਚਿਊਟ ਵਿਚ ਕਿਸੇ ਵੀ ਲੜਕੀ ਨੂੰ ਦਾਖ਼ਲਾ ਨਹੀਂ ਦੇਣਗੇ।

ਪਰੰਤੂ ਕਮਲਾ ਕਿੱਥੇ ਹਾਰ ਮੰਨਣ ਵਾਲੀ ਸੀ। ਉਹ ਤਾਂ ਹੋਰ ਹੀ ਮਿੱਟੀ ਦੀ ਬਣੀ ਹੋਈ ਸੀ। ਉਸਨੇ ਡਾ. ਰਮਨ ਦੇ ਫੈਸਲੇ ਦਾ ਡੱਟ ਕੇ ਵਿਰੋਧ ਕੀਤਾ। ਉਹ ਤਾਂ ਡਾ. ਰਮਨ ਦੇ ਦਫ਼ਤਰ ਦੇ ਸਾਹਮਣੇ ਸੱਤਿਆਗ੍ਰਹਿ ਤੇ ਬੈਠ ਗਈ ੜ ਕੋਈ ਠੋਸ ਤਰਕ ਨਾ ਹੋਣ ਕਰਕੇ ਡਾ. ਰਮਨ ਨੂੰ ਆਪਣਾ ਫੈਸਲਾ ਬਦਲਣਾ ਪਿਆ। ਉਹ ਉਸਨੂੰ ਦਾਖ਼ਲਾ ਦੇਣ ਲਈ ਸਹਿਮਤ ਤਾਂ ਹੋ ਗਏ ਪ੍ਰੰਤੂ ਕੁਝ ਅਪਮਾਨਜਨਕ ਸ਼ਰਤਾਂ ਵੀ ਰੱਖ ਦਿੱਤੀਆਂ। ਇਹ ਸ਼ਰਤਾਂ ਸਨ: 1. ਕਮਲਾ ਇੱਕ ਰੈਗੂਲਰ ਵਿਦਿਆਰਥਣ ਨਾ ਹੋ ਕੇ ਪਰਖ ਕਾਲ ਤੇ ਰਹੇਗੀ। ਉਸਦਾ ਫਾਈਨਲ ਦਾਖ਼ਲਾ ਇਸ ਗੱਲ ਤੇ ਨਿਰਭਰ ਕਰੇਗਾ ਕਿ ਉਸਦੀ ਇੱਕ ਸਾਲ ਦੀ ਕਾਰਗੁਜ਼ਾਰੀ ਤੋਂ ਡਾਇਰੈਕਟਰ ਸੰਤੁਸ਼ਟ ਹੁੰਦਾ ਹੈ ਜਾਂ ਨਹੀਂ। ਉਸਨੂੰ ਆਪਣੇ ਗਾਈਡ ਦੀ ਨਿਗਰਾਨੀ ਵਿੱਚ ਰਾਤਾਂ ਨੂੰ ਵੀ ਦੇਰ ਰਾਤ ਤੱਕ ਕੰਮ ਕਰਨਾ ਪਵੇਗਾ। 3. ਕਮਲਾ ਦੀ ਮੌਜੂਦਗੀ ਉਸ ਦੇ ਨਾਲ ਰੀਸਰਚ ਕਰਨ ਵਾ਼ਲੇ ਹੋਰ ਮਰਦਾਂ ਦਾ ਧਿਆਨ ਕੰਮ ਤੋਂ ਭਟਕਾਏਗੀ ਨਹੀਂ। ਇਸ ਗੱਲ ਤੋਂ ਕਮਲਾ ਨੂੰ ਡੂੰਘੀ ਚੋਟ ਪਹੁੰਚੀ। ਉਹ ਦੜ ਵੱਟ ਕੇ ਇਹ ਅਪਮਾਨ ਸਹਿ ਗਈ ਅਤੇ ਉਸਨੇ ਸਾਰੀਆਂ ਸ਼ਰਤਾਂ ਕਬੂਲ ਕਰ ਲਈਆਂ ਪਰੰਤੂ ਇਸ ਅਪਮਾਨ ਨੂੰ ਉਹ ਕਦੇ ਭੁੱਲ ਨਾ ਸਕੀ। ਇੱਕ ਸਨਮਾਨ ਸਮਾਰੋਹ ਦੌਰਾਨ ਉਸਨੇ ਜਨਤਕ ਤੌਰ ਤੇ ਕਿਹਾ, "ਭਾਵੇਂ ਰਮਨ ਇੱਕ ਮਹਾਨ ਵਿਗਿਆਨੀ ਸਨ ਪ੍ਰੰਤੂ ਉਹ ਬਹੁਤ ਸੌੜੀ ਸੋਚ ਦੇ ਮਾਲਕ ਸਨ।"

ਦਾਲਾਂ ਦੀ ਪ੍ਰੋਟੀਨ ਤੇ ਖੋਜ ਕਰਨ ਵਾਲੀ ਉਹ

(ਬਾਕੀ ਅਗਲੇ ਸਫੇ 'ਤੇ)

## ਬਰਸੀ 'ਤੇ ਵਿਸ਼ੇਸ਼

# ਭਾਈ ਸੰਤੋਖ ਸਿੰਘ ਧਰਦਿਓ

ਪ੍ਰੋ. ਗੋਪਾਲ ਸਿੰਘ ਬੁੱਟਰ
91- 99150-05814



ਭਾਈ ਸੰਤੋਖ ਸਿੰਘ ਧਰਦਿਓ 1913 ਵਿਚ ਅਮਰੀਕਾ ਦੇ ਕੈਲੇਫੋਰਨੀਆ ਰਾਜ ਦੇ ਸ਼ਹਿਰ ਸਾਨਫਰਾਂਸਿਸਕੋ ਵਿਖੇ ਹੋਂਦ ਵਿਚ ਆਈ ਦੇਸ਼ ਭਗਤ ਭਾਰਤੀਆਂ ਦੀ ਇਨਕਲਾਬੀ ਜਥੇਬੰਦੀ 'ਇੰਡੀਅਨ ਐਸੋਸੀਏਸ਼ਨ ਆਫ ਦਾ ਪੈਸੇਫਿਕ ਕੋਸਟ' ਦਾ ਬਾਨੀ ਮੈਂਬਰ ਸੀ, ਜੋ ਬਾਅਦ ਵਿਚ 'ਹਿੰਦੀ ਐਸੋਸੀਏਸ਼ਨ' ਦੇ ਨਾਮ ਨਾਲ ਤੇ ਉਸ ਤੋਂ ਉਪਰੰਤ ਗ਼ਦਰ ਪਾਰਟੀ ਦੇ ਨਾਮ ਨਾਲ ਜਗਤ ਪ੍ਰਸਿੱਧ ਹੋਈ। ਇਸ ਦੇ ਪਹਿਲੇ ਜਨਰਲ ਸਕੱਤਰ ਲਾਲਾ ਹਰਦਿਆਲ ਦੇ ਅਮਰੀਕਾ ਛੱਡ ਦੇਣ ਨਾਲ ਸੰਤੋਖ ਸਿੰਘ ਧਰਦਿਓ ਨੂੰ ਬਤੌਰ ਜਨਰਲ ਸਕੱਤਰ ਪਾਰਟੀ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਨਾਲ ਮੋਢੇ ਨਾਲ ਮੋਢਾ ਜੋੜ ਕੇ ਪਾਰਟੀ ਦੀ ਵਡੇਰੀ ਜ਼ਿੰਮੇਵਾਰੀ ਸੰਭਾਲਣੀ ਪਈ।

ਭਾਈ ਸੰਤੋਖ ਦੇ ਪਿਤਾ ਸ. ਜਵਾਲਾ ਸਿੰਘ ਰੰਧਾਵਾ ਪਿੰਡ ਧਰਦਿਓ ਜ਼ਿਲ੍ਹਾ ਅੰਮ੍ਰਿਤਸਰ ਦੇ ਵਸਨੀਕ ਸਨ ਪਰ ਉਹ ਸਿੰਘਾਪੁਰ ਵਿਖੇ ਹਾਰਬਰ ਪੁਲਿਸ ਦੇ ਮੁਲਾਜ਼ਮ ਹੋਣ ਕਾਰਨ ਉਥੇ ਪਰਿਵਾਰ ਸਹਿਤ ਰਹਿੰਦੇ ਸਨ। ਸਿੰਘਾਪੁਰ ਵਿਖੇ ਹੀ 1892 ਈ. ਨੂੰ ਭਾਈ ਸੰਤੋਖ ਸਿੰਘ ਦਾ ਜਨਮ ਮਾਤਾ ਰਾਮ ਕੌਰ ਦੀ ਕੁੱਖੋਂ ਹੋਇਆ। ਉਥੇ ਹੀ ਭਾਈ ਸਾਹਿਬ ਨੇ ਮੁੱਢਲੀ ਤਾਲੀਮ ਅੰਗਰੇਜ਼ੀ ਮਾਧਿਅਮ ਵਾਲੇ ਸਕੂਲ ਤੋਂ ਹਾਸਲ ਕੀਤੀ। ਤੀਖਣ ਬੁੱਧ ਭਾਈ ਸੰਤੋਖ ਸਿੰਘ ਨੇ ਬਚਪਨ ਵਿਚ ਹੀ ਅੰਗਰੇਜ਼ੀ ਜ਼ੁਬਾਨ ਬੋਲਣ ਲਿਖਣ ਵਿਚ ਚੰਗੀ ਮੁਹਾਰਤ ਹਾਸਲ ਕਰ ਲਈ ਸੀ ਜੋ ਦੇਸ਼ ਵਿਦੇਸ਼ ਵਿਚ ਕੌਮੀ ਕਾਰਜਾਂ ਲਈ ਉਨ੍ਹਾਂ ਦੀ ਸ਼ਕਤੀ ਬਣਦੀ ਰਹੀ।

ਸ. ਜਵਾਲਾ ਸਿੰਘ 1903 ਵਿਚ ਪੈਨਸ਼ਨ ਲੈ ਕੇ ਪਰਿਵਾਰ ਸਮੇਤ ਆਪਣੇ ਪਿੰਡ ਧਰਦਿਓ ਪਰਤ ਆਏ। ਪਿੰਡ ਧਰਦਿਓ ਤੋਂ ਦੋ ਮੀਲ ਦੂਰੀ 'ਤੇ ਪੈਂਦੇ ਡੀ.ਬੀ. ਪ੍ਰਾਇਮਰੀ ਸਕੂਲ ਮਹਿਤਾ-ਨੰਗਲ ਤੋਂ ਭਾਈ ਸੰਤੋਖ ਸਿੰਘ ਨੇ ਮੁੱਢਲੀ ਪੜ੍ਹਾਈ ਮੁਕੰਮਲ ਕੀਤੀ। ਇਸ ਤੋਂ ਬਾਅਦ ਉਨ੍ਹਾਂ ਨੇ ਖਾਲਸਾ ਕਾਲਜੀਏਟ ਸਕੂਲ ਅੰਮ੍ਰਿਤਸਰ ਤੋਂ ਹੋਸਟਲ ਵਿਚ ਰਹਿ ਕੇ ਮੈਟ੍ਰਿਕ ਪਾਸ ਕੀਤੀ। ਮਾਸਟਰ ਤਾਰਾ ਸਿੰਘ ਦੇ ਛੋਟੇ ਭਰਾ ਨਿਰੰਜਣ ਸਿੰਘ ਜੋ ਬਾਅਦ ਵਿਚ ਪ੍ਰਿੰਸੀਪਲ ਤੇ ਕੌਮੀ ਵਰਕਰ ਵੀ ਬਣੇ ਏਥੇ ਭਾਈ ਸਾਹਿਬ ਦੇ ਜਮਾਤੀ ਸਨ ਤੇ ਦੱਸਿਆ ਕਰਦੇ ਸਨ ਕਿ ਸੰਤੋਖ ਸਿੰਘ ਦੀ ਪ੍ਰਭਾਵਸ਼ਾਲੀ ਅੰਗਰੇਜ਼ੀ ਕਾਰਨ ਸਕੂਲ ਵਿਚ ਉਸ ਦਾ ਨਾਮ 'ਮਿਸਟਰ ਡਿਕਸ਼ਨਰੀ ਸਿੰਘ' ਪੈ ਗਿਆ ਸੀ।

1912 ਵਿਚ ਭਾਈ ਸੰਤੋਖ ਸਿੰਘ ਉਚੇਰੀ ਪੜ੍ਹਾਈ ਲਈ ਇੰਗਲੈਂਡ ਗਏ ਪਰ ਉਸ ਤੋਂ ਜਲਦੀ ਬਾਅਦ ਉਹ ਕੈਨੇਡਾ ਪਹੁੰਚ ਗਏ। ਇਥੇ ਉਹ ਅਕਸਰ ਹੀ ਆਪਣੇ ਅਨਪੜ੍ਹ ਦੇਸ਼-ਵਾਸੀ ਆਰਾ ਮਿੱਲਾਂ ਦੇ ਵਰਕਰਾਂ ਦੀਆਂ ਸਮੱਸਿਆਵਾਂ ਗੋਰੇ ਮਿੱਲ ਮਾਲਕਾਂ ਅਤੇ ਅਦਾਲਤਾਂ ਵਿਚ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਕੇ ਉਨ੍ਹਾਂ ਨੂੰ ਇਨਸਾਫ਼ ਦਿਵਾਉਂਦੇ੧ਓਨ, ਜਿਸ ਕਾਰਨ ਭਾਰਤੀ ਕਾਮਿਆਂ ਨੇ ਸਹਿਜੇ ਹੀ ਉਨ੍ਹਾਂ ਨੂੰ ਆਪਣਾ ਆਗੂ ਮੰਨ ਲਿਆ।

ਜਦ ਕੈਨੇਡਾ ਤੋਂ ਭਾਈ ਸੰਤੋਖ ਸਿੰਘ ਅਮਰੀਕਾ ਆ ਗਏ ਤਾਂ ਜਲਦੀ ਹੀ ਉਨ੍ਹਾਂ ਨੇ ਬਾਬਾ ਜਵਾਲਾ ਸਿੰਘ ਠੱਠੀਆਂ ਅਤੇ ਬਾਬਾ ਵਿਸਾਖਾ ਸਿੰਘ ਦਦੇਹਰ ਨਾਲ ਮਿਲ ਕੇ ਗ਼ਦਰ ਪਾਰਟੀ ਤੇ ਗ਼ਦਰ ਪਰਚੇ ਦੀਆਂ ਜ਼ਿੰਮੇਵਾਰੀਆਂ ਸਾਂਭ ਲਈਆਂ। ਸਾਮਰਾਜੀ ਸ਼ਕਤੀਆਂ ਵਿਰੁੱਧ ਸਪੱਸ਼ਟ ਪੈਂਤੜੇ, ਆਜ਼ਾਦੀ ਪ੍ਰਾਪਤੀ ਲਈ ਸੁਹਿਰਦ ਤੜਪ ਤੇ ਲੋਕ ਭਲਾਈ ਦੀ ਪ੍ਰਬਲ ਭਾਵਨਾ ਵਾਲਾ ਇਹ ਦੇਸ਼ ਭਗਤ ਜਿਥੇ ਬਰਤਾਨਵੀ ਖੁਫ਼ੀਆ ਏਜੰਸੀਆਂ ਲਈ 'ਮਧਰੇ ਕੱਦ, ਤਿੱਖੇ ਨਕਸ਼ਾਂ ਤੇ ਤਿੱਖੀ ਬਰੀਕ ਆਵਾਜ਼ ਵਾਲਾ ਚਤੁਰ ਤੇ ਖਤਰਨਾਕ ਵਿਅਕਤੀ ਸੀ' ਉਥੇ ਆਪਣੇ ਸਾਥੀ ਦੇਸ਼ ਭਗਤਾਂ ਦੀ ਨਜ਼ਰ ਵਿਚ 'ਕਮਾਲ ਦੀ ਸੂਝ-ਸਿਆਣਪ ਦਾ ਮਾਲਕ, ਈਮਾਨਦਾਰ ਤੇ ਪੇਚੀਦਾ ਮਸਲਿਆਂ ਬਾਰੇ ਤੁਰੰਤ ਅਤੇ ਦਰੁਸਤ ਫੈਸਲੇ ਲੈ ਸਕਣ ਵਾਲਾ ਮਹਾਨ ਬੁੱਧੀਮਾਨ ਆਗੂ ਸੀ।'

ਹਿੰਦੋਸਤਾਨ ਵਿਚ ਗ਼ਦਰ ਕਰਨ ਦੇ ਮਕਸਦ ਨਾਲ ਪਾਰਟੀ ਨੇ ਭਾਈ ਸਾਹਿਬ ਨੂੰ ਸਿੰਘਾਪੁਰ ਸਿਆਮ ਮਲਾਇਆ ਤੇ ਬਰਮਾ ਦੀਆਂ ਪਾਰਟੀ ਦੀਆਂ ਸ਼ਾਖਾਵਾਂ ਦਾ ਚਾਰਜ ਸੌਂਪ ਦਿੱਤਾ। ਸਤੰਬਰ 1914 ਦੇ ਕਰੀਬ ਉਹ ਸਿੰਘਾਈ ਪਹੁੰਚੇ। ਸਿਆਮ ਵਿਚ ਗ਼ਦਰ ਪਾਰਟੀ ਲਈ ਭਾਈ ਸਾਹਿਬ ਨੇ ਸੋਹਨ ਲਾਲ ਪਾਠਕ ਤੇ ਆਤਮਾ ਰਾਮ ਨਾਲ ਕੰਮ ਕੀਤਾ। ਇਥੇ ਸਰਕਾਰੀ ਚੌਕਸੀ ਵਿਚ ਬਹੁਤੇ ਇਨਕਲਾਬੀ ਫਸ ਗਏ ਪਰ ਭਾਈ ਸੰਤੋਖ ਸਿੰਘ ਕਿਸੇ ਤਰ੍ਹਾਂ ਅਮਰੀਕਾ ਵਾਪਸ ਪਰਤਣ ਵਿਚ ਸਫਲ ਹੋ ਗਏ।

ਅਮਰੀਕਾ ਵਿਖੇ ਭਾਈ ਸਾਹਿਬ ਨੇ ਪਾਰਟੀ ਨਵੇਂ ਸਿਰਿਓਂ ਗਠਿਤ ਕਰਨੀ ਸ਼ੁਰੂ ਕੀਤੀ ਪਰ ਇਨ੍ਹਾਂ ਨੂੰ ਗ਼ਦਰ ਲਈ ਚਲੇ ਮੁਕੱਦਮੇ ਵਿਚ 21 ਮਹੀਨੇ ਲਈ ਜੇਲ੍ਹ ਜਾਣਾ ਪਿਆ। ਰਿਹਾਈ ਪਿਛੋਂ ਭਾਈ ਸੰਤੋਖ ਸਿੰਘ ਨੇ ਆਪਣੇ ਸਾਥੀਆਂ ਨਾਲ ਪਾਰਟੀ ਦੇ ਹੈਡਕੁਆਰਟਰ ਯੁਗਾਂਤਰ ਆਸ਼ਰਮ (ਗ਼ਦਰ ਆਸ਼ਰਮ) ਵਿਚ ਰਹਿ ਕੇ ਪਾਰਟੀ ਨੂੰ ਮੁੜ ਜਥੇਬੰਦ ਕੀਤਾ।

ਨਵੰਬਰ 1922 ਵਿਚ ਉਹ ਮਾਸਕੋ ਪਹੁੰਚ ਗਏ ਤੇ ਕਾਮਰੇਡ ਲੈਨਿਨ ਦੀ ਕਾਰਜਸ਼ੈਲੀ ਨੂੰ ਨੇੜਿਓਂ ਤੱਕਿਆ। ਇਥੇ ਉਨ੍ਹਾਂ ਨੇ ਕਮਿਊਨਿਸਟ ਇੰਟਰਨੈਸ਼ਨਲ ਦੀ ਚੌਥੀ ਕਾਂਗਰਸ ਵਿਚ ਹਿੱਸਾ ਲਿਆ। ਰੂਸ ਤੋਂ ਉਹ ਭਾਈ ਰਤਨ ਸਿੰਘ (ਰਾਏਪੁਰ ਡੱਬਾ) ਨਾਲ ਭਾਰਤ ਵਿਚ ਪਰਚਾ ਕੱਢ ਕੇ ਲੋਕਾਂ ਨੂੰ ਜਾਗਰੂਕ ਕਰਨ ਦੇ ਮਕਸਦ ਨਾਲ ਵਾਪਸ ਪਰਤੇ। ਪਰ ਅਫਗਾਨਿਸਤਾਨ ਤੋਂ ਹਿੰਦੋਸਤਾਨ ਪ੍ਰਵੇਸ਼ ਕਰਦੇ ਸਮੇਂ ਹੀ ਬਰਤਾਨਵੀ ਪੁਲਿਸ ਦੇ ਹੱਥ ਆ ਗਏ। ਗ੍ਰਿਫਤਾਰੀ ਉਪਰੰਤ ਭਾਈ ਸਾਹਿਬ ਕਾਫੀ ਸਮਾਂ ਪਿੰਡ ਵਿਚ ਨਜ਼ਰਬੰਦ ਰਹੇ।

ਇਸ ਉਪਰੰਤ ਉਨ੍ਹਾਂ ਨੇ ਭਾਗ ਸਿੰਘ ਕੈਨੇਡੀਅਨ ਤੇ ਬਾਬਾ ਕਰਮ ਸਿੰਘ ਚੀਮਾ ਦੀ ਮਦਦ ਨਾਲ ਫਰਵਰੀ 1926 ਵਿਚ ਅਗਾਂਹਵਧੂ ਪਰਚਾ 'ਕਿਰਤੀ' ਕੱਢਿਆ ਜਿਸ ਨੇ ਅਗਾਂਹਵਧੂ ਪੰਜਾਬੀ ਪੱਤਰਕਾਰੀ ਨੂੰ ਪਹਿਲੀ ਵਾਰ ਇਕ ਵੱਡਾ ਮੰਚ ਮੁਹੱਈਆ ਕੀਤਾ। ਜ਼ਿਆਦਾ ਮਿਹਨਤ, ਮਾੜੀ ਖੁਰਾਕ ਤੇ ਪੁਲਿਸ ਦੇ ਅਣ-ਮਨੁੱਖੀ ਵਿਹਾਰ ਕਾਰਨ ਉਹ ਟੀ.ਬੀ. ਦਾ ਸ਼ਿਕਾਰ ਹੋ ਗਏ ਅਤੇ ਅੰਤ 19 ਮਈ 1927 ਨੂੰ ਉਹ ਕਿਰਤੀ ਦੇ ਦਫਤਰ ਅੰਮ੍ਰਿਤਸਰ ਵਿਖੇ ਸਦੀਵੀ ਵਿਛੋੜਾ ਦੇ ਗਏ। ਭਾਈ ਸਾਹਿਬ ਦੀ ਜੱਦੋ-ਜਹਿਦ ਭਰੀ ਜ਼ਿੰਦਗੀ, ਬੀਮਾਰੀ ਨਾਲ ਚੱਲੇ ਲੰਮੇ ਸੰਘਰਸ਼ ਕਾਰਨ ਪੰਥ ਰਤਨ ਮਾਸਟਰ ਤਾਰਾ ਸਿੰਘ ਨੇ ਉਨ੍ਹਾਂ ਦੀ ਮੌਤ ਨੂੰ ਤਿਲ ਤਿਲ ਕਰਕੇ ਹੋਈ ਸ਼ਹਾਦਤ ਦਾ ਨਾਂ ਦਿੰਦਿਆਂ ਉਨ੍ਹਾਂ ਨੂੰ ਸ਼ਹੀਦ ਦਾ ਖਿਤਾਬ ਪ੍ਰਦਾਨ ਕੀਤਾ। ਅਸੀਂ ਅੱਜ ਇਸ ਮਹਾਨ ਗ਼ਦਰੀ ਆਗੂ ਤੇ ਚਿੰਤਕ ਨੂੰ ਉਨ੍ਹਾਂ ਦੀ ਬਰਸੀ ਤੇ ਅਵਸਰ 'ਤੇ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦੇ ਹਾਂ।

# ਪੰਜਾਬੀ ਲਿਖਾਰੀ ਸਭਾ ਸਿਆਟਲ ਵੱਲੋਂ ਮਾਂ-ਦਿਵਸ ਨੂੰ ਸਮਰਪਿਤ ਅੰਤਰ ਰਾਸ਼ਟਰੀ ਪੱਧਰ ਦਾ ਸਮਾਗਮ

**ਸਿਆਟਲ-** ਪੰਜਾਬੀ ਲਿਖਾਰੀ ਸਭਾ ਸਿਆਟਲ ਵੱਲੋਂ ਮਾਂ-ਦਿਵਸ ਨੂੰ ਸਮਰਪਿਤ ਅੰਤਰ ਰਾਸ਼ਟਰੀ ਪੱਧਰ ਦਾ ਇਕ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਦੇਸ਼ ਵਿਦੇਸ਼ ਦੇ ਸਾਹਿਤਕਾਰਾਂ ਨੇ ਹਿੱਸਾ ਲਿਆ। ਆਪਣੀਆਂ ਰਚਨਾਵਾਂ ਰਾਹੀਂ ਸੱਭ ਨੇ ਮਾਵਾਂ ਪ੍ਰਤੀ ਆਪਣੀਆਂ ਭਾਵਨਾਵਾਂ ਪਰਗਟ ਕੀਤੀਆਂ। ਕੋਰੋਨਾ ਮਹਾਂਮਾਰੀ ਦੇ ਫੈਲਾਅ ਨੂੰ ਰੋਕਣ ਲਈ ਵਰਤੀਆਂ ਜਾਂਦੀਆਂ ਸਾਵਧਾਨੀਆਂ ਦੀ ਲੜੀ ਨੂੰ ਕਾਇਮ ਰੱਖਦਿਆਂ,ਜੂਮ ਰਾਹੀਂ ਕੀਤੇ ਗਏ ਇਸ ਪਰੋਗਰਾਮ ਦੀ ਸ਼ੁਰੂਆਤ ਸਭਾ ਦੇ ਪਰਧਾਨ ਡਾ.ਜੇ.ਬੀ. ਸਿੰਘ ਨੇ ਸੰਸਾਰ ਦੀਆਂ ਕੁਲ ਮਾਵਾਂ ਨੂੰ ਸੀਸ ਝੁਕਾਉਂਦਿਆਂ, ਸ਼ਿਰਕਤ ਕਰ ਰਹੇ ਸਾਰੇ ਲੇਖਕਾਂ ਕਵੀਆਂ ਨੂੰ ਜੀ ਆਇਆਂ ਕਿਹਾ।ਸਭਾ ਦੇ ਸਤਿਕਾਰਤ ਅਹੁਦੇਦਾਰ ਹਰਦਿਆਲ ਸਿੰਘ ਚੀਮਾ ਜੀ ਦੇ, ਮਾਂ ਬਾਰੇ ਲਿਖੇ ਗੀਤ ਜ਼ੋ ਕਿ ਪੈਰਸਿੱਧ ਗਾਇਕਾ ਗੁਲਸ਼ਨ ਕੋਮਲ ਦੀ ਆਵਾਜ਼ !ਚ ਰਿਕਾਰਡ ਹੋਇਆ ਹੈ ,ਨੂੰ ਸਭਾ ਦੇ ਸਕੱਤਰ ਅਤੇ ਅੱਜ ਦੇ ਪੈਰੋਗਰਾਮ ਨੂੰ ਸੰਚਾਲਨ ਕਰ ਰਹੇ ਬਲਿਹਾਰ ਸਿੰਘ ਲੇਹਲ ਨੇ ਸਮਾਰਟ ਫੋਨ ਰਾਹੀਂ ਸਾਰਿਆਂ ਦੇ ਸਨਮੁੱਖ ਰੱਖਿਆ। ਰਾਜਨਦੀਪ ਕੌਰ ਮਾਨ (ਬਾਹਰ ਤੱਤੀਆਂ ਲੋਆਂ ਮਾਏ....), ਪ੍ਰੀਤਮਾ ਦਿੱਲੀ (ਮਿਲਣ ਠੰਢੀਆਂ ਛਾਵਾਂ, ਤੱਤੀ ਵਾਉ ਨਾ ਲੱਗੇ), ਸੁਖਵਿੰਦਰ ਆਹੀ ਪਟਿਆਲਾ(ਮਾਂ ਹੈ ਠੰਢੜੀ ਛਾਂ ਜਿੰਨਾਂ ਨੇ ਮਾਨ ਲਈ...), ਪੁੰਗਰਦੇ ਹਰਫ਼ -ਵਿਸ਼ਵ ਕਾਵਿ-ਮਹਿਫਲ ਦੀ ਪ੍ਰਧਾਨ ਰਮਨਦੀਪ ਕੌਰ ਰੰਮੀ ਗਿੱਦੜਬਾਹਾ(ਪੰਜਾਬ,ਭਾਰਤ) (ਮਾਂ ਬੋਲੀਏ ਪੰਜਾਬੀਏ ਸਾਨੂੰ ਤੇਰੇ ਉਤੇ ਮਾਨ), ਤਰਵਿੰਦਰ ਕੌਰ ਝੰਡੋਕ ਪੰਜਾਬ ਭਾਰਤ (ਮਾਂ ਦਿਲ ਦੇ ਕਰੀਬ) ਆਦਿ ਕਵਿੱਤਰੀਆਂ ਨੇ ਕਾਵਿ ਦੇ ਵੱਖ ਵੱਖ ਰੂਪਾਂ ਰਾਹੀਂ ਮਾਂ ਦਿਵਸ ਨੂੰ ਸਮਰਪਿਤ ਆਪਣੇ ਜਜ਼ਬਾਤ ਪੇਸ਼ ਕੀਤੇ ਉਥੇ ਤਰਨਜੀਤ ਗਿੱਲ ਜਰਗੜੀ(ਨੈਣ ਤਰਸ ਗਏ ਵੇਖਣ ਲਈ ਮੁੱਖ ਪੁੱਤਰਾ ਤੇਰਾ), ਅਮਨਬੀਰ ਸਿੰਘ ਧਾਮੀ ਸਾਊਥ ਕੋਰੀਆ(ਕਦੇ ਮਾਂ ਦਾ ਦੇਣ ਨਾ ਦੇ ਸਕਦਾ,ਜੀਹਨੇ ਸਾਹਾਂ ਦੇ ਨਾਲ ਪਾਲਿਆ),ਡਾ.ਜੇ.ਬੀ ਸਿੰਘ (ਧਰਤੀ ਮਾਂ), ਡਾ. ਸੁਖਬੀਰ ਬੀਹਲਾ(ਰੁੱਖ ਦੀ ਜਾਨ ਜੜੈਹ ਵਿੱਚ ਹੈ...) , ਸਹਾਇਕ ਸਕੱਤਰ ਸਾਧੂ ਸਿੰਘ ਝੱਜ(ਮਾਏ ਜਦੋਂ ਤੇਰੀ ਯਾਦ ਆਉਂਦੀ ਏ ਇਕੱਲਾ ਬਹਿ ਕੇ ਰੋਂਦਾ ਹਾਂ), ਮੰਗਤ ਕੁਲਜਿੰਦ ਸੰਪਾਦਕ ਸ਼ਬਦ ਤੈਰਿੰਜਣ (ਲੱਖ ਮੁਸੀਬਤਾਂ ਲੱਖ ਕੋਰੋਨੇ... ਹੱਥ ਸਿਰਾਂ ਤੇ ਰੱਖਣ ਮਾਵਾਂ ਜੇ) ਨੇ ਮਾਂ ਦੀ ਮਮਤਾ ਅਤੇ ਕੁਰਬਾਨੀਆਂ ਨੂੰ ਯਾਦ ਕਰਦੇ ਗੀਤ, ਕਵਿਤਾਵਾਂ ਤਰੰਨਮ ਚ ਗਾ ਕੇ ਜਾਂ ਉਚਾਰ ਕੇ ਪੇਸ਼ ਕੀਤੀਆਂ ਅਤੇ ਲੱਕੀ ਕਮਲ ਨੇ ਆਪਣੇ ਵਾਰਤਕ ਲੇਖ 'ਮਾਂ' ਰਾਹੀਂ ਦਿਲ ਦੀਆਂ ਗਹਿਰਾਈਆਂ ਚੋਂ ਮਮਤਾ ਨੂੰ ਲੱਭਿਆ।ਬਲਿਹਾਰ ਸਿੰਘ ਲੇਹਲ ਨੇ ਪਰਸਿੱਧ ਸ਼ਾਇਰ ਦੇ ਲਿਖੇ ਗੀਤ(ਕੀ ਫਾਇਦਾ ਏ ਉਹਨਾਂ ਪੁੱਤਾਂ ਦਾ,ਰੁਲਣ ਜਿੰਨਾਂ ਦੇ ਪਿਉ) ਨੂੰ ਪੇਸ਼ ਕੀਤਾ।ਲਿਖਾਰੀ ਸਭਾ ਦੇ ਫੇਸਬੁੱਕ ਪੇਜ ਉੱਤੇ ਇਸ ਸਮਾਗਮ ਦਾ ਸਿੱਧਾ ਪੈਰਸਾਰਣ ਵੀ ਕੀਤਾ ਗਿਆ ਅਤੇ ਹੁਣ ਵੀ ਵੇਖਿਆ ਜਾ ਸਕਦਾ ਹੈ। ਪਰੋਗਰਾਮ ਦੇ ਸੰਚਾਲਨ ਦੀ ਜ਼ਿੰਮੇਵਾਰੀ ਸਕੱਤਰ ਨੇ ਪਰਧਾਨ ਜੀ ਦੀ ਸਹਾਇਤਾ ਨਾਲ ਬਾ-ਖੂਬੀ ਨਿਭਾਈ। ਅਖੀਰ ਵਿੱਚ ਸਭਾ ਦੇ ਪੈਰਧਾਨ ਜੀ ਨੇ, ਮਾਂ-ਮਮਤਾ ਦੀ ਨਿੱਘ ਜਿਹੇ ਸ਼ਬਦਾਂ ਵਿੱਚ ਭਾਗ ਲੈਣ ਵਾਲੇ ਲਿਖਾਰੀਆਂ ਤੇ ਸਰੋਤਿਆਂ ਦਾ ਧੰਨਵਾਦ ਕੀਤਾ।

**ਡਾ. ਜੇ.ਬੀ.ਸਿੰਘ (ਪਰਧਾਨ) ਬਲਿਹਾਰ ਸਿੰਘ ਲੇਹਲ (ਸਕੱਤਰ**
**ਮੰਗਤ ਕੁਲਜਿੰਦ (ਸਿਆਟਲ) 425-286-0163**

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਵਿਗਿਆਨ ਦੀਆਂ ਬਲ਼ਦੀਆਂ ਦਸ ਮਸ਼ਾਲਾਂ ਨਾਲ ਰੂਬਰੂ

(ਸਫਾ 13 ਦੀ ਬਾਕੀ)

ਪਹਿਲੀ ਵਿਗਿਆਨੀ ਸੀ। ਰਾਇਲ ਇੰਸਟੀਚਿਊਟ ਆਫ਼ ਸਾਇੰਸ ਵਿੱਚ ਪ੍ਰੋਫ਼ੈਸਰ ਰਹੀ। ਇਸ ਸੰਸਥਾ ਦੀ ਡਾਇਰੈਕਟਰ ਬਣਨ ਲਈ ਉਸਨੂੰ ਤਕੜੀ ਜੱਦੋਜਹਿਦ ਕਰਨੀ ਪਈ। ਨੈਚੂਰਲ ਪ੍ਰੋਡਕਟਸ ਸਾਇੰਟਿਸਟ ਅਸੀਮਾ ਚੈਟਰਜੀ ਕਿਸੇ ਵੀ ਭਾਰਤੀ ਯੂਨੀਵਰਸਿਟੀ ਤੋਂ ਇਸ ਵਿਸ਼ੇ ਦੀ ਡੀ.ਐਸਸੀ. ਦੀ ਡਿਗਰੀ ਲੈਣ ਵਾ਼ਲੀ ਪਹਿਲੀ ਮਹਿਲਾ ਵਿਗਿਆਨੀ ਸੀ। ਉਹ ਪਹਿਲੀ ਔਰਤ ਵਿਗਿਆਨੀ ਸੀ ਜੋ ਇੰਡੀਅਨ ਸਾਇੰਸ ਕਾਂਗਰਸ ਦੀ 1972 ਈ. ਵਿੱਚ ਜਨਰਲ ਸਕੱਤਰ ਚੁਣੀ ਗਈ। ਸਕਾਟਿਸ਼ ਕਾਲਜ ਕਲਕੱਤਾ ਦੇ ਕਮਿਸਟਰੀ ਵਿਭਾਗ ਵਿਚ ਜਿਨ੍ਹਾਂ ਤਿੰਨ ਵਿਦਿਆਰਥੀਆਂ ਨੇ ਦਾਖ਼ਲਾ ਲਿਆ ਉਨ੍ਹਾਂ ਵਿੱਚ ਅਸੀਮਾ ਵੀ ਇਕ ਸੀ। ਕੱਟੜ ਵਿਚਾਰਾਂ ਵਾ਼ਲੇ ਲੋਕਾਂ ਨਾ਼ਲ ਲੜ ਕੇ ਅਗਾਂਹ ਵਧਣ ਵਿੱਚ ਉਸਦੀ ਮਾਂ ਨੇ ਪੂਰਾ ਸਾਥ ਦਿੱਤਾ। ਉਸਦਾ ਪਤੀ ਵੀ ਉਸਦੇ ਨਾ਼ਲ ਰਿਹਾ। ਉਹ ਇਕ ਚੰਗੀ ਗਾਇਕਾ ਸੀ। ਉਸ ਨੇ ਵਿਗਿਆਨ ਨੂੰ ਮਾਤ ਭਾਸ਼ਾ ਬੰਗਾਲੀ ਰਾਹੀਂ ਸਮਝਾਉਣ ਦਾ ਯਤਨ ਹੀ ਨਹੀਂ ਕੀਤਾ ਸਗੋਂ ਛੇ ਜਿਲਦਾਂ ਵਿੱਚ "ਭਾਰਤ ਬਨ ਔਸ਼ਧੀ" ਨਾਂ ਦੀ ਪੁਸਤਕ ਵੀ ਪ੍ਰਕਾਸ਼ਿਤ ਕਰਵਾਈ।

ਕੈਂਸਰ ਅਤੇ ਕੋਹੜ ਬਾਰੇ ਸੌ ਤੋਂ ਉੱਪਰ ਖੋਜ ਪੱਤਰਾਂ ਦੀ ਵਿਗਿਆਨੀ ਲੇਖਿਕਾ ਕਮਲ ਜਯਸਿੰਘ ਰਣਦੀਵੇ ਬਾਟਨੀ ਦੀ ਬੀ.ਐਸਸੀ. ਸੀ ਜਿਸ ਨੇ ਇੰਡੀਅਨ ਕੈਂਸਰ ਰੀਸਰਚ ਸੈਂਟਰ ਵਿੱਚ ਭਾਰਤ ਦੀ ਪਹਿਲੀ ਟਿਸ਼ੂ ਕਲਚਰ ਲੈਬੋਰਟਰੀ ਦੀ ਸਥਾਪਨਾ ਕੀਤੀ। ਹਾਰਮੋਨਾਂ ਅਤੇ ਗਿਲਟੀਆਂ ਦੇ ਵਾਇਰਸਾਂ ਦਰਮਿਆਨ ਪਰਸਪਰ ਕਿਰਿਆਵਾਂ ਅਤੇ ਕੈਂਸਰ ਪ੍ਰਤੀ ਸੰਵੇਦਨਸ਼ੀਲਤਾ ਵਿਚਲੀ ਕੜੀ ਨੂੰ ਪਹਿਚਾਨਣ ਵਾ਼ਲੀ ਪਹਿਲੀ ਭਾਰਤੀ ਵਿਗਿਆਨੀ ਸੀ ਕਮਲ ਜਯਸਿੰਘ ਰਣਦੀਵੇ। ਉਸਨੇ ਛੋਟੇ ਬੱਚਿਆਂ ਬਾਰੇ ਖੋਜ ਉੱਪਰ ਆਧਾਰਿਤ ਪੁਸਤਕ ਲਿਖੀ, "ਇਮਿਊਨੋ ਹਿਮਾਟੌਲੋਜੀ ਆਫ਼ ਟਰਾਈਬਲ ਬਲੱਡ" ਉਸ ਦੀਆਂ ਖੋਜਾਂ ਸਦੀਵੀ ਮੁੱਲ ਰੱਖਦੀਆਂ ਹਨ।

ਟ੍ਰਾਵਨਕੋਰ ਦੇ ਇਸਾਈ ਪਰਿਵਾਰ ਵਿੱਚ ਪੈਦਾ ਹੋਈ **ਅੰਨਾ ਮਣੀ (1918-2001 ਈ.)** ਹੀਰੇ ਮਾਣਕਾਂ ਦੀ ਸਪੈਕਟ੍ਰੋਸਕੋਪੀ ਉੱਪਰ ਨਿੱਠ ਕੇ ਕੰਮ ਕਰਨ ਵਾ਼ਲੀ ਮਹਿਲਾ ਵਿਗਿਆਨੀ ਸੀ। ਇਸੇ ਖੋਜ ਕਾਰਜ ਦੇ ਆਧਾਰ ਤੇ ਉਸਨੇ ਆਪਣਾ ਥੀਸਿਸ ਲਿਖਿਆ ਪਰ ਐਮ.ਐਸਸੀ. ਨਾ ਹੋਣ ਕਾਰਨ ਸੀ.ਵੀ. ਰਮਨ ਦੀ ਸੰਸਥਾ ਨੇ ਉਸਨੂੰ ਪੀਐੱਚ.ਡੀ. ਦੀ ਡਿਗਰੀ ਦੇਣ ਤੋਂ ਇਨਕਾਰ ਕਰ ਦਿੱਤਾ। ਉਸਨੇ ਇੰਪੀਰੀਅਲ ਕਾਲਜ ਲੰਡਨ ਤੋਂ ਮੌਸਮ ਵਿਗਿਆਨ ਦੀ ਸਿੱਖਿਆ ਗ੍ਰਹਿਣ ਕੀਤੀ। ਅੰਨਾ ਮਣੀ ਨੂੰ ਪੜ੍ਹਨ ਦਾ ਸਿਖ਼ਰ ਦਾ ਜਨੂਨ ਸੀ। ਉਸਨੇ ਪਹਿਲੀ ਉਮਰ ਵਿੱਚ ਹੀ ਪਬਲਿਕ ਲਾਇਬ੍ਰੇਰੀ ਦੀਆਂ ਸਾਰੀਆਂ ਦੀਆਂ ਸਾਰੀਆਂ ਮਲਿਆਲਮ ਅਤੇ ਅੰਗ੍ਰੇਜ਼ੀ ਦੀਆਂ ਪੁਸਤਕਾਂ ਪੜ੍ਹ ਲਈਆਂ ਸਨ।

ਆਪਣੇ ਜਨਮ ਦਿਨ ਤੇ ਉਸਨੇ ਪਰਿਵਾਰ ਪਾਸੋਂ ਇਨਸਾਈਕਲੋਪੀਡੀਆ ਆਫ਼ ਬ੍ਰਿਟੇਨਕਾ ਤੋਹਫ਼ੇ ਵਿੱਚ ਮੰਗਿਆ। ਸੀ.ਵੀ. ਰਮਨ ਦੀ ਪਤਨੀ ਨਾਲ ਉਸਦਾ ਨਿੱਘਾ ਸਨੇਹ ਸੀ। ਉਸ ਮੰਦਿਰ ਵਿੱਚ ਵੀ ਉਹ ਸੀ.ਵੀ. ਰਮਨ ਦੀ ਪਤਨੀ ਨਾਲ ਚਲੀ ਗਈ ਜਿੱਥੇ ਅਣਵਿਆਹੀਆਂ ਨੂੰ ਜਾਣ ਦੀ ਆਗਿਆ ਨਹੀਂ ਸੀ। ਜਦੋਂ ਉਸਨੂੰ ਪੁਜਾਰੀ ਨੇ ਪਛਾਣ ਲਿਆ ਤਾਂ ਰਮਨ ਦੀ ਪਤਨੀ ਨੇ ਉਸਦੀ ਮਾਂਗ ਵਿੱਚ ਸੰਧੂਰ ਲਾ ਕੇ ਉਸਨੂੰ ਬੇਇੱਜ਼ਤ ਹੋਣ ਤੋਂ ਬਚਾਇਆ। ਭਾਵੇਂ ਮਰਦ ਪ੍ਰਧਾਨ ਸਿਸਟਮ ਉੱਪਰ ਉਸ ਨਾਲ ਕਈ ਜ਼ਿਆਦਤੀਆਂ ਹੋਈਆਂ ਪਰ ਉਸਨੇ ਕਦੇ ਕੋਈ ਗਿਲਾ ਨਹੀਂ ਕੀਤਾ, ਉਦੋਂ ਵੀ ਨਹੀਂ ਜਦੋਂ ਉਸਨੂੰ ਪੀਐੱਚ.ਡੀ. ਦੀ ਡਿਗਰੀ ਦੇਣ ਤੋਂ ਇਨਕਾਰ ਕੀਤਾ ਗਿਆ। "ਆਪਣੇ ਕੰਮ ਨੂੰ ਸਮਰਪਿਤ ਹੁੰਦਿਆਂ ਅੰਨਾ ਮਣੀ ਨੇ ਉਮਰ ਭਰ ਵਿਆਹ ਨਹੀਂ ਕਰਵਾਇਆ। ਉਸਨੇ ਕਦੇ ਵੀ ਲਿੰਗ ਭੇਦ ਨੂੰ ਆਪਣੇ ਕੰਮ ਦੇ ਰਾਹ ਵਿੱਚ ਰੁਕਾਵਟ ਨਹੀਂ ਬਣਨ ਦਿੱਤਾ। ਪ੍ਰੰਤੂ ਉਸਨੂੰ ਇਸ ਗੱਲ ਦਾ ਅਹਿਸਾਸ ਬਾਖ਼ੂਬੀ ਸੀ ਕਿ ਉਸ ਦੁਆਰਾ ਜਾਂ ਕਿਸੇ ਹੋਰ ਮਹਿਲਾ ਵਿਗਿਆਨੀ ਦੁਆਰਾ ਕੀਤੀ ਗਈ ਨਿੱਕੀ ਜਿਹੀ ਗ਼ਲਤੀ ਨੂੰ ਵੀ ਪੁਰਸ਼ ਵਿਗਿਆਨੀਆਂ ਦੁਆਰਾ ਤੁਰੰਤ ਔਰਤਾਂ ਦੀ ਅਸਮਰੱਥਤਾ ਜਾਂ ਨਲਾਇਕੀ ਦੀ ਨਿਸ਼ਾਨੀ ਮੰਨ ਲਿਆ ਜਾਵੇਗਾ। ਅੰਨਾ ਮਣੀ ਵਿਗਿਆਨਕ ਪਹਿਲੂਆਂ ਦੇ ਆਧੁਨਿਕੀਕਰਣ, ਰਾਸ਼ਟਰਵਾਦ ਅਤੇ ਲਿੰਗੀ ਵਿਚਾਰਧਾਰਾ ਦੇ ਸੁਮੇਲ ਦੀ ਨੁਮਾਇੰਦਗੀ ਕਰਦੀ ਹੈ। ਉਸਦੇ ਵਰਗੀ ਸਫ਼ਲਤਾ ਵਿਰਲੀਆਂ ਔਰਤਾਂ ਦੇ ਹਿੱਸੇ ਹੀ ਆਈ ਹੈ।" ਉਸਦੇ ਮੌਸਮ ਵਿਗਿਆਨ ਨਾਲ ਸੰਬੰਧਿਤ ਉਪਕਰਣਾਂ ਦੇ ਖੇਤਰ ਵਿੱਚ ਬੇਮਿਸਾਲ ਯੋਗਦਾਨ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ।

ਕਰਨਾਟਕ ਦੀ ਪਹਿਲੀ ਮਹਿਲਾ ਇਲੈਕਟ੍ਰੀਕਲ ਕਮਿਊਨੀਕੇਸ਼ਨ ਇੰਜੀਨੀਅਰ ਰਾਜੇਸ਼ਵਰੀ ਚੈਟਰਜੀ ਇੰਡੀਅਨ ਇੰਸਟੀਚਿਊਟ ਆਫ਼ ਸਾਇੰਸ ਬੰਗਲੌਰ ਦੀ ਪਹਿਲੀ ਫੈਕਲਟੀ ਮੈਂਬਰ ਵੀ ਬਣੀ। ਉਸਦੀਆਂ ਮਾਈਕ੍ਰੋਵੇਵ ਅਤੇ ਐਂਟੀਨੇ ਦੇ ਖੇਤਰ ਵਿੱਚ ਕੀਤੀਆਂ ਖੋਜਾਂ ਨੇ ਰੇਡਾਰ ਦੇ ਖੇਤਰ ਵਿੱਚ ਵੀ ਮਹੱਤਵਪੂਰਣ ਭੂਮਿਕਾ ਨਿਭਾਈ। ਉਸਨੇ ਪਤੀ ਨਾਲ ਮਿਲ ਕੇ ਰੀਸਰਚ ਲੈਬੋਰੇਟਰੀ ਦੀ ਸਥਾਪਨਾ ਕੀਤੀ। ਅੰਜਲੀ ਮੁਖਰਜੀ ਸੰਯੁਕਤ ਜਾਗੀਰਦਾਰ ਪਰਿਵਾਰ ਵਿੱਚ ਪੈਦਾ ਹੋਈ। ਉਸ ਸਮੇਂ ਪ੍ਰੈਜ਼ੀਡੈਂਸੀ ਕਾਲਜ ਵਿੱਚ ਲੜਕੀਆਂ ਨੂੰ ਦਾਖ਼ਲਾ ਨਹੀਂ ਸੀ ਦਿੱਤਾ ਜਾਂਦਾ। ਉਸ ਨੇ ਵਿਰੋਧਾਂ ਦਾ ਸਾਹਮਣਾ ਕਰਕੇ ਲੋਰੈਟੋ ਕਾਲਜ ਕਲਕੱਤਾ ਵਿਚ ਦਾਖ਼ਲਾ ਲਿਆ। ਉਸ ਨੂੰ ਵੀ ਪਤੀ ਦਾ ਸਾਥ ਮਿ਼ਲਦਾ ਰਿਹਾ। ਉਸ ਉੱਪਰ ਰਾਮ ਕ੍ਰਿਸ਼ਨ ਮਿਸ਼ਨ ਦਾ ਪ੍ਰਭਾਵ ਸੀ।

ਇਉਂ 'ਦਸ ਦਿਸ਼ਾਵਾਂ' ਦੀਆਂ ਦਸੇ ਵਿਗਿਆਨੀ ਔਰਤਾਂ ਨਵਜਾਗਰਣ ਦੀ ਪੈਦਾਵਾਰ ਹਨ ਪਰੰਤੂ ਨਵਜਾਗਰਣ ਨੇ ਇਨ੍ਹਾਂ ਨੂੰ ਆਸਾਨੀ ਨਾਲ ਰਾਹ ਨਹੀਂ ਦਿੱਤਾ। ਉਨ੍ਹਾਂ ਨੂੰ ਪਰਿਵਾਰਕ, ਸਮਾਜਿਕ ਅਤੇ ਧਾਰਮਿਕ ਦੀਵਾਰਾਂ ਨਾਲ ਟੱਕਰਾਂ ਮਾਰਨੀਆਂ ਪਈਆਂ। ਉਨ੍ਹਾਂ ਦਾ ਸਾਥ ਸਮਾਜ ਸੁਧਾਰ ਦੀਆਂ ਲਹਿਰਾਂ ਵਿਚੋਂ ਪੈਦਾ ਹੋਏ ਪਤੀਆਂ ਜਾਂ ਫਿਰ ਜਾਗਰੂਕ ਵਿਦੇਸ਼ੀ ਲੋਕਾਂ ਨੇ ਦਿੱਤਾ। ਪਰ ਅੱਜ ਉਨ੍ਹਾਂ ਨੂੰ ਉਸ ਤਰ੍ਹਾਂ ਯਾਦ ਨਹੀਂ ਕੀਤਾ ਜਾਂਦਾ ਜਿਵੇਂ ਉਨ੍ਹਾਂ ਨੂੰ ਯਾਦ ਕਰਨਾ ਬਣਦਾ ਹੈ।

ਮੈਡਮ ਸਤਵੰਤ ਕਲੋਟੀ ਨੇ ਇਨ੍ਹਾਂ ਦੀਆਂ ਜੀਵਨੀਆਂ ਲਿਖ ਕੇ ਨਾ ਕੇਵਲ ਵਿਗਿਆਨ ਦੀਆਂ ਇਨ੍ਹਾਂ ਮਹਾਰਥੀਆਂ ਨੂੰ ਯਾਦ ਹੀ ਕੀਤਾ ਹੈ ਸਗੋਂ ਪੰਜਾਬੀ ਸਮਾਜ ਨੂੰ ਆਦਰਸ਼ਕ ਔਰਤ ਵਿਗਿਆਨੀਆਂ ਨਾਲ ਰੂਬਰੂ ਵੀ ਕੀਤਾ ਹੈ ਜੋ ਆਉਣ ਵਾਲੇ ਸਮੇਂ ਵਿੱਚ ਪੜ੍ਹਦੀਆਂ ਕੁੜੀਆਂ ਨੂੰ ਵਿਗਿਆਨ ਵੱਲ ਪ੍ਰੇਰਿਤ ਵੀ ਕਰਨਗੀਆਂ ਅਤੇ ਇਨ੍ਹਾਂ ਵਿੱਚ ਵਿਗਿਆਨਕ ਚੇਤਨਾ ਦਾ ਪ੍ਰਸਾਰ ਕਰਨ ਵਿੱਚ ਵੀ ਆਪਣਾ ਯੋਗਦਾਨ ਪਾਉਣਗੀਆਂ। ਸਤਵੰਤ ਕਲੋਟੀ ਦੇ ਇਸ ਬਹੁਮੁੱਲੇ ਕਾਰਜ ਲਈ ਮੈਂ ਉਸਨੂੰ ਵਧਾਈ ਦਿੰਦਾ ਹਾਂ ਤੇ ਉਸਦਾ ਧੰਨਵਾਦ ਵੀ ਕਰਦਾ ਹਾਂ ਕਿ ਉਸਨੇ ਮੈਨੂੰ ਸਮਾਜ ਨੂੰ ਰੁਸ਼ਨਾਉਣ ਵਾਲੀਆਂ ਦਸ ਮਸ਼ਾਲਾਂ ਨੂੰ ਜਾਣਨ ਦਾ ਮੌਕਾ ਵੀ ਦਿੱਤਾ ਹੈ।

# ਆਦਿ ਵਾਸੀ ਸਮਾਜ ਦੇ ਪ੍ਰਸਿੱਧ ਸਕਾਲਰ ਪ੍ਰੋ. ਲਾਲ ਸਿੰਘ ਜੀ ਨੂੰ ਦਿੱਤੀ ਗਈ ਭਾਵ ਭਿੰਨੀ ਸ਼ਰਧਾਂਜਲੀ









ਸਵਰਗੀ ਪ੍ਰੋ. ਲਾਲ ਸਿੰਘ ਜੀ


















**ਲੁਧਿਆਣਾ (ਬਿਊਰੋ)–** ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਤੇ ਵਿਚਾਰਧਾਰਾ ਨੂੰ ਵਿਗਿਆਨਕ ਅਤੇ ਤਰਕਵਾਦੀ ਤਰੀਕੇ ਨਾਲ ਘੋਖ, ਵਿਚਾਰ ਕੇ ਆਧੁਨਿਕ ਨਜ਼ਰੀਏ ਨਾਲ ਜਨ-ਜਨ ਤੱਕ ਪਹੁੰਚਾਉਣ ਵਾਲੇ ਆਦਿ ਧਰਮ ਅਨਮੋਲ ਰਤਨ ਅਤੇ ਕੌਮ ਦੇ ਹੀਰੇ ਐਵਾਰਡ ਨਾਲ ਸਨਮਾਨਿਤ ਮਹਾਨ ਫਿਲਸਫਰ ਪ੍ਰੋ. ਲਾਲ ਸਿੰਘ ਜੀ ਨੂੰ ਸ੍ਰੀ ਗੁਰੂ ਰਵਿਦਾਸ ਮੰਦਰ ਅਮਨ ਨਗਰ ਲੁਧਿਆਣਾ ਵਿਖੇ ਭਾਵ ਭਿੰਨੀ ਸ਼ਰਧਾਂਜਲੀ ਦਿੱਤੀ ਗਈ। ਉਹ 03 ਮਈ 2021 ਸ਼ਾਮ ਨੂੰ ਇਸ ਸੰਸਾਰ ਤੋਂ ਰੁਖ਼ਸਤ ਹੋ ਗਏ ਸਨ ਅਤੇ 12 ਮਈ ਨੂੰ ਉਹਨਾਂ ਨਮਿਤ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ ਹੋਇਆ। ਪ੍ਰੋ. ਲਾਲ ਸਿੰਘ ਜੀ ਉਹ ਮਹਾਨ ਸ਼ਖ਼ਸੀਅਤ ਹੈ ਜਿਸ ਨੇ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਦੇ ਹਿਰਦਿਆਂ ਨੂੰ ਗੁਰੂ ਜੀ ਦੇ ਕ੍ਰਾਂਤੀਕਾਰੀ, ਇਨਕਲਾਬੀ ਫ਼ਲਸਫ਼ੇ ਦੇ ਪ੍ਰਚਾਰ ਨਾਲ ਨੂਰੋ ਨੂਰ ਕੀਤਾ ਹੈ। ਜਦਕਿ ਉਹਨਾਂ ਦੇ ਖੋਜ ਗਰੰਥ ਆਉਣ ਤੋਂ ਪਹਿਲਾਂ ਬਹੁਤੇ ਅਖੌਤੀ ਬੁੱਧੀਜੀਵੀਆਂ, ਲੇਖਕਾਂ ਨੇ ਗੁਰੂ ਰਵਿਦਾਸ ਜੀ ਦੇ ਜੀਵਨ ਅਤੇ ਵਿਚਾਰਧਾਰਾ ਨੂੰ ਇਕ ਸਾਜ਼ਸ਼ ਤਹਿਤ ਵਿਗਾੜ ਕੇ ਰੂੜ੍ਹੀਵਾਦੀ ਅਤੇ ਅੰਧ ਵਿਸ਼ਵਾਸੀ ਨਜ਼ਰੀਏ ਨਾਲ ਪੇਸ਼ ਕਰਨ ਦਾ ਯਤਨ ਕੀਤਾ ਤਾਂ ਕਿ ਗੁਰੂ ਰਵਿਦਾਸ ਜੀ ਦੇ ਅਨੁਯਾਈਆਂ ਤੱਕ ਗੁਰੂ ਜੀ ਦੀ ਸਹੀ ਵਿਚਾਰਧਾਰਾ ਨਾ ਪਹੁੰਚ ਸਕੇ ਅਤੇ ਓਹ ਮਾਨਸਿਕ ਧਾਰਮਿਕ ਅਤੇ ਸਮਾਜਿਕ ਗੁਲਾਮੀ ਵਿਚ ਜਕੜੇ ਰਹਿਣ। ਕੁੱਝ ਚੰਗੇ ਲੇਖਕ ਵੀ ਇਹੋ ਜਿਹੀਆਂ ਸਾਜ਼ਿਸ਼ਾਂ ਤੋਂ ਅਣਜਾਣ ਰਹੇ ਅਤੇ ਗੁਰੂ ਰਵਿਦਾਸ ਜੀ ਵਾਰੇ ਉਹੋ ਕੁਝ ਹੀ ਲਿਖਦੇ ਰਹੇ ਜਿਹੜਾ ਉਹਨਾਂ ਨੂੰ ਪਰੋਸ ਕੇ ਦਿੱਤਾ ਗਿਆ ਸੀ। ਪਰੰਤੂ ਪ੍ਰੋਫ਼ੈਸਰ ਲਾਲ ਸਿੰਘ ਜੀ ਨੇ ਇਹਨਾਂ ਸਾਰੀਆਂ ਸਾਜ਼ਸ਼ਾਂ ਦੀ ਪੋਲ ਖੋਲ ਕੇ ਬੜੇ ਹੀ ਵਿਸਥਾਰ ਪੂਰਵਕ, ਦਲੀਲਾਂ ਸਹਿਤ ਰੱਦ ਕਰਕੇ ਆਦਿਵਾਸੀਆਂ ਲਈ ਉਹਨਾਂ ਦੇ ਰਹਿਬਰਾਂ ਦੀ ਸੱਚੀ ਸੁੱਚੀ, ਇਨਕਲਾਬੀ, ਕ੍ਰਾਂਤੀਕਾਰੀ ਵਿਚਾਰਧਾਰਾ ਦਾ ਆਗਾਜ਼ ਕੀਤਾ। 1970 ਵਿੱਚ ਜਦੋਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਮਿਸ਼ਨ ਦੀ ਲਹਿਰ ਚੱਲੀ ਤਾਂ ਪ੍ਰੋਫੈਸਰ ਸਾਹਿਬ ਨੇ ਇਸ ਵਿਚ ਮੋਹਰੀ ਭੂਮਿਕਾ ਨਿਭਾਈ। ਆਪ ਆਪਣੇ ਕੇਡਰ ਕੈਂਪਾਂ ਅਤੇ ਪ੍ਰਚਾਰ ਸਮੇਂ ਡਾ. ਅੰਬੇਡਕਰ ਜੀ ਦੇ ਪਾਏ ਪੂਰਨਿਆਂ ਤੇ ਚੱਲਣ ਲਈ ਪ੍ਰੇਰਿਤ ਕਰਦੇ। ਆਪ ਜੀ ਨੇ ਸ੍ਰੀ ਗੁਰੂ ਰਵਿਦਾਸ ਜੀ ਦੇ ਸ਼ਬਦ ਬੇਗਮਪੁਰਾ ਅਤੇ ਡਾ. ਅੰਬੇਡਕਰ ਜੀ ਦੁਆਰਾ ਰਚਿਤ ਭਾਰਤੀ ਸੰਵਿਧਾਨ ਦੇ ਪ੍ਰਸਤਾਵਨਾ ਵਿਚ ਸਾਂਝੀ ਕੜੀ ਤੇ ਇੱਕ ਕਿਤਾਬ ਬੇਗਮਪੁਰਾ ਸਹਿਰ ਕੋ ਨਾਉ ਵਿੱਚ ਸਥਾਪਿਤ ਵਿਸ਼ਵ ਸੰਵਿਧਾਨ ਦੇ ਸਿਰਜਕ ਸਤਿਗੁਰੂ ਰਵਿਦਾਸ ਜੀ ਦੀ ਰਚਨਾ ਕੀਤੀ। ਕੋਵਿਡ ਹਦਾਇਤਾਂ ਨੂੰ ਧਿਆਨ ਵਿੱਚ ਰੱਖਦਿਆਂ ਉਹਨਾਂ ਦਾ ਸ਼ਰਧਾਂਜਲੀ ਸਮਾਗਮ ਬੜੇ ਸੰਖੇਪ ਤਰੀਕੇ ਨਾਲ ਨਿਭਾਇਆ ਗਿਆ। ਪਹਿਲਾਂ ਸਵੇਰੇ ਅੱਠ ਵਜੇ ਪ੍ਰੋਫੈਸਰ ਸਾਹਿਬ ਦੇ ਗ੍ਰਹਿ ਵਿਖੇ ਸ੍ਰੀ ਗੁਰੂ ਰਵਿਦਾਸ ਬਾਣੀ ਦੀ ਚਾਲੀ ਸ਼ਬਦ ਅਤੇ ਇਕ ਸ਼ਲੋਕ ਦਾ ਜਾਪ ਕੀਤਾ ਗਿਆ। ਉਪਰੰਤ ਸ੍ਰੀ ਗੁਰੂ ਰਵਿਦਾਸ ਮੰਦਰ ਅਮਨ ਨਗਰ ਲੁਧਿਆਣਾ ਵਿਖੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਜਾਪ ਤੋਂ ਬਾਅਦ ਭਾਈ ਦਿਲਬਾਗ ਸਿੰਘ ਬਿਨਪਾਲਕੇ ਵਾਲਿਆਂ ਦੇ ਰਾਗੀ ਜਥੇ ਨੇ ਗੁਰਬਾਣੀ ਦਾ ਵੈਰਾਗਮਈ ਕੀਰਤਨ ਕੀਤਾ। ਉਸ ਤੋਂ ਬਾਅਦ ਸੰਤ ਸਾਹਿਬਾਨਾਂ ਅਤੇ ਬੁੱਧੀਜੀਵੀ ਬੁਲਾਰਿਆਂ ਨੇ ਬੜੇ ਥੋੜੇ ਸ਼ਬਦਾਂ ਵਿੱਚ ਪ੍ਰੋ ਸਾਹਿਬ ਨੂੰ ਸ਼ਰਧਾਂਜਲੀ ਅਰਪਿਤ ਕੀਤੀ। ਬੁਲਾਰਿਆਂ ਵਿੱਚ ਸੰਤ ਸਰਵਣ ਦਾਸ ਗੱਦੀ ਨਸ਼ੀਨ ਡੇਰਾ ਸੰਤ ਟਹਿਲ ਦਾਸ ਜੀ ਸਲੇਮ ਟਾਬਰੀ ਲੁਧਿਆਣਾ, ਸੰਤ ਸਤਵਿੰਦਰਜੀਤ ਸਿੰਘ ਹੀਰਾ, ਆਲ ਇੰਡੀਆ ਆਦਿ ਧਰਮ ਮਿਸ਼ਨ ਅਤੇ ਚਰਨਛੋਹ ਗੰਗਾ ਸ੍ਰੀ ਖੁਰਾਲਗੜ ਸਾਹਿਬ, ਡਾ. ਅਵਤਾਰ ਸਿੰਘ ਈਸੇਵਾਲ, ਪਰਿੰਸੀਪਲ ਗੁਲਜ਼ਾਰ ਸਿੰਘ, ਢਾਡੀ ਪ੍ਰੋ. ਸੁਰਜੀਤ ਸਿੰਘ ਹਰਿਦਾਸਪੁਰ, ਚਰਨਜੀਤ ਸਿੰਘ ਬਿਨਪਾਲਕੇ, ਗੀਤਕਾਰ ਮਹਿੰਦਰ ਸੰਧੂ ਮਹੇੜੂ ਨੇ ਪ੍ਰੋਫੈਸਰ ਸਾਹਿਬ ਦੀਆਂ ਵਡਮੁੱਲੀਆਂ ਪ੍ਰਾਪਤੀਆਂ ਤੇ ਚਰਚਾ ਕੀਤੀ ਅਤੇ ਉਹਨਾਂ ਨੂੰ ਸ਼ਰਧਾ ਸੁਮਨ ਅਰਪਿਤ ਕੀਤੇ। ਸੰਤ ਕ੍ਰਿਸ਼ਨ ਨਾਥ ਜੀ ਗੱਦੀ ਨਸ਼ੀਨ ਡੇਰਾ ਸੰਤ ਫੂਲ ਨਾਥ ਜੀ ਚਹੇੜੂ ਵਾਲੇ ਸਵੇਰੇ ਵੇਲੇ ਆ ਕੇ ਪਰਿਵਾਰ ਨਾਲ ਦੁੱਖ ਸਾਂਝਾ ਕਰਕੇ ਰਵਾਨਾ ਹੋ ਗਏ। ਜਿਹਨਾਂ ਮਾਣਯੋਗ ਸ਼ਖਸੀਅਤਾਂ ਨੇ ਸ਼ੋਕ ਸੰਦੇਸ਼ ਭੇਜੇ ਉਹਨਾਂ ਵਿੱਚ ਸ੍ਰੀਮਾਨ ਸੰਤ ਨਿਰੰਜਨ ਦਾਸ ਜੀ ਗੱਦੀ ਨਸ਼ੀਨ ਡੇਰਾ ਸੰਤ ਸਰਵਣ ਦਾਸ ਜੀ ਸੱਚਖੰਡ ਬੱਲਾਂ, ਸੰਤ ਸੋਇਮ ਦਾਸ ਜੀ ਰੁੜਕੀ, ਸੰਤ ਆਤਮਾ ਦਾਸ ਜੀ ਅੱਪਰਾ ਵਾਲੇ, ਸ੍ਰੀ ਗੁਰੂ ਰਵਿਦਾਸ ਸਾਹਿਤ ਅਕਾਦਮੀ ਰਜਿ. ਪੰਜਾਬ ਤੋਂ ਡਾ. ਹਰਨੇਕ ਸਿੰਘ ਕਲੇਰ, ਡਾ.ਆਰ. ਐਲ. ਕਲਸੀਆ, ਡਾ. ਜਸਬੀਰ ਸਿੰਘ ਸਾਬਰ, ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ ਰਜਿ ਬਿਨਪਾਲਕੇ, ਅੰਨ ਜਲ ਟਰੱਸਟ ਲੁਧਿਆਣਾ ਵੱਲੋਂ ਸ੍ਰੀ ਸ਼ਿਵ ਰਾਮ ਸਰੋਏ, ਹਰਬੰਸ ਸਿੰਘ ਹੀਰਾ ਯੂ. ਕੇ., ਨਿਰਮਲ ਮਹੇ ਸੀਨੀਅਰ ਪ੍ਰੈਜੈਂਟਰ ਕਾਂਸ਼ੀ ਰੇਡੀਓ ਯੂ. ਕੇ. , ਸ੍ਰੀ ਪ੍ਰੇਮ ਚੁੰਬਰ ਸੰਪਾਦਕ ਦੇਸ ਦੁਆਬਾ ਅਤੇ ਅੰਬੇਦਕਰ ਟਾਈਮਜ਼ ਯੂ.ਐਸ.ਏ., ਸ੍ਰੀ ਜੀਤ ਚੰਦ ਜੱਖੂ ਐਮ.ਡੀ. ਕਾਂਸ਼ੀ ਰੇਡੀਓ ਯੂ.ਕੇ., ਗੁਰਦਿਆਲ ਚੰਦ ਸੱਲਣ ਅਸਿਸਟੈਂਟ ਕਮਿਸ਼ਨਰ, ਅਮਰੀਕ ਮਹੇ ਇਟਲੀ, ਵਰਿੰਦਰ ਗੁਪਤਾ ਦਿੱਲੀ, ਸੁਖਜੀਤ ਸਿੰਘ, ਵਾਲੀਆ ਪ੍ਰਿੰਟਿੰਗ ਪ੍ਰੈਸ ਜਲੰਧਰ, ਮਾਧੋ ਬਲਵੀਰਾ ਅਮਰੀਕਾ, ਡਾ. ਅਮਰਜੀਤ ਕਟਾਰੀਆ, ਸੁਚੇਤ ਬੇਦੀ ਚੇਅਰਮੈਨ ਦੋਆਬਾ ਮਾਡਲ ਸਕੂਲ ਨਾਭਾ, ਐਡਵੋਕੇਟ ਪਿਆਰਾ ਸਿੰਘ ਕੈਂਥ, ਅਵਤਾਰ ਸਿੰਘ ਖੋਥੜਾ, ਪਵਨ ਕੁਮਾਰ, ਹਰਜਿੰਦਰ ਸਿੰਘ ਦਾ ਸ਼ੋਕ ਸੰਦੇਸ਼ ਪੜ ਕੇ ਸੁਣਾਇਆ ਗਿਆ। ਪਰਿੰਟ ਮੀਡੀਆ ਵਿੱਚ ਅਦਾਰਾ ਦੇਸ਼ ਦੁਆਬਾ ਤੇ ਅੰਬੇਦਕਰ ਟਾਈਮਜ਼ ਯੂ.ਐਸ.ਏ., ਦੇਸ ਪਰਦੇਸ਼ ਟਾਈਮਜ਼ ਮੈਗਜ਼ੀਨ, ਅਖ਼ਬਾਰ ਰੋਜ਼ਾਨਾ ਸੂਰਜ ਲੁਧਿਆਣਾ, ਸਪਤਾਹਿਕ ਬੇਗਮਪੁਰਾ ਸ਼ਹਿਰ ਜਲੰਧਰ, ਵਰਲਡ ਪੰਜਾਬੀ ਟਾਈਮਜ਼ ਅਤੇ ਹੋਰ ਅਦਾਰਿਆਂ ਨੇ ਸ਼ੋਕ ਵਿਅਕਤ ਕੀਤਾ। ਇਸ ਮੌਕੇ ਪ੍ਰੋ. ਲਾਲ ਸਿੰਘ ਜੀ ਦੇ ਜੀਵਨ ਅਤੇ ਪ੍ਰਾਪਤੀਆਂ ਵਾਰੇ ਯਾਦਗਾਰੀ ਤਸਵੀਰਾਂ ਸਹਿਤ ਚਾਨਣਾ ਪਾਉਂਦਾ ਮੈਗਜ਼ੀਨ ਸ਼ਰਧਾਂਜਲੀ ਪੱਤਰ ਪ੍ਰੋ. ਲਾਲ ਸਿੰਘ ਜਾਰੀ ਕਰਕੇ ਸੰਗਤਾਂ ਨੂੰ ਵੰਡਿਆ ਗਿਆ। ਸ਼ਰਧਾਂਜਲੀ ਪੱਤਰ ਵਿਚ ਸ੍ਰੀਮਤੀ ਜਗਦੀਸ਼ ਕੌਰ ਵਲੋਂ ਭਵਿੱਖ ਵਿੱਚ ਪ੍ਰੋ ਲਾਲ ਸਿੰਘ ਜੀ ਦੀਆਂ ਕਿਤਾਬਾਂ ਦੇ ਪ੍ਰਚਾਰ ਅਤੇ ਪ੍ਰਸਾਰ ਸਬੰਧੀ ਸਪਸ਼ਟ ਐਲਾਨ ਅਤੇ ਬੇਨਤੀ ਵੀ ਕੀਤੀ ਗਈ ਹੈ। ਪ੍ਰੋਫੈਸਰ ਸਾਹਿਬ ਦੀ ਸੁਪਤਨੀ ਜਗਦੀਸ਼ ਕੌਰ ਅਤੇ ਸਪੁੱਤਰ ਗੁਰਕੀਰਤ ਸਿੰਘ ਨੇ ਸ੍ਰੀ ਗੁਰੂ ਰਵਿਦਾਸ ਮੰਦਰ ਲਾਇਬਰੇਰੀ ਨੂੰ ਪ੍ਰੋਫ਼ੈਸਰ ਸਾਹਿਬ ਦੀਆਂ ਅੱਠ ਕਿਤਾਬਾਂ ਦਾ ਸੈੱਟ ਅਤੇ 1100 ਰੁਪਏ ਭੇਟ ਕੀਤੇ। ਗੁਰਕੀਰਤ ਸਿੰਘ ਨੂੰ ਪਗੜੀ ਦੀ ਰਸਮ ਨਾਨਕਾ ਪਰਿਵਾਰ ਅਤੇ ਸੰਤ ਸਮਾਜ ਵੱਲੋਂ ਕੀਤੀ ਗਈ। ਸਮਾਪਤੀ ਤੇ ਚੇਅਰਮੈਨ ਜਸਵੰਤ ਸਿੱਧੂ, ਪ੍ਰਧਾਨ ਤਰਲੋਕ ਸਿੰਘ ਅਤੇ ਸ੍ਰੀ ਤਲਵਣ ਸਿੰਘ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਸੰਗਤਾਂ ਗੁਰੂ ਕਾ ਲੰਗਰ ਛਕ ਕੇ ਰਵਾਨਾ ਹੋਈਆਂ।

# ਆਦਿ ਵਾਸੀ ਸਮਾਜ ਦੇ ਪ੍ਰਸਿੱਧ ਸਕਾਲਰ ਪ੍ਰੋ. ਲਾਲ ਸਿੰਘ ਜੀ ਨੂੰ ਦਿੱਤੀ ਗਈ ਭਾਵ ਭਿੰਨੀ ਸ਼ਰਧਾਂਜਲੀ





# ਨਿਊਜ਼ੀਲੈਂਡ ਸਰਕਾਰ ਵੱਲੋਂ 2020 'ਚ 41 ਭਾਰਤੀ ਮੂਲ ਦੇ ਲੋਕਾਂ ਨੂੰ ਵਾਪਿਸ ਮੁੜਨ ਦੇ ਹੁਕਮ ਜਾਰੀ ਹੋਏ

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਨੇ ਪਿਛਲੇ ਸਾਲ 19 ਮਾਰਚ ਤੋਂ ਵਿਦੇਸ਼ੀ ਲੋਕਾਂ ਲਈ ਆਪਣੇ ਬਾਰਡਰ ਬੰਦ ਕੀਤੇ ਹੋਏ ਹਨ। ਇਥੇ ਸਿਰਫ ਦੇਸ਼ ਦੇ ਨਾਗਰਿਕ, ਪੱਕੇ ਵਸਨੀਕ ਜਾਂ ਜਿਨ੍ਹਾਂ ਦੀ ਇਥੇ ਬਹੁਤ ਲੋੜ ਹੈ ਜਾਂ ਇਨਸਾਨੀਅਤ ਦੇ ਨਾਤੇ ਜਰੂਰੀ ਲੋਕਾਂ ਨੂੰ ਹੀ ਆਗਿਆ ਦਿੱਤੀ ਜਾਂਦੀ ਰਹੀ ਹੈ। ਇਸ ਦਰਮਿਆਨ ਜਿੱਥੇ ਕਾਨੂੰਨੀ ਹੱਕ ਰੱਖਣ ਵਾਲੇ ਆ ਸਕਦੇ ਸਨ ਉਥੇ ਦੇਸ਼ ਦੇ ਵਿਚ ਗੈਰ ਕਾਨੂੰਨੀ ਰਹਿ ਰਹੇ ਲੋਕਾਂ ਨੂੰ ਜਾਂ ਆਪਣਾ ਰਹਿਣ ਦਾ ਹੱਕ ਗਵਾ ਚੁੱਕੇ ਲੋਕਾਂ ਨੂੰ ਨਿ-ਊਜ਼ੀਲੈਂਡ ਦੇਸ਼ ਨੇ ਵਾਪਿਸ ਚਲੇ ਜਾਣ ਲਈ ਵੀ ਹੁਕਮ ਜਾਰੀ ਕੀਤੇ ਸਨ। ਕਰੋਨਾ ਦਾ ਚਲਦਿਆਂ ਇਹ ਗਿਣਤੀ ਬਾਕੀ ਸਾਲਾਂ ਦੇ ਮੁਕਾਬਲੇ ਭਾਵੇਂ ਘੱਟ ਰਹੀ ਪਰ ਇਮੀਗ੍ਰੇਸ਼ਨ ਅਜਿਹਾ ਕੰਮ ਕਰਦੀ ਰਹੀ ਹੈ। ਭਾਰਤੀ ਲੋਕਾਂ ਦੀ ਗੱਲ ਕਰੀਏ ਤਾਂ ਸਾਲ 2020 ਦੇ ਵਿਚ ਸਿਰਫ 41 ਲੋਕਾਂ ਨੂੰ ਡਿਪੋਰਟੇਸ਼ਨ (ਵਾਪਿਸ ਭਾਰਤ ਪਰਤਣ) ਦੇ ਹੁਕਮ ਮਿਲੇ ਸਨ। ਇਹ ਗਿਣਤੀ ਹੁਣ ਤੱਕ ਦੀ ਸਭ ਤੋਂ ਘੱਟ ਗਿਣਤੀ ਰਹੀ ਹੈ ਜਦ ਕਿ ਤਿੰਨ ਸਾਲ ਪਹਿਲਾਂ ਇਹ ਗਿਣਤੀ 232 ਸੀ। ਪੂਰੇ ਦੇਸ਼ ਦੇ ਵਿਚੋਂ ਕੁੱਲ ਡਿਪੋਰਟੇਸ਼ਨ ਹੁਕਮਾਂ ਦੀ ਗੱਲ ਕਰੀਏ ਤਾਂ ਇਹ ਸਾਲ 2020 ਦੇ ਵਿਚ 226 ਸੀ ਜਿਸ ਅਨੁਸਾਰ ਭਾਰਤੀਆਂ ਗਿਣਤੀ 18% ਰਹੀ ਹੈ। ਪਿਛਲੇ 10 ਸਾਲਾਂ ਦੇ ਵਿਚ ਨਿਊਜ਼ੀਲੈਂਡ ਨੇ 5973 ਲੋਕਾਂ ਨੂੰ ਡਿਪੋਰਟੇਸ਼ਨ ਦੇ ਹੁਕਮ ਜਾਰੀ ਕੀਤੇ ਸਨ ਜਿਨ੍ਹਾਂ ਵਿਚ ਭਾਰਤੀਆਂ ਗਿਣਤੀ 1066 ਰਹੀ ਹੈ ਜੋ ਕਿ 17.8% ਰਹੀ ਹੈ। ਚਾਰਟ ਵੇਖਿਆ ਜਾਵੇ ਤਾਂ ਕੋਈ ਵੀ ਮਹੀਨਾ ਖਾਲੀ ਨਹੀਂ ਰਿਹਾ ਜਿਸ ਦੌਰਾਨ ਕਿਸੀ ਨੂੰ ਡਿਪੋਰਟੇਸ਼ਨ ਹੁਕਮ ਨਾ ਹੋਏ ਹੋਣ। ਇਸ ਸਬੰਧੀ ਕੁਝ ਅੰਕੜੇ ਇਕੱਠੇ ਕੀਤੇ ਹਨ, ਜੋ ਕਿ ਹੇਠਾਂ ਦਿੱਤੇ ਜਾ ਰਹੇ ਹਨ।

ਨਿਊਜ਼ੀਲੈਂਡ ਤੋਂ 2011 ਤੋਂ 2020 ਤੱਕ ਕੁੱਲ ਡਿਪੋਰਟੇਸ਼ਨ ਹੁਕਮ

| ਸਾਲ | ਕੁੱਲ ਕੇਸ |
|---|---|
| 2011 | 712 |
| 2012 | 783 |
| 2013 | 765 |
| 2014 | 565 |
| 2015 | 545 |
| 2016 | 564 |
| 2017 | 827 |
| 2018 | 471 |
| 2019 | 515 |
| 2020 | 226 |
| ਕੁੱਲ | 5973 |

DEPORTATION

ਨਿਊਜ਼ੀਲੈਂਡ ਤੋਂ 2011 ਤੋਂ 2020 ਤੱਕ ਭਾਰਤੀਆਂ ਨੂੰ ਡਿਪੋਰਟੇਸ਼ਨ ਹੁਕਮ

| ਸਾਲ | ਕੁੱਲ ਕੇਸ |
|---|---|
| 2011 | 53 |
| 2012 | 89 |
| 2013 | 107 |
| 2014 | 85 |
| 2015 | 96 |
| 2016 | 141 |
| 2017 | 232 |
| 2018 | 120 |
| 2019 | 102 |
| 2020 | 41 |
| ਕੁੱਲ | 1066 |

DEPORTATION

# ਯੂਕੇ: ਭਾਰਤੀ ਮੂਲ ਦੇ ਕੈਮਿਸਟ ਨੂੰ ਡੀ ਐਨ ਏ ਦੀ ਨਵੀਂ ਤਕਨੀਕ ਲਈ ਮਿਲਿਆ ਮਿਲੇਨੀਅਮ ਟੈਕਨਾਲੋਜੀ ਪੁਰਸਕਾਰ

**ਗਲਾਸਗੋ/ ਲੰਡਨ (ਮਨਦੀਪ ਖੁਰਮੀ ਹਿੰਮਤਪੁਰਾ)–** ਭਾਰਤੀ ਮੂਲ ਦੇ ਲੋਕਾਂ ਨੇ ਦੁਨੀਆਂ ਦੇ ਹਰ ਦੇਸ਼ ਵਿੱਚ ਆਪਣੀ ਸਫਲਤਾ ਦੇ ਝੰਡੇ ਗੱਡੇ ਹਨ। ਆਪਣੀ ਮਿਹਨਤ ਦੇ ਸਦਕਾ ਭਾਰਤੀ ਲੋਕਾਂ ਨੇ ਸਫਲਤਾ ਪ੍ਰਾਪਤ ਕੀਤੀ ਹੈ। ਅਜਿਹੀ ਹੀ ਇੱਕ ਸਫਲਤਾ ਇੰਗਲੈਂਡ ਦੀ ਕੈਮਬ੍ਰਿਜ ਯੂਨੀਵਰਸਿਟੀ ਵਿੱਚ ਭਾਰਤੀ ਮੂਲ ਦੇ ਕੈਮਿਸਟ ਸ਼ੰਕਰ ਬਾਲਸੁਬਰਾਮਨੀਅਮ ਨੇ ਪ੍ਰਾਪਤ ਕੀਤੀ ਹੈ। ਇਸ ਵਿਅਕਤੀ ਨੇ ਆਪਣੇ ਸਾਥੀ ਡੇਵਿਡ ਕਲੇਰਨਮੈਨ ਨਾਲ ਮਿਲ ਕੇ ਮਿਲੇਨੀਅਮ ਟੈਕਨਾਲੋਜੀ ਇਨਾਮ ਪ੍ਰਾਪਤ ਕੀਤਾ ਹੈ। ਇਹਨਾਂ ਦੋਵਾਂ ਨੂੰ ਮੰਗਲਵਾਰ ਨੂੰ 2020 ਦੇ ਇਸ ਪੁਰਸਕਾਰ ਲਈ ਜੇਤੂ ਘੋਸ਼ਿਤ ਕੀਤਾ ਗਿਆ ਹੈ। ਇਹ ਇਨਾਮ ਇਹਨਾਂ ਦੁਆਰਾ ਡੀ ਐਨ ਏ ਦੇ ਖੇਤਰ ਨਵੀਂ ਸੀਕਵੈਂਸਿੰਗ ਤਕਨੀਕ ਕਰਕੇ ਦਿੱਤਾ ਗਿਆ ਹੈ, ਜਿਸ ਕਰਕੇ ਇਸਨੂੰ ਹੁਣ ਬਹੁਤ ਤੇਜ਼ੀ ਨਾਲ ਪੜ੍ਹਿਆ ਜਾ ਸਕਦਾ ਹੈ। ਇਹ ਪੁਰਸਕਾਰ ਟੈਕਨਾਲੋਜੀ ਅਕੈਡਮੀ ਫਿਨਲੈਂਡ (ਟੀ ਏ ਐਫ) ਦੁਆਰਾ ਦਿੱਤਾ ਗਿਆ ਹੈ ਜੋ ਕਿ 2004 ਤੋਂ ਦੋ ਸਾਲਾਂ ਦੇ ਅੰਤਰਾਲ ਨਾਲ ਦਿੱਤਾ ਜਾਂਦਾ ਹੈ। ਉਸ ਸਮੇਂ ਇਹ ਇਨਾਮ ਸਰ ਟਿਮ ਬਰਨਰਜ਼-ਲੀ ਨੂੰ ਵਰਲਡ ਵਾਈਡ ਵੈੱਬ ਦੀ ਖੋਜ ਲਈ ਦਿੱਤਾ ਗਿਆ ਸੀ ਅਤੇ ਇਸਦੀ ਰਾਸ਼ੀ 1 ਮਿਲੀਅਨ ਯੂਰੋ ਹੈ।



ਬਾਲਸੁਬਰਾਮਨੀਅਮ, ਜਿਹਨਾਂ ਦਾ ਜਨਮ ਭਾਰਤ ਵਿੱਚ ਹੋਇਆ ਹੈ, ਬ੍ਰਿਟਿਸ਼ ਚਿਕਿਤਸਕ ਕਮਿਸਟਰੀ ਦੇ ਪ੍ਰੋਫੈਸਰ ਹਨ ਅਤੇ ਬ੍ਰਿਟਿਸ਼ ਬਾਇਓਫਿਜਿਕਲ ਕੈਮਿਸਟ ਕਲੇਨਰਮੈਨ, ਨੇ ਸੋਲੈਕਸਾ-ਇਲੁਮੀਨਾ ਨੈਕਸਟ ਜਨਰੇਸ਼ਨ ਡੀ ਐਨ ਏ ਸੀਕਵੈਂਸਿੰਗ (ਐਨ ਜੀ ਐਸ) ਦੀ ਖੋਜ ਕੀਤੀ ਹੈ। ਇਹ ਤੇਜ਼, ਸਹੀ, ਘੱਟ ਲਾਗਤ ਵਾਲੀ ਅਤੇ ਵੱਡੇ ਪੱਧਰ 'ਤੇ ਸਮਰੱਥ ਬਣਾਉਣ ਵਾਲੀ ਜੀਨੋਮ ਸੀਕਵੈਂਸਿੰਗ, ਕਿਸੇ ਜੀਵ ਦੇ ਪੂਰੇ ਡੀ ਐਨ ਏ ਕ੍ਰਮ ਨੂੰ ਨਿਰਧਾਰਤ ਕਰਨ ਦੀ ਪ੍ਰਕਿਰਿਆ ਹੈ। ਫਿਨਲੈਂਡ ਗਣਤੰਤਰ ਦੇ ਰਾਸ਼ਟਰਪਤੀ ਸੌਲੀ ਨੀਨੀਸਟੋ ਨੇ ਮੰਗਲਵਾਰ ਨੂੰ ਇੱਕ ਵਰਚੁਅਲ ਸਮਾਰੋਹ ਵਿੱਚ ਇਹਨਾਂ ਵਿਗਿਆਨੀਆਂ ਨੂੰ ਇਹ ਪੁਰਸਕਾਰ ਭੇਂਟ ਕੀਤਾ। 2020 ਦੇ ਇਸ ਅਵਾਰਡ ਦੀ ਘੋਸ਼ਣਾ ਕੋਵਿਡ-19 ਕਾਰਨ ਦੇਰੀ ਨਾਲ ਕੀਤੀ ਗਈ ਹੈ।

# ਭਾਰਤ 'ਚ ਬੀਤੇ 24 ਘੰਟਿਆਂ 'ਚ ਆਏ ਕੋਰੋਨਾ ਦੇ 2.67 ਲੱਖ ਮਾਮਲੇ

**ਨਵੀਂ ਦਿੱਲੀ–** ਦੇਸ਼ 'ਚ ਬੀਤੇ 24 ਘੰਟਿਆਂ 'ਚ ਕੋਰੋਨਾ ਦੇ 2.67 ਲੱਖ ਤੋਂ ਜ਼ਿਆਦਾ ਮਾਮਲੇ ਸਾਹਮਣੇ ਆਏ ਹਨ। ਹਾਲਾਂਕਿ, ਦੇਸ਼ 'ਚ ਕੋਰੋਨਾ ਦੇ ਮਾਮਲੇ ਤਾਂ ਘੱਟ ਹੋ ਰਹੇ ਹਨ ਪਰ ਕੋਰੋਨਾ ਨਾਲ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਰੋਜ਼ਾਨਾ ਵਧ ਰਹੀ ਹੈ। ਬੀਤੇ 24 ਘੰਟਿਆਂ 'ਚ ਦੇਸ਼ 'ਚ ਕੋਰੋਨਾ ਨਾਲ 4500 ਤੋਂ ਵੱਧ ਲੋਕਾਂ ਦੀ ਮੌਤ ਹੋਈ ਹੈ। ਕੇਂਦਰੀ ਸਿਹਤ ਮੰਤਰਾਲੇ ਦੇ ਤਾਜ਼ਾ ਅੰਕੜਿਆਂ ਮੁਤਾਬਕ, ਦੇਸ਼ 'ਚ ਬੀਤੇ 24 ਘੰਟਿਆਂ 'ਚ ਕੋਰੋਨਾ ਇਨਫੈਕਸ਼ਨ ਦੇ 2 ਲੱਖ 67 ਹਜ਼ਾਰ 334 ਮਾਮਲੇ ਸਾਹਮਣੇ ਆਏ ਹਨ। ਇਸ ਦੌਰਾਨ 4529 ਲੋਕਾਂ ਦੀ ਕੋਰੋਨਾ ਨਾਲ ਮੌਤ ਹੋਈ ਹੈ। ਹਾਲਾਂਕਿ ਕੋਰੋਨਾ ਦੇ ਮਾਮਲਿਆਂ ਨਾਲ ਦੇਸ਼ 'ਚ ਇਨਫੈਕਸ਼ਨ ਤੋਂ ਠੀਕ ਹੋਣ ਵਾਲੇ ਮਰੀਜ਼ਾਂ ਦੀ ਗਿਣਤੀ ਵੀ ਵਧ ਰਹੀ ਹੈ। ਪਿਛਲੇ 24 ਘੰਟਿਆਂ 'ਚ ਦੇਸ਼ ਭਰ 'ਚ ਕੋਰੋਨਾ ਇਨਫੈਕਸ਼ਨ ਨਾਲ 3 ਲੱਖ 89 ਹਜ਼ਾਰ 851 ਲੋਕ ਠੀਕ ਹੋਏ ਹਨ। ਇਹ ਅੰਕੜਾ ਹੁਣ ਤਕ ਦਾ ਸਭ ਤੋਂ ਵਧ ਅੰਕੜਾ ਹੈ। ਦੇਸ਼ 'ਚ ਹੁਣ ਤਕ ਕੁੱਲ 2 ਕਰੋੜ 19 ਲੱਖ 86 ਹਜ਼ਾਰ 363 ਲੋਕ ਕੋਰੋਨਾ ਨੂੰ ਮਾਤ ਦੇ ਚੁੱਕੇ ਹਨ। ਕੋਰੋਨਾ ਦੀ ਰਿਕਵਰੀ ਨਾਲ ਹੀ ਦੇਸ਼ 'ਚ ਕੋਰੋਨਾ ਦੇ ਐਕਟਿਵ ਕੇਸ ਵੀ ਤੇਜ਼ੀ ਨਾਲ ਘੱਟ ਹੋ ਰਹੇ ਹਨ। ਬੀਤੇ 24 ਘੰਟਿਆਂ 'ਚ ਕੋਰੋਨਾ ਦੇ ਇਕ ਲੱਖ 27 ਹਜ਼ਾਰ 46 ਐਕਟਿਵ ਕੇਸ ਘੱਟ ਹੋਏ ਹਨ। ਜਿਸ ਨਾਲ ਫਿਲਹਾਲ ਦੇਸ਼ 'ਚ ਕੋਰੋਨਾ ਦਾ ਐਕਟਿਵ ਅੰਕੜਾ ਡਿੱਗ ਕੇ 32 ਲੱਖ 26 ਹਜ਼ਾਰ 719 'ਤੇ ਆ ਗਿਆ ਹੈ। ਦੂਜੇ ਦੇਸ਼ਾਂ ਨੂੰ ਵੈਕਸੀਨ ਦੇਣ ਦੇ ਮਾਮਲੇ 'ਤੇ ਭਾਰਤ 'ਚ ਸਿਆਸਤ ਸਰਗਰਮ ਹੈ। ਇਸ ਦੌਰਾਨ ਵਿਸ਼ਵ ਸਿਹਤ ਸੰਗਠਨ ਨੇ ਯਾਦ ਕਰਵਾਇਆ ਕਿ ਅੰਤਰਰਾਸ਼ਟਰੀ ਕੋਵੈਕਸ ਪ੍ਰੋਗਰਾਮ ਦੇ ਤਹਿਤ ਉਸ ਨੂੰ ਭਾਰਤ ਤੋਂ ਵੈਕਸੀਨ ਦੀ ਅਗਲੀ ਖੇਪ ਚਾਹੀਦੀ ਹੈ। ਹਾਲਾਂਕਿ ਸੀਰਮ ਇੰਸਟੀਚਿਊਟ ਦੇ ਮੁਖੀ ਅਦਾਰ ਪੂਨਾਵਾਲਾ ਨੇ ਕਿਹਾ ਹੈ ਕਿ ਇਸ ਦੇ ਅੰਤ ਤਕ ਹੀ ਕੋਵੈਕਸ ਦੇ ਤਹਿਤ ਵੈਕਸੀਨ ਦੀ ਸਪਲਾਈ ਸ਼ੁਰੂ ਕੀਤੀ ਜਾਵੇਗੀ।




# ਸਾਹਾਂ ਦੀ ਟੁੱਟਦੀ ਡੋਰ: ਪੰਜਾਬ ਦੇ ਸਿਆਸਤਦਾਨਾਂ ਅਤੇ ਨੌਕਰਸ਼ਾਹਾਂ ਦੀ ਉਦਾਸੀਨਤਾ



ਗੁਰਮੀਤ ਪਲਾਹੀ
91-98158-02070

ਮੌਜੂਦਾ ਦੌਰ 'ਚ ਸਿਹਤ ਸੇਵਾਵਾਂ ਨੂੰ ਲੈ ਕੇ ਲੋਕਾਂ ਵਿੱਚ ਵੱਧਦੇ ਗੁੱਸੇ ਨੂੰ ਹਲਕੇ 'ਚ ਲੈਣਾ ਸਿਆਸੀ ਉਜੱਡਤਾ ਹੈ। ਜਦੋਂ ਲੋਕ ਬੁਰੀ ਤਰ੍ਹਾਂ ਆਕਸੀਜਨ ਅਤੇ ਆਈ.ਸੀ.ਯੂ. ਬੈੱਡ ਦੇ ਲਈ ਸੰਘਰਸ਼ ਕਰ ਰਹੇ ਹੋਣ ਤਾਂ ਉਹਨਾਂ ਦੇ ਦੁੱਖਾਂ-ਤਕਲੀਫ਼ਾਂ ਨੂੰ ਦੂਰ ਕਰਨ ਲਈ ਦਿਲਾਸੇ ਦੀ ਲੋੜ ਤਾਂ ਹੈ ਹੀ, ਉਹਨਾਂ ਤੱਕ ਪਹੁੰਚਣ, ਉਹਨਾਂ ਦਾ ਹਾਲ-ਚਾਲ ਜਾਨਣ, ਉਹਨਾਂ ਨੂੰ ਬਣਦੀ-ਜੁੜਦੀ ਸਹਾਇਤਾ ਪਹੁੰਚਾਉਣੀ ਸਿਆਸੀ ਲੋਕਾਂ ਦਾ ਕੰਮ ਹੈ, ਨਾ ਕਿ ਉਦਾਸੀਨਤਾ ਦਿਖਾਉਣੀ, ਜਿਵੇਂ ਕਿ ਪੰਜਾਬ ਵਿੱਚ ਵੱਖੋ-ਵੱਖਰੇ ਮਸਲਿਆਂ ਨੂੰ ਲੈ ਕੇ ਨੌਕਰਸ਼ਾਹਾਂ ਵਲੋਂ ਦਿਖਾਈ ਗਈ ਹੈ ਜਾਂ ਹੁਣ ਆਫ਼ਤ ਵੇਲੇ ਦਿਖਾਈ ਜਾ ਰਹੀ ਹੈ।

ਜਾਪਦਾ ਹੈ ਜਿਵੇਂ ਦੇਸ਼ 'ਚ ਨਰੇਂਦਰ ਮੋਦੀ ਦੀ ਅਗਵਾਈ ਵਾਲਾ ਸਿਆਸੀ ਦਬੰਗ ਮਾਡਲ ਆਪਣੀ ਕੀਤੀ ਹੋਈ ਕਿਸੇ ਵੀ ਗਲਤੀ ਨੂੰ ਪ੍ਰਵਾਨ ਕਰਨ ਅਤੇ ਜ਼ੁੰਮੇਵਾਰੀ ਲੈਣ ਤੋਂ ਆਤੁਰ ਹੈ, ਇਵੇਂ ਹੀ ਪੰਜਾਬ 'ਚ ਰਾਜ ਕਰਨ ਵਾਲਾ ਹਾਕਮ ਕੈਪਟਨ ਅਮਰਿੰਦਰ ਸਿੰਘ ਵੀ ਉਸੇ ਰਾਹ ਤੁਰਿਆ ਹੋਇਆ ਦਿਖਾਈ ਦਿੰਦਾ ਹੈ।

ਪਿਛਲੇ ਸੱਤ ਸਾਲਾਂ 'ਚ ਦੇਸ਼ ਦੇ ਜੋੜੀ ਨੰਬਰ ਇਕ ਦੇ ਤੌਰ ਤੇ ਦੁਨੀਆ ਸਾਹਮਣੇ ਪੇਸ਼ ਕੀਤੇ ਗਏ ਪ੍ਰਧਾਨ ਮੰਤਰੀ ਨਰੇਂਦਰ ਨੇ ਅਸਧਾਰਨ ਦਬੰਗ ਨੇਤਾ ਦੇ ਰੂਪ ਵਿੱਚ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਮੁੱਖ ਚੋਣ ਨੀਤੀਕਾਰ ਦੇ ਤੌਰ ਤੇ ਅਜਿੱਤ ਪਾਰੀ ਖੇਡੀ। ਜਿਵੇਂ ਪਿਛਲੇ ਮਹੀਨੇ ਇਸ ਅੱਛੇ ਤਿਆਰ ਕੀਤੇ ਅਕਸ ਨੂੰ ਕੋਵਿਡ-19 ਦੀ ਦੂਜੀ ਲਹਿਰ ਸਮੇਂ ਵੀ ਵੱਟਾ ਲੱਗਾ ਅਤੇ ਪੱਛਮੀ ਬੰਗਾਲ ਚੋਣਾਂ 'ਚ ਖਾਸ ਕਰਕੇ ਹਾਰ ਸਮੇਂ ਵੀ ਉਹਨਾਂ ਵਿਰੁੱਧ ਗੰਭੀਰ ਸਵਾਲ ਉਠਾਏ ਜਾਣ ਲੱਗੇ। ਬਿਲਕੁਲ ਇਵੇਂ ਹੀ ਪੰਜਾਬ 'ਚ ਕੋਟਕਪੂਰਾ ਘਟਨਾ ਸਬੰਧੀ ਹਾਈ ਕੋਰਟ 'ਚ ਜਿਸ ਢੰਗ ਨਾਲ ਕੈਪਟਨ ਸਰਕਾਰ ਦੀ ਖਿੱਚ-ਧੂਹ ਹੋਈ ਅਤੇ ਕੋਵਿਡ ਦੌਰਾਨ ਜਿਵੇਂ ਪੰਜਾਬ 'ਚ ਸਰਕਾਰੀ ਅਤੇ ਪ੍ਰਾਈਵੇਟ ਸੇਵਾਵਾਂ ਚਰਮਿਰਾ ਗਈਆਂ, ਉਸ ਨਾਲ ਹਾਕਮ ਧਿਰ ਅਤੇ ਉਹਨਾਂ ਦਾ ਧੱਕੜ ਨੇਤਾ ਅਮਰਿੰਦਰ ਸਿੰਘ ਵੀ ਕਟਿਹਰੇ 'ਚ ਖੜਾ ਪਾਇਆ ਗਿਆ ਹੈ। ਇਹ ਗੱਲ ਹਾਕਮ ਧਿਰ ਨੂੰ ਸਵੀਕਾਰਨੀ ਚਾਹੀਦੀ ਹੈ।

ਕੀ ਇਸ ਵਿੱਚ ਦੋ ਰਾਵਾਂ ਹਨ ਕਿ ਸੂਬੇ ਪੰਜਾਬ ਦਾ ਸੂਬੇਦਾਰ (ਕੈਪਟਨ ਅਮਰਿੰਦਰ ਸਿੰਘ) ਕਈ ਹਾਲਤਾਂ ਵਿੱਚ ਤਰਕਸੰਗਤ ਅਤੇ ਮੌਕੇ ਦੇ ਫੈਸਲੇ ਲੈਣ ਦੇ ਬਾਵਜੂਦ ਵੀ ਇੱਕ ਫੇਲ੍ਹ ਸ਼ਾਸ਼ਕ ਸਾਬਤ ਹੋ ਰਿਹਾ ਹੈ। ਮੋਦੀ ਨੇ 7 ਵਰ੍ਹੇ ਪਹਿਲਾਂ ਮੁੱਖ ਤਿੰਨ ਵਾਇਦੇ ਕੀਤੇ ਸਨ। ਉਹਨਾਂ ਵਿੱਚ ਪਹਿਲਾ "ਗੰਦੇ ਧੰਨ" ਨੂੰ "ਸਾਫ ਧੰਨ" 'ਚ ਬਦਲ ਕੇ ਹਰੇਕ ਭਾਰਤੀ ਨਾਗਰਿਕ ਦੇ ਖਾਤੇ ਵਿੱਚ ਪੈਸੇ ਪਾਉਣਾ ਸੀ। ਦੇਸ਼ ਵਿੱਚ ਹਰ ਸਾਲ ਦੋ ਕਰੋੜ ਨੌਕਰੀਆਂ ਯੁਵਕਾਂ ਨੂੰ ਦੇਣਾ, ਦੂਜਾ ਵਾਇਦਾ ਸੀ। ਤੀਜਾ ਵਾਇਦਾ ਸਾਫ਼-ਸੁਥਰਾ ਪ੍ਰਸਾਸ਼ਨ, ਘੱਟੋ-ਘੱਟ ਸਰਕਾਰ-ਵੱਧ ਤੋਂ ਵੱਧ ਸ਼ਾਸ਼ਨ ਸੀ।

ਇਹ ਤਿੰਨੋਂ ਵਾਇਦੇ ਜਿਵੇਂ ਚੋਣ ਜੁਮਲੇ ਸਾਬਤ ਹੋਏ ਉਵੇਂ ਹੀ ਅਮਰਿੰਦਰ ਸਿੰਘ ਦੇ ਪੰਜਾਬ ਵਿੱਚੋਂ ਨਸ਼ੇ ਅਤੇ ਮਾਫੀਆ ਰਾਜ ਦੀ ਸਮਾਪਤੀ ਅਤੇ ਘਰ ਘਰ ਰੁਜ਼ਗਾਰ ਦੇ ਵਾਇਦਿਆਂ ਨੂੰ ਕਦੇ ਵੀ ਬੂਰ ਨਹੀਂ ਪਿਆ। ਕਹਿਣ ਨੂੰ ਤਾਂ ਨਰੇਂਦਰ ਮੋਦੀ ਵਾਂਗਰ, ਅਮਰਿੰਦਰ ਸਿੰਘ ਵੀ 2017 'ਚ ਕੀਤੇ ਵਾਇਦਿਆਂ ਵਿੱਚੋਂ ਬਹੁਤਿਆਂ ਨੂੰ ਪੂਰੇ ਕਰਨ ਦਾ ਦਾਅਵਾ ਕਰਦੇ ਹਨ, ਪਰ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਮਾਮਲੇ ਅਤੇ ਕੋਟਕਪੂਰਾ ਗੋਲੀ ਕਾਂਡ ਦੇ ਮੁਆਮਲੇ ਸਬੰਧੀ ਲੰਮਾਂ ਸਮਾਂ ਬੀਤਣ ਬਾਅਦ ਵੀ ਕੋਈ ਇਨਸਾਫ਼ ਲੋਕਾਂ ਨੂੰ ਪ੍ਰਾਪਤ ਨਹੀਂ ਹੋਇਆ ਅਤੇ ਨਾ ਹੀ ਦੋਸ਼ੀਆਂ ਨੂੰ ਸੂਬਾ ਪ੍ਰਸਾਸ਼ਨ ਕਟਿਹਰੇ 'ਚ ਖੜਾ ਕਰ ਸਕਿਆ ਹੈ। ਕੋਟਕਪੂਰਾ ਕਾਂਡ ਦੇ ਮੁਆਮਲੇ 'ਚ ਤਾਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਇੱਕ ਫ਼ੈਸਲੇ ਅਨੁਸਾਰ ਪੰਜਾਬ ਸਰਕਾਰ ਦੀ ਵੱਡੀ ਕਿਰਕਿਰੀ ਹੋਈ ਹੈ। ਇਸੇ ਮਸਲੇ ਨੂੰ ਚੁੱਕਦਿਆਂ ਕਾਂਗਰਸ ਦੇ ਵਿਧਾਇਕਾਂ ਵਿੱਚ ਬੇਚੈਨੀ ਹੈ। ਕਾਂਗਰਸੀ ਨੇਤਾ ਨਵਜੋਤ ਸਿੰਘ ਸਿੱਧੂ ਤਾਂ ਇਸ ਸੰਬੰਧੀ ਕਹਿੰਦਾ ਹੈ, "ਅਫ਼ਸਰਸ਼ਾਹੀ ਅਤੇ ਪੁਲਿਸ 'ਚ ਸਭ ਤੋਂ ਪਹਿਲਾਂ ਬਾਦਲ ਪਰਿਵਾਰ ਦੀ ਚੱਲਦੀ ਹੈ। ਸਰਕਾਰ ਲੋਕਾਂ ਦੀ ਭਲਾਈ ਲਈ ਨਹੀਂ ਬਲਕਿ ਮਾਫੀਆ ਰਾਜ ਦੇ ਕੰਟਰੋਲ ਵਿੱਚ ਚੱਲ ਰਹੀ ਹੈ"। ਇਕ ਦਿਨ ਪਹਿਲਾਂ ਸਿੱਧੂ ਨੇ ਕਿਹਾ ਸੀ ਕਿ ਕੋਟ-ਕਪੂਰਾ ਗੋਲੀ ਕਾਂਡ ਵਿੱਚ ਇਨਸਾਫ ਗ੍ਰਹਿ ਮੰਤਰੀ ਦੀ ਨਾਕਾਮੀ ਕਾਰਨ ਨਹੀਂ ਮਿਲਿਆ। ਗ੍ਰਹਿ ਵਿਭਾਗ ਮੁੱਖ ਮੰਤਰੀ ਕੋਲ ਹਨ।



ਵਿਰੋਧੀ ਧਿਰ ਅਮਰਿੰਦਰ ਸਿੰਘ ਨੂੰ ਘੇਰ ਰਹੀ ਹੈ। ਸੁਖਬੀਰ ਸਿੰਘ ਬਾਦਲ ਲਗਾਤਾਰ ਮੁੱਖ ਮੰਤਰੀ ਨੂੰ ਸਵਾਲ ਕਰਦਾ ਹੈ ਕਿ ਪੰਜਾਬ ਜਵਾਬ ਮੰਗਦਾ ਹੈ। ਉਸ ਦੀ ਖੁਸ਼ੀ ਅਮਰਿੰਦਰ ਸਿੰਘ ਦੀ ਨਾਕਾਮੀ ਨੂੰ ਦਰਸਾਉਣ ਵਿੱਚ ਹੈ। ਸੂਬੇ ਦੀਆਂ ਹੋਰ ਪਾਰਟੀਆਂ ਸਮੇਤ ਆਮ ਆਦਮੀ ਪਾਰਟੀ, ਕਾਂਗਰਸ ਦੇ ਨੇਤਾ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਤੇ ਸ਼ਮਸ਼ੇਰ ਸਿੰਘ ਦੂਲੋ ਲਗਾਤਾਰ ਮੁੱਖ ਮੰਤਰੀ ਨੂੰ ਘੇਰਦੇ ਰਹਿੰਦੇ ਹਨ, ਪਰ ਕੀ ਮੌਜੂਦਾ ਅਫ਼ਸਰਸ਼ਾਹੀ ਅਤੇ ਇਹਨਾਂ ਸਿਆਸੀ ਪਾਰਟੀਆਂ, ਨੇਤਾਵਾਂ ਨੇ ਪੰਜਾਬ ਦੇ ਲੋਕਾਂ ਦੀ ਸਾਰ ਲਈ ਹੈ? ਕੀ ਇਹ ਚੁਣੇ ਹੋਏ ਸਿਆਸੀ ਲੋਕ, ਆਮ ਲੋਕਾਂ ਦੇ ਦਰੀਂ ਜਾ ਕੇ ਪੁੱਛਦੇ ਹਨ ਕਿ ਉਹਨਾਂ ਨੂੰ ਇਸ ਸਮੇਂ ਕਿਸੇ ਚੀਜ਼ ਦੀ ਲੋੜ ਹੈ? ਕੀ ਉਹ ਲੋਕਾਂ ਦੀ ਸੱਭ ਤੋਂ ਵੱਡੀ ਸਮੱਸਿਆ ਹਸਪਤਾਲਾਂ ਵਿੱਚ ਹੋ ਰਹੀ ਲੁੱਟ-ਖਸੁੱਟ ਸਬੰਧੀ ਕੁਝ ਬੋਲਦੇ ਹਨ? ਕੀ ਉਹ ਲੋਕਾਂ ਦੇ ਵਿਗੜ ਰਹੇ ਕਾਰੋਬਾਰਾਂ ਸਬੰਧੀ ਜਾਂ ਟੁੱਟ ਰਹੀਆਂ ਦਿਹਾੜੀਆਂ ਸਬੰਧੀ ਹੇਠਲੇ ਵਰਗ ਦੇ ਲੋਕਾਂ ਦੀ ਥਾਹ ਪਾਉਂਦੇ ਹਨ?

ਇਹ ਅਸੰਵਦੇਨਸ਼ੀਲ ਹਾਕਮ ਤੇ ਵਿਰੋਧੀ ਧਿਰ ਦੇ ਸਿਆਸੀ ਲੋਕ (ਕੁਝ ਨੇਤਾਵਾਂ ਨੂੰ ਛੱਡਕੇ) ਕਹਿੰਦੇ ਹਨ, "ਆਕ-ਸੀਜਨ ਸਿਲੰਡਰ ਦੀ ਗੱਲ ਨਾ ਕਰੋ। ਪੈਟਰੋਲ-ਡੀਜ਼ਲ ਦੀ ਕੀਮਤ 'ਚ ਵਾਧੇ ਬਾਰੇ ਨਾ ਪੁੱਛੋ। ਸਕੂਲਾਂ ਦੀ ਸੂਬੇ 'ਚ ਕੀ ਹਾਲਤ ਹੈ, ਇਹ ਜਾਨਣ ਲਈ ਸਵਾਲ ਨਾ ਪੁੱਛੋ। ਬਿਲਕੁਲ ਇਹ ਗੱਲ ਨਾ ਪੁੱਛੋ ਕਿ ਹਸਪਤਾਲਾਂ 'ਚ ਕੀ ਵਾਪਰ ਰਿਹਾ ਹੈ? ਇਹ ਨਾ ਪੁੱਛੋ ਕਿ ਦੁਕਾਨਾਂ ਕਦੋਂ ਖੁੱਲਣਗੀਆਂ? ਲੌਕਡਾਊਨ ਕਿੰਨੇ ਦਿਨ ਲੱਗਣਾ ਹੈ? ਗਰੀਬ ਦੀ ਰੋਟੀ-ਫੁੱਲਕੇ ਦੀ ਬਾਤ ਪਾਉਣ ਦੀ ਤਾਂ ਇਹਨਾਂ ਨੇਤਾਵਾਂ ਨੂੰ ਵਿਹਲ ਹੀ ਨਹੀਂ। ਵੱਡੀ ਸਰਕਾਰ ਨੇ ਐਲਾਨ ਕਰ ਦਿੱਤਾ ਹੈ ਕਿ 80 ਕਰੋੜ ਲੋਕਾਂ ਨੂੰ 5 ਕਿੱਲੋ ਆਟਾ, ਤੇ ਕਿੱਲੋ ਦਾਲ ਮਿਲ ਜਾਏਗੀ ਦੋ ਮਹੀਨੇ। ਕਰੋਨਾ ਖਤਮ ਹੋ ਜਾਏਗਾ ਤੇ ਫਿਰ ਤੁਸੀਂ ਜਾਣੋ ਤੇ ਫਿਰ ਜਾਣੇ ਤੁਹਾਡਾ ਕੰਮ"।

ਕਿਹਾ ਜਾ ਰਿਹਾ ਕਿ ਪੰਜਾਬ ਵਿੱਚ ਸਿਆਸੀ ਲੋਕ ਨਹੀਂ, ਅਫ਼ਸਰਸ਼ਾਹੀ ਹੀ ਰਾਜ ਕਰ ਰਹੀ ਹੈ। ਸੂਬੇ ਦੇ ਸਾਰੇ ਹਾਲਾਤਾਂ ਦੀ ਸਾਰ ਸੂਬੇ ਦੀ ਅਫ਼ਸਰਸ਼ਾਹੀ ਨੂੰ ਹੈ। ਭਲਾ ਦਾਈ ਤੋਂ ਵੀ ਢਿੱਡ ਲੁਕਿਆ ਰਹਿੰਦਾ। ਪਰ ਅਫ਼ਸਰਸ਼ਾਹੀ ਦੀ ਆਪਣੀ ਫਿਕਰ ਆ, ਮਾਫੀਏ ਨਾਲ ਰਲਕੇ ਕਮਾਈ ਕਰਨ ਦੀ, ਤਨਖਾਹੋਂ ਉਪਰ ਮਾਲ ਕਮਾਉਣ ਦੀ। ਜੇਕਰ ਇੰਜ ਨਾ ਹੰਦਾ ਤਾ ਉਹ ਪੰਜਾਬ 'ਚ ਭ੍ਰਿਸ਼ਟਾਚਾਰ ਅਤੇ ਮਾਫੀਆ ਰਾਜ ਨੂੰ ਖ਼ਤਮ ਕਰਨ ਲਈ ਉਦਮ ਕਰਦੇ। ਪਹਿਲੀ ਕਰੋਨਾ ਲਹਿਰ ਤੋਂ ਬਾਅਦ ਖਰਾਬ ਹੋਏ ਸਿਹਤ ਢਾਂਚੇ ਨੂੰ ਤਕੜਾ ਕਰਨ ਲਈ ਸਿਆਸਤਦਾਨਾਂ ਨਾਲ ਰਲਕੇ ਕੇਂਦਰ ਤੱਕ ਪਹੁੰਚ ਕਰਦੇ। ਆਕਸੀਜਨ ਦੇ ਪਲਾਂਟ ਲਾਉਂਦੇ। ਮੰਦੇ ਹਸਪਤਾਲਾਂ ਦੀ ਹਾਲਤ ਸੁਧਾਰਦੇ। ਕੇਂਦਰ ਤੋਂ ਨਵੀਆਂ ਸਕੀਮਾਂ ਲਿਆਉਂਦੇ, ਸੂਬੇ 'ਚ ਰੁਜ਼ਗਾਰ ਦੇ ਸਾਧਨ ਪੈਦਾ ਕਰਦੇ ਤਾਂ ਕਿ ਵਾਹੋ-ਦਾਹੀ ਵਤਨ ਤੋਂ ਦੂਰ ਜਾ ਰਹੀ ਜਵਾਨੀ ਨੂੰ ਠੱਲ੍ਹ ਪੈਂਦੀ। ਪਰ ਅਫ਼ਸਰਸ਼ਾਹੀ ਦੀ ਉਦਾਸੀਨਤਾ ਨੇ ਪੰਜਾਬ ਨੂੰ ਮਧੋਲ ਸੁੱਟਿਆ ਹੈ। ਸਿਆਸਤਦਾਨ ਇੰਨੇ ਖੁਦਗਰਜ਼ ਹੋ ਗਏ ਹਨ ਕਿ ਉਹ ਸਿਰਫ ਤੇ ਸਿਰਫ ਵੋਟ ਦੀ ਗੱਲ ਕਰਦੇ ਹਨ, ਆਪਣੇ ਮੁਨਾਫੇ ਦੀ ਗੱਲ ਕਰਦੇ ਹਨ। ਪੰਜਾਬ ਦਾ ਅਰਥਚਾਰਾ ਤਬਾਹ ਹੋ ਰਿਹਾ ਹੈ ਅਤੇ ਪੰਜਾਬ ਕਰਜ਼ਾਈ ਹੋ ਰਿਹਾ ਹੈ, ਇਸਦੀ ਉਹਨਾ ਨੂੰ ਪ੍ਰਵਾਹ ਨਹੀਂ। ਸਰਕਾਰ ਜਾਂ ਹਾਕਮ ਧਿਰ ਅਫ਼ਸਰਸ਼ਾਹੀ ਨੂੰ ਨੱਥ ਪਾਉਣ ਦੀ ਗੱਲ ਨਹੀਂ ਕਰਦੇ। ਅੱਜ ਸਮਾਂ ਤਾਂ ਆਫ਼ਤ ਵੇਲੇ ਇਹ ਹੈ ਕਿ ਸਭ ਇਕੱਠੇ ਹੋ ਕੇ ਕੋਈ ਉੱਦਮ ਉਪਰਾਲਾ ਕਰਦੇ। ਅਫ਼ਸਰਸ਼ਾਹੀ ਲੋਕਾਂ ਦੇ ਦਰਦ ਨੂੰ ਸਮਝਦੀ। ਸਿਆਸਤਦਾਨ 'ਲੋਕਾਂ ਚ ਜਾਂਦੇ। ਇਵੇਂ ਜਾਨਣ ਲੱਗ ਪਿਆ ਹੈ ਕਿ ਪੰਜਾਬ 'ਚ ਕੋਈ ਸਰਕਾਰ ਹੈ ਹੀ ਨਹੀਂ। ਮਰੀਜ਼ ਸਰਕਾਰੀ ਹਸਪਤਾਲ ਜਾਂਦਾ ਹੈ, ਅੱਗੋਂ ਰੈਫ਼ਰ ਕਰ ਦਿੱਤਾ ਜਾਂਦਾ ਹੈ। ਮਰੀਜ਼ ਵੱਡੇ ਹਸਪਤਾਲ ਜੁਗਾੜ ਕਰਕੇ ਜਾਂਦਾ ਹੈ। ਬੈੱਡ ਨਹੀਂ ਮਿਲਦਾ। ਆਕਸੀਜਨ ਨਹੀਂ ਮਿਲਦੀ ਲੋਕਾਂ ਦੇ ਸਾਹ ਮੁੱਕਦੇ ਜਾ ਰਹੇ ਹਨ। ਉਹ ਮਰ ਰਹੇ ਹਨ। ਲੋਕਾਂ ਕੋਲ ਇਹ ਜਾਪਣ ਦੀ ਵੀ ਵਿਵਸਥਾ ਨਹੀਂ ਹੈ ਕਿ ਜੋ ਵੀ ਸਹਾਇਤਾ ਮਿਲ ਰਹੀ ਹੈ, ਉਹ ਕਿਥੋਂ ਮਿਲ ਰਹੀ ਹੈ ਤੇ ਉਸ ਨੂੰ ਉਹ ਕਿਵੇਂ ਵਰਤ ਸਕਦੇ ਹਨ?

ਵਾਇਰਸ ਨੇ ਡਰ, ਨਫ਼ਰਤ ਅਤੇ ਅਗਿਆਨਤਾ ਦਾ ਵਾਤਾਵਰਨ ਪੈਦਾ ਕਰ ਦਿੱਤਾ ਹੈ। ਇਸ ਡਰ, ਨਫ਼ਰਤ, ਅਗਿਆਨਤਾ ਨੂੰ ਆਖ਼ਰ ਕਿਸਨੇ ਦੂਰ ਕਰਨਾ ਹੈ? "ਗੋਦੀ ਮੀਡੀਆ" ਤਾਂ ਪਹਿਲਾਂ ਹੀ ਫੰਨ ਫੈਲਾਈ ਬੈਠਾ ਹੈ। ਪੰਜਾਬ ਦੇ ਸਿਆਸਤਦਾਨ ਤਾਂ ਕੁਝ ਕਰ ਹੀ ਸਕਦੇ ਹਨ। ਗੁਰੂਆਂ, ਪੀਰਾਂ, ਫ਼ਕੀਰਾਂ ਦੀ ਧਰਤੀ ਦੇ ਜਾਏ ਜਿਹਨਾ ਕੋਲ ਸੇਵਾ ਦਾ ਪੁੰਨ ਲੈਣ ਦਾ ਸਮਾਂ ਸੀ, ਉਹ ਹੱਥ ਤੇ ਹੱਥ ਧਰਕੇ ਕਿਉਂ ਬੈਠੇ ਹਨ?

ਉਪਰਲੀ ਸਰਕਾਰ ਨੇ ਲੋਕਾਂ ਨੂੰ ਆਪਣੇ ਰਹਿਮੋਕਰਮ ਤੇ ਛੱਡ ਦਿੱਤਾ ਹੈ। ਪ੍ਰਧਾਨ ਮੰਤਰੀ ਕਦਮ ਪਿੱਛੇ ਖਿੱਚ ਰਹੇ ਹਨ, ਸੰਕਟ ਗੰਭੀਰ ਹੋ ਰਿਹਾ ਹੈ। ਸਮੂਹਿਕ ਇਨਕਾਰ ਅਤੇ ਸੱਚ ਕਹਿਣ 'ਚ ਸਾਰੀਆਂ ਸੰਸਥਾਵਾਂ ਦੇ ਪ੍ਰਹੇਜ ਕਾਰਨ ਹੀ ਇਸ ਅਕਲਪਿਤ ਸੰਕਟ ਦਾ ਪਹਾੜ ਦੇਸ਼ ਉਤੇ ਟੁੱਟ ਪਿਆ ਹੈ। ਪੰਜਾਬ ਸਰਕਾਰ, ਲੋਕ ਆਂਹਦੇ ਹਨ ਕਿ ਇਸ ਸੰਕਟ ਦੀ ਘੜੀ 'ਚ ਇਸ ਆਫ਼ਤ ਨਾਲ ਨਜਿੱਠਣ ਲਈ, ਵਿਗਿਆਨੀ, ਜਨ-ਸਿਹਤ ਮਾਹਰ, ਡਾਕਟਰ, ਪੁਰਾਣੇ ਤਜ਼ਰਬੇਕਾਰ ਉੱਚ ਅਧਿਕਾਰੀ ਸ਼ਾਮਲ ਕਰਕੇ, ਕਮੇਟੀ ਬਣਾ ਸਕਦੀ ਹੈ। ਸਰਕਾਰੀ ਸਾਧਨ ਘੱਟ ਹਨ ਤਾਂ ਦਾਨੀਆਂ ਨੂੰ ਅਪੀਲ ਕਰ ਸਕਦੀ ਹੈ। ਪ੍ਰਵਾਸੀਆਂ ਨੂੰ ਵੀ ਸੱਦਾ ਦੇ ਸਕਦੀ ਹੈ। ਉਹ ਸੂਬੇ ਦੀ ਮਦਦ ਲਈ ਆ ਬਹੁੜਣਗੇ।ਪਰ ਪਹਿਲ ਤਾਂ ਸਰਕਾਰ ਹੀ ਕਰੇ।

ਇਸ ਸਮੇਂ ਉਦਾਸੀਨਤਾ ਛੱਡਕੇ ਇਕੱਠੇ ਹੋਣ ਦੀ ਲੋੜ ਹੈ। ਇੱਕ-ਦੂਜੇ ਦੀਆਂ ਟੰਗਾਂ ਖਿੱਚਕੇ ਲੜਾਈ ਕਰਨ ਦੀ ਨਹੀਂ ਹੈ। ਅਸੀਂ ਉਪਰਲੀ ਸਰਕਾਰ ਦੀ ਭ੍ਰਮਿਤ ਵੈਕਸੀਨ ਪਾਲਿਸੀ ਅਤੇ ਆਕਸੀਜਨ ਦੀ ਉਲਬੱਧਤਾ ਵਿੱਚ ਢਿੱਲ ਦਾ ਖਮਿਆਜ਼ਾ ਭੁਗਤ ਰਹੇ ਹਾਂ । ਇਸ ਸਮੇਂ ਉੱਚ ਨੌਕਰਸ਼ਾਹੀ ਦੇ ਕੰਮ-ਕਾਰ ਦੇ ਤਰੀਕਿਆਂ ਦੀ ਅਸਫ਼ਲਤਾ ਵੀ ਜੱਗ ਜ਼ਾਹਿਰ ਹੋ ਰਹੀ ਹੈ। ਅੱਜ ਜਦੋਂ ਦੇਸ਼ ਦੀ ਅਜਿੱਤ ਸੈਨਾ, ਕਰੋਨਾ ਮਹਾਂਮਾਰੀ ਅੱਗੇ ਹਥਿਆਰ ਸੁੱਟਦੀ ਨਜ਼ਰ ਆ ਰਹੀ ਹੈ ਤਾਂ ਲੋਕਾਂ ਦੇ ਕਸ਼ਟਾਂ ਨੂੰ ਦੂਰ ਕਰਨ ਲਈ ਲੋਕਾਂ ਨਾਲ ਖੜਨ ਦੀ ਜ਼ਰੂਰਤ ਹੈ। ਪਹਿਲਾਂ ਹੀ ਕੇਂਦਰੀ ਹਾਕਮਾਂ ਨੇ ਦਵਾਈਆਂ ਤੋਂ ਲੈ ਵਿਗਿਆਨ ਤੱਕ ਸਾਰੇ ਖੇਤਰਾਂ ਵਿੱਚ ਵਪਾਰ ਦੇ ਸੌਦਾਗਰਾਂ ਦੀ ਸਿਆਸਤ ਵਿੱਚ ਘੁਸਪੈਠ ਦੀ ਆਗਿਆ ਦੇ ਦਿੱਤੀ ਹੋਈ ਹੈ। ਜਿਸ ਨਾਲ ਦੇਸ਼ ਦੀ ਪ੍ਰਭੂਸੱਤਾ ਨੂੰ ਖ਼ਤਰਾ ਪੈਦਾ ਹੋ ਗਿਆ ਹੈ।

ਇਸ ਮਹਾਂਮਾਰੀ ਨੂੰ ਇੱਕ ਕੌਮਾਂਤਰੀ ਸਮੱਸਿਆ ਦੇ ਤੌਰ ਤੇ ਵੇਖਕੇ ਵਿਦੇਸ਼ੀ ਕਾਰਪੋਰੇਟ ਤਾਕਤਾਂ ਮੁਲਕ ਦੇ ਮਾਮਲਿਆਂ ਵਿੱਚ ਦਖ਼ਲ ਦੇਣ ਦੀ ਤਾਕ ਵਿੱਚ ਹਨ। ਕੀ ਇਸ ਨਾਲ ਮੁਲਕ ਮੁੜ ਬਸਤੀ ਨਹੀਂ ਬਣ ਜਾਏਗਾ? ਪੰਜਾਬੀਆਂ ਕਦੇ ਕਿਸੇ ਦੀ ਈਨ ਨਹੀਂ ਮੰਨੀ ਸਦਾ ਪ੍ਰਭੂਸੱਤਾ ਲਈ ਜਾਨ ਹੂਲਵੀਂ ਵੀ ਜੰਗ ਲੜੀ ਹੈ।

# ਫੈਡਰਲਵਾਦ ਦੀਆਂ ਜੜ੍ਹਾਂ ਕੁਤਰ ਰਿਹਾ ਵਾਇਰਸ

ਗੁਰਬਚਨ ਸਿੰਘ, ਦੇਸ ਪੰਜਾਬ

ਇਹ 15 ਮਈ ਦੀ 'ਟਾਈਮਜ ਆਫ ਇੰਡੀਆ' ਅਖਬਾਰ ਵਿਚ ਅਰੁਣ ਰਾਮ ਦੇ ਛਪੇ ਮੁਖ ਲੇਖ ਦਾ ਸਿਰਲੇਖ ਹੈ। ਲਿਖਤ ਅਨੁਸਾਰ ਪਿਛਲੇ ਹਫਤੇ ਤਾਮਿਲਨਾਡੂ ਨੇ ਵੈਕਸੀਨ ਦੀ ਵੰਡ ਵਿਚ ਆਪਣੇ ਨਾਲ ਹੁੰਦੇ ਵਿਤਕਰੇ ਨੂੰ ਬੜੇ ਜੋਰਦਾਰ ਢੰਗ ਨਾਲ ਪੇਸ਼ ਕੀਤਾ ਹੈ। 11 ਮਈ ਨੂੰ 7.9 ਕਰੋੜ ਦੀ ਵਸੋਂ ਵਾਲੇ ਰਾਜਿਸਥਾਨ ਤੇ ਉਸ ਤੋਂ ਵੀ ਬਹੁਤ ਘਟ ਵਸੋਂ ਵਾਲੇ ਗੁਜਰਾਤ ਨੂੰ ਜਿਥੇ 1.5-1.5 ਕਰੋੜ ਵੈਕਸੀਨ ਦੀਆਂ ਖੁਰਾਕਾਂ ਦਿਤੀਆ ਗਈਆ ਹਨ, ਉਥੇ 7.6 ਕਰੋੜ ਵਸੋਂ ਵਾਲੇ ਤਾਮਿਲਨਾਡੂ ਨੂੰ ਮਹਿਜ 76 ਲਖ ਖੁਰਾਕਾਂ ਦਿਤੀਆ ਗਈਆ ਹਨ। ਜਦੋਂ ਕਿ ਤਾਮਿਲਨਾਡੂ ਵਿਚ ਵਾਇਰਸ ਨਾਲ ਪੀੜਤ ਲੋਕਾਂ ਦੀ ਗਿਣਤੀ ਦੋਹਾਂ ਸੂਬਿਆਂ ਨਾਲੋਂ ਕਿਤੇ ਜਿਆਦਾ ਹੈ। ਇਹੀ ਹਾਲ ਆਕਸੀਜਨ ਦੀ ਵੰਡ ਦਾ ਹੈ। ਤਾਮਿਲਨਾਡੂ ਵਿਚ ਪੈਦਾ ਹੋ ਰਹੀ ਆਕਸੀਜਨ ਦੂਜੇ ਸੂਬਿਆਂ ਵਿਚ ਭੇਜੀ ਜਾ ਰਹੀ ਹੈ। ਪਰ ਤਾਮਿਲਨਾਡੂ ਨੂੰ ਆਪਣੇ ਸੂਬੇ ਵਿਚ ਪੈਦਾ ਕੀਤੀ ਜਾ ਰਹੀ ਆਕਸੀਜਨ ਵਰਤਣ ਦਾ ਹਕ ਨਹੀਂ। ਜਦੋਂ ਕਿ ਕੇਰਲਾ ਨੇ ਸੂਬੇ ਵਿਚ ਪੈਦਾ ਹੁੰਦੀ ਆਕਸੀਜਨ ਦੂਜੇ ਸੂਬਿਆਂ ਵਿਚ ਭੇਜਣ ਤੋਂ ਇਨਕਾਰ ਕਰ ਦਿਤਾ ਹੈ। ਬਦਲੇ ਵਿਚ ਕਰਨਾਟਕ ਨੇ ਸੂਬੇ ਵਿਚ ਕੇਰਲਾ ਵਾਸੀਆਂ ਦੇ ਆਉਣ ਜਾਣ ਉਤੇ ਰੋਕਾਂ ਲਾ ਦਿਤੀਆ ਹਨ। ਲਿਖਤ ਅਨੁਸਾਰ ਦੇਸ ਦੇ ਸਿਹਤ ਸੰਭਾਲ ਨੂੰ ਚੁਣੌਤੀ ਬਣਿਆ ਵਾਇਰਸ ਹੁਣ ਸੂਬਿਆਂ ਵਿਚਲੇ ਰਿਸ਼ਤਿਆਂ ਅਤੇ ਸੂਬਿਆਂ ਤੇ ਕੇਂਦਰ ਸਰਕਾਰ ਵਿਚਲੇ ਰਿਸ਼ਤਿਆਂ ਨੂੰ ਵਡੀ ਤਬਾਹੀ ਵਲ ਧਕ ਰਿਹਾ ਹੈ। ਲੇਖਕ ਅਨੁਸਾਰ ਇਹਨਾਂ ਮਸਲਿਆਂ ਨਾਲ ਨਜਿਠਣ ਮੌਕੇ ਕੇਂਦਰ ਸਰਕਾਰ ਦਾ ਅਨ-ਾੜੀਪੁਣਾ ਅਤੇ ਸੂਬਿਆਂ ਦੇ ਹਾਈਕੋਰਟਾਂ ਦੀ ਦਖਲਅੰਦਾਜੀ ਇਹਨਾਂ ਰਿਸ਼ਤਿਆਂ ਨੂੰ ਹੋਰ ਵੀ ਕੁੜਤਣ ਵਲ ਧਕੇਲ ਰਹੀ ਹੈ।

ਫੌਜੀ ਯੁਧਨੀਤੀ ਦੇ ਮਾਹਿਰ ਪਰਵੀਨ ਸਾਹਨੀ ਨੇ ਕਲ੍ਹ ਹੀ ਆਪਣੇ 'ਟਵਿਟਰ' ਉਤੇ 1999 ਵਿਚ ਬੀ ਬੀ ਸੀ ਟੀ ਵੀ ਲਈ ਕਰਨ ਥਾਪਰ ਦੀ ਮਨਮੋਹਨ ਸਿੰਘ ਨਾਲ ਕੀਤੀ ਇਕ ਗਲਬਾਤ ਦਾ ਛੋਟਾ ਜਿਹਾ ਅੰਸ਼ ਰੀਟਵੀਟ ਕੀਤਾ ਹੈ। ਇਸ ਅੰਸ਼ ਅਨੁਸਾਰ :



ਕਰਨ ਥਾਪਰ : ਸਚ ਦਸਣਾ, ਭਾਵੇਂ ਇਹ ਕੌੜਾ ਹੀ ਹੋਵੇ। ਸਚ ਬਹੁਤ ਅਹਿਮ ਹੁੰਦਾ ਹੈ। ਆਪਸ ਵਿਚ ਲਗਾਤਾਰ ਲੜ ਰਹੇ ਰਾਜਨੀਤਕ ਆਗੂਆਂ ਤੇ ਬਹੁਮਤ ਤੋਂ ਊਣੀ ਪਾਰਲੀਮੈਂਟ ਜਾਂ ਦੇਸ ਅੰਦਰ ਫੈਲੀਆਂ ਨਸਲੀ, ਧਾਰਮਿਕ, ਮਜ਼ਬੀ ਅਤੇ ਭਾਸ਼ਾਈ ਵੰਡੀਆਂ ਵਲ ਵੇਖ ਕੇ ਭਾਰਤੀ ਲੋਕਾਂ ਦੇ ਮਨਾਂ ਵਿਚ ਇਹ ਡਰ ਬਹੁਤ ਵਿਆਪਕ ਹੈ ਕਿ ਜੇ ਠੀਕ ਢੰਗ ਨਾਲ ਨਾ ਨਿਪਟਿਆ ਗਿਆ ਤਾਂ ਦੇਸ ਟੁਟ ਜਾਏਗਾ। ਅਸੀਂ ਲਗਾਤਾਰ ਅਨਾਰਕੀ ਵਲ ਵਧ ਰਹੇ ਹਾਂ?

ਮਨਮੋਹਨ ਸਿੰਘ : ਠੀਕ ਹੈ। ਜੇ ਤੁਸੀਂ ਪਾਰਲੀਮੈਂਟ ਵਿਚ ਕੀਤੀਆਂ ਮੇਰੀਆ ਤਕਰੀਰਾਂ ਪੜ੍ਹੋ ਤਾਂ ਮੈਂ ਪਾਰਲੀਮੈਂਟ ਮੈਂਬਰਾਂ ਨੂੰ ਚੇਤਾਵਨੀ ਦੇਂਦਾ ਰਿਹਾ ਹਾਂ ਕਿ ਸਾਨੂੰ ਇਹ ਯਕੀਨੀ ਨਹੀਂ ਮੰਨ ਲੈਣਾ ਚਾਰੀਦਾ ਕਿ ਦੇਸ ਲਗਾਤਾਰ ਖੁਸ਼ਹਾਲੀ ਅਤੇ ਤਰਕੀ ਦੀਆਂ ਮੰਜਿਲਾਂ ਸਰ ਕਰਦਾ ਜਾਏਗਾ ਭਾਵੇਂ ਕਿ ਅਸੀਂ ਆਪਣੇ ਅਰਥਚਾਰੇ ਨੂੰ ਜਿਵੇਂ ਮਰਜੀ ਚਲਾਈ ਜਾਈਏ। ਸੋ-ਵੀਅਤ ਯੂਨੀਅਨ ਵਰਗੀਆ ਮਹਾਨ ਕੌਮਾਂ ਖਤਮ ਹੋ ਗਈਆ। ਸੰਸਾਰ ਦੇ ਨਕਸ਼ੇ ਤੋਂ ਗਾਇਬ ਹੋ ਗਈਆ। ਜੇ ਭਾਰਤੀ ਰਾਜਨੀਤੀ ਨੂੰ ਠੀਕ ਢੰਗ ਨਾਲ ਨਾ ਚਲਾਇਆ ਗਿਆ ਤਾਂ ਮੈਂ ਸਮਝਦਾ ਹਾਂ ਕਿ ਸਾਡਾ ਹਸ਼ਰ ਵੀ ਪੂਰਬੀ ਯੂਰਪ ਦੇ ਦੇਸਾਂ ਤੇ ਸੋਵੀਅਤ ਯੂਨੀਅਨ ਵਰਗਾ ਹੀ ਹੋਵੇਗਾ। ਮੈਂ ਇਹ ਨਹੀਂ ਕਹਿੰਦਾ ਕਿ ਇਹ ਅਟਲ ਹੈ। ਪਰ ਜੇ ਅਸੀਂ ਅਰਥਚਾਰੇ ਨੂੰ ਇਵੇਂ ਹੀ ਚਲਾਉਂਦੇ ਰਹੇ, ਜੇ ਅਸੀਂ ਦੇਸ ਦੀ ਰਾਜਨੀਤੀ ਨੂੰ ਧਰਮ, ਜਾਤਪਾਤ ਤੇ ਸੌੜੇ ਹਿਤਾਂ ਦੇ ਆਧਾਰ ਉਤੇ ਵੰਡਦੇ ਰਹੇ ਤਾਂ ਮੈਂ ਸਮਝਦਾ ਹਾਂ ਕਿ ਅਜਿਹਾ ਖਤਰਾ ਸਾਡੇ ਸਾਹਮਣੇ ਵੀ ਖੜਾ ਹੈ। ਅਸੀਂ ਗੜਬੜ ਚੌਥ (ਅਨਾਰਕੀ) ਵਲ ਵਧ ਰਹੇ ਹਾਂ।

ਕਰਨ ਥਾਪਰ : ਗੰਭੀਰ ਖਤਰਾ ਹੈ?

ਮਨਮੋਹਨ ਸਿੰਘ : ਬਿਲਕੁਲ ਗੰਭੀਰ ਖਤਰਾ ਹੈ।

ਇਹ ਉਸ ਵੇਲੇ ਦੀਆਂ ਗਲਾਂ ਹਨ ਜਦੋਂ ਅਜੇ ਦੇਸ ਦੀ ਰਾਜਨੀਤੀ ਮੋਦੀ-ਸ਼ਾਹ ਦੇ ਦੌਰ ਵਿਚ ਦਾਖਲ ਨਹੀਂ ਸੀ ਹੋਈ। ਦੇਸ ਦੇ ਲੋਕ ਅਜੇ ਨੋਟ ਬੰਦੀ-ਬਦਲੀ, ਜੀ ਐਸ ਟੀ, ਸਰਕਾਰੀ ਮਹਿਕਮਿਆਂ ਦੇ ਧੜਾਧੜ ਨਿਜੀਕਰਨ ਅਤੇ ਖੇਤੀ ਕਾਨੂੰਨਾਂ ਦੇ ਸ਼ਿਕੰਜੇ ਵਿਚ ਨਹੀਂ ਸਨ ਫਸੇ। ਹੁਣ ਤਾਂ ਦੇਸ ਦੀਆਂ ਰਾਜਸੀ ਅਤੇ ਆਰਥਿਕ ਹਾਲਤਾਂ ਉਸ ਤੋਂ ਵੀ ਕਿਤੇ ਮਾੜੀਆਂ ਹਨ। ਮੋਦੀ ਸਰਕਾਰ ਵਲੋਂ ਕੋਰੋਨਾ ਮਹਾਂਮਾਰੀ ਨਾਲ ਨਜਿਠਣ ਵੇਲੇ ਕੀਤੀ ਗਈ ਮੁਜਿਰਮਾਨਾ ਅਣਗਹਿਲੀ ਨੇ ਇਹਨਾਂ ਹਾਲਤਾਂ ਨੂੰ ਹੋਰ ਵੀ ਤਬਾਹੀ ਵਲ ਧਕ ਦਿਤਾ ਹੈ। ਦੇਸ ਦੇ ਲੋਕਾਂ ਦੀ ਬਦਕਿਸਮਤੀ ਇਹ ਹੈ ਕਿ ਆਪਣੀ ਮੂਰਖਤਾ ਅਤੇ ਹੈਂਕੜਬਾਜੀ ਕਾਰਨ ਮੋਦੀ-ਸ਼ਾਹ ਚੌਕੜੀ ਪਿਛਲੀਆ ਗਲਤੀਆਂ ਤੋਂ ਸਬਕ ਸਿਖਣ ਦੀ ਬਜਾਇ ਉਤੋਂ ਹੋਰ ਗਲਤੀਆਂ ਕਰਦੀ ਜਾ ਰਹੀ ਹੈ, ਜਿਵੇਂ ਕਿ ਉਕਤ ਲਿਖਤ ਵਿਚ ਅਰੁਣ ਰਾਮ ਨੇ ਜਾਣਕਾਰੀ ਦਿੱਤੀ ਹੈ।

# ਮਾਲਵੇ ਦੇ ਖੂਬਸੂਰਤ ਰਿਵਾਜ , ਜੋ ਅੱਜ ਨਹੀਂ ਰਹੇ



**ਰਾਜਨਦੀਪ ਕੌਰ ਮਾਨ**
**91-62393-26166**

ਪੰਜਾਬੀ ਸੱਭਿਆਚਾਰ ਬਹੁਤ ਹੀ ਅਮੀਰ ਸੱਭਿਆਚਾਰਾਂ ਵਿੱਚੋ ਇੱਕ ਹੈ। ਸਾਡੇ ਰੀਤੀ ਰਿਵਾਜ ਸਾਨੂੰ ਵਿਰਾਸਤ ਵਿੱਚੋ ਧਰੋਹਰ ਦੇ ਰੂਪ ਵਿੱਚ ਮਿਲੇ ਹੋਏ ਹਨ। ਹਾਲੇ ਸਿਰਫ ਕੁਝ ਦਹਾਕੇ ਪਹਿਲਾਂ ਤੱਕ ਹੀ ਜਦੋਂ ਕਿ ਪਾਲੇਸ ਕਲਚਰ ਹਾਲੇ ਹੋਂਦ ਵਿੱਚ ਨਹੀਂ ਆਇਆ ਸੀ ,ਤਾਂ ਸਾਡੇ ਵਿਆਹ ਸ਼ਾਦੀਆਂ ਦੇ ਸਮੇਂ ਬਹੁਤ ਸੋਹਣੇ ਰੀਤੀ ਰਿਵਾਜ਼ ਵੀ ਪੁਗਾਏ ਜਾਂਦੇ ਸਨ। ਕੁੜੀ ਦੇ ਵਿਆਹ ਲਈ ਵੱਖਰੇ ਸ਼ਗਨ ਵਿਹਾਰ ਅਤੇ ਮੁੰਡੇ ਦੀ ਸ਼ਾਦੀ ਲਈ ਵੱਖਰੇ ਸ਼ਗਨ ਵਿਹਾਰ ਹੁੰਦੇ ਸਨ।

ਉਸ ਸਮੇਂ ਕਈ ਮਹੀਨੇ ਪਹਿਲਾਂ ਹੀ ਵਿਆਹ ਦੀਆਂ ਤਿਆਰੀਆਂ ਚਾਲੂ ਹੋ ਜਾਂਦੀਆਂ ਸਨ । ਹਰ ਪ੍ਰੋਗਰਾਮ ਵਿੱਚ ਲਾਗੀ ਜਾਂ ਨਾਈ ਦੀ ਖ਼ਾਸ ਭੂਮਿਕਾ ਰਹਿੰਦੀ ਸੀ। ਉਸ ਸਮੇਂ ਤਾਂ ਰਿਸ਼ਤੇ ਕਰਾਉਣ ਵਿੱਚ ਵੀ ਨਾਈ ਅਹਿਮ ਭੂਮਿਕਾ ਨਿਭਾਉਂਦੇ ਸਨ। ਫਿਰ ਜਦੋਂ ਵਿਆਹ ਛਿੜ ਜਾਂਦਾ ਤਾਂ ਸਭ ਤੋਂ ਪਹਿਲਾ ਵਿਹਾਰ ਹੁੰਦਾ

**ਗੰਢ ਭੇਜਣਾ :** ਸਭ ਤੋਂ ਪਹਿਲਾਂ ਵਿਆਹ ਵਾਲੇ ਘਰ ਵਲੋਂ ਰਿਸ਼ਤੇਦਾਰਾਂ ਲਈ ਸੱਦਾ ਪਤਰ ਜਾਂ ਗੰਢ ਭੇਜੀ ਜਾਂਦੀ ਸੀ । ਇਹ ਗੰਢ ਨਾਈ ਹੀ ਲੈਕੇ ਜਾਂਦਾ ਸੀ । ਗੰਢ ਦਾ ਮਤਲਬ ਹੁੰਦਾ ਸੀ ਗੰਢੜੀ, ਜਿਸ ਵਿੱਚ ਵਿਆਹ ਦੀ ਚਿੱਠੀ ਜਾਂ ਕਾਰਡ ਤੇ ਨਾਲ ਹੀ ਮੂੰਹ ਮਿੱਠਾ ਕਰਵਾਉਣ ਲਈ ਗੁੜ ਜਾਂ ਕੋਈ ਮਠਿਆਈ । ਸੱਦਾ ਮਿਲਣ ਵਾਲਾ ਪਰਿਵਾਰ ਨਾਈ ਦੀ ਖੂਬ ਆਓ ਭਗਤ ਕਰਦਾ ਸੀ ਤੇ ਉਸਨੂੰ ਵਾਪਸੀ ਤੇ ਖੇਸ ਅਤੇ ਪੈਸੇ ਉਸਦੇ ਮਿਹਨਤਾਨੇ ਜਾਂ ਇਨਾਮ ਵਜੋਂ ਦਿੱਤੇ ਜਾਂਦੇ ਸਨ।

ਗੰਢ ਮਿਲਣ ਤੋਂ ਬਾਅਦ ਹੀ ਸਭ ਪਰਿਵਾਰਾਂ ਵਿੱਚ ਵਿਆਹ ਤੇ ਪਹੁੰਚਣ ਦੀਆਂ ਤਿਆਰੀਆਂ ਜੋਰ ਸ਼ੋਰ ਨਾਲ ਹੋਣ ਲੱਗ ਜਾਣੀਆਂ ਤੇ ਸਭ ਆਪਣੇ ਕਪੜੇ ਵਗੈਰਾ ਤਿਆਰ ਕਰਨ ਲਗਦੇ ।

ਗਾਉਣਾ ਬਿਠਾਉਣਾ ਜਾਂ ਢੋਲਕੀ : ਉਸ ਤੋਂ ਬਾਅਦ ਜਿਹੜਾ ਬਹੁਤ ਹੀ ਰੌਚਕ ਤੇ ਮਨੋਰੰਜਕ ਪ੍ਰੋਗਰਾਮ ਹੁੰਦਾ ਸੀ , ਉਹ ਸੀ ਗਾਉਣ ਬਿਠਾਉਣਾ ਜਾਂ ਢੋਲਕੀ । ਇਸ ਵਿੱਚ ਪੂਰੇ ਪਿੰਡ ਦੀਆਂ ਔਰਤਾਂ ਨੂੰ ਸੱਦਾ ਦਿੱਤਾ ਜਾਂਦਾ ਸੀ। ਮੁੰਡੇ ਦੇ ਵਿਆਹ ਲਈ ਘੋੜੀਆਂ ਤੇ ਕੁੜੀ ਦੇ ਵਿਆਹ ਲਈ ਸੁਹਾਗ ਗਾਏ ਜਾਂਦੇ ਸਨ। ਇਹ ਬਹੁਤ ਖੂਬਸੂਰਤ ਗੀਤ ਹੁੰਦੇ ਸਨ । ਜਿੰਨਾਂ ਤੋਂ ਸਾਡੇ ਵਿਰਸੇ ਦੀ ਅਮੀਰੀ ਝਲਕਦੀ ਸੀ। ਕੁੜੀ ਦੇ ਵਿਆਹ ਦੇ ਗੀਤਾਂ ਵਿਚ ਕੁੜੀਆਂ ਦੀਆਂ ਸੱਧਰਾਂ ,ਵਲਵਲੇ , ਜਜ਼ਬਾਤ ,ਆਪਣੇ ਮਾਂ ਬਾਪ ਲਈ ਵੈਰਾਗ ,ਭਰਾਵਾਂ ਦੀ ਇੱਜ਼ਤ, ਅਣਖ ਤੇ ਸ਼ਾਨ ਦੇ ਗੁਣਗਾਣ ਗਾਏ ਜਾਂਦੇ ਸਨ। ਕੁਝ ਨਮੂਨੇ ਪੇਸ਼ ਹਨ :



ਇੱਕ ਚੰਦਨ ਚੌਕੀ ਜੀ, ਹੀਰੇ ਮੋਤੀ ਜੜਤ ਜੜੇ ।
ਉੱਤੇ ਬੀਬੀ ਬੈਠੀ ਜੀ,ਬਾਬਲ ਮੂਹਰੇ ਅਰਜ਼ ਕਰੇ।
ਬਾਬਲ ਓਹ ਵਰ ਟੋਲਿਓ ਵੇ, ਜਿੱਥੇ ਬੀਬੀ ਰਾਜ ਕਰੇ ।

ਮਾਂ ਬਾਪ ਲਈ ਬੇਹੱਦ ਖੂਬਸੂਰਤ ਜਜ਼ਬਾਤੀ ਗੀਤ ਜੋ ਹਰ ਕਿਸੇ ਨੂੰ ਭਾਵਕ ਕਰ ਦਿੰਦੇ ਸਨ:

ਕਣਕਾਂ ਛੋਲਿਆਂ ਦਾ ਖੇਤ ,ਹੌਲੀ ਹੌਲੀ ਨਿਸਰ ਗਿਆ ,
ਬਾਬਲ ਧਰਮੀ ਦਾ ਦੇਸ਼, ਹੌਲੀ ਹੌਲੀ ਵਿਸਰ ਗਿਆ।
ਮਾਤਾ ਮੰਦੜੇ ਬੋਲ ਨਾ ਬੋਲ ,ਅਸੀਂ ਤੇਰੇ ਨਾ ਆਵਾਂਗੇ ।
ਬਾਬਲ ਧਰਮੀ ਦਾ ਦੇਸ਼,ਕਦੇ ਫੇਰਾ ਪਾ ਜਾਵਾਂਗੇ ।

ਇਸ ਤਰ੍ਹਾਂ ਮੁੰਡੇ ਦੇ ਵਿਆਹ ਲਈ ਗਈਆਂ ਜਾਣ ਵਾਲੀਆਂ ਘੋੜੀਆਂ ਵਿੱਚ ਵੀ ਮਾਂ ਬਾਪ ,ਭਰਾਵਾਂ ਦੀ ਆਨ ਸ਼ਾਨ ਨਾਲ ਸੰਬਧਿਤ ਗੀਤ ਗਾਏ ਜਾਂਦੇ । ਇਹਨਾਂ ਵਿਚੋਂ ਵੀ ਸਾਡੇ ਵਿਰਸੇ ਦੀ ਅਮੀਰੀ ਦੇਖਣ ਵਾਲੀ ਹੁੰਦੀ ਸੀ :

ਨਿੱਕੀ ਨਿੱਕੀ ਕਣੀ ,ਮੋਟਾ ਮੀਂਹ ਵੇ ਵਰ੍ਹੇ,
ਨਦੀ ਦੇ ਕਿਨਾਰੇ ਘੋੜੀ ਘਾਹ ਵੇ ਚਰੇ ।
ਨਦੀ ਦੇ ਕਿਨਾਰੇ ਘੋੜੀ ਘਾਹ ਵੇ ਚਰੇ,
ਮਾਂ ਵੇ ਸੁਹਾਗਣ ਤੇਰੇ ਸ਼ਗਨ ਕਰੇ।
ਮਾਂ ਵੇ ਸੁਹਾਗਣ ਤੇਰੇ ਸ਼ਗਨ ਕਰੇ,
ਦਮਾਂ ਵਾਲੀ ਬੋਰੀ ਤੇਰਾ ਬਾਪ ਫੜੇ ।
ਦਮਾਂ ਵਾਲੀ ਬੋਰੀ ਤੇਰਾ ਬਾਪ ਫੜੇ,
ਹਾਥੀਆਂ ਦੇ ਸੰਗਲ ਤੇਰਾ ਦਾਦਾ ਫੜੇ ।

ਇਹ ਗਾਉਣ ਦੀ ਰਸਮ ਮਹੀਨਾ ਭਰ ਚਲਦੀ ਤੇ ਅੰਤ ਵਿਚ ਸਭ ਨੂੰ ਪਤਾਸੇ ਤੇ ਗੁੜ ਵੰਡਿਆ ਜਾਂਦਾ ਸੀ ।

**ਬਾਜਰਾ ਭਿਉਣ ਦੀ ਰਸਮ:** ਵਿਆਹ ਦੇ ਢੋਲ ਢਮਕਿਆਂ ਵਿੱਚ ਬਾਜਰਾ ਭਿਉਣ ਦੀ ਰਸਮ ਬਹੁਤ ਅਹਿਮ ਜਗ੍ਹਾ ਰਖਦੀ ਹੈ । ਸਾਰੇ ਸ਼ਰੀਕੇ ਦੀਆਂ ਔਰਤਾਂ&; ਇਸ ਵਿੱਚ ਸ਼ਾਮਿਲ ਹੁੰਦੀਆਂ। ਬਾਜਰੇ ਦੀਆਂ ਸੱਤ ਮੁੱਠੀਆਂ ਵਿਆਂਦੜ ਦੀ ਮਾਂ ਤੇ ਦੋ ਦੋ ਮੁੱਠੀਆਂ ਬਾਕੀ ਔਰਤਾਂ ਇੱਕ ਬਰਤਨ ਵਿੱਚ ਪਾਣੀ ਵਿਚ ਭਿਓਂ ਦਿੰਦੀਆ ਤੇ ਨਾਲ ਨਾਲ ਇਹ ਗੀਤ ਵੀ ਗਾਉਂਦੀਆਂ :

ਉੱਪਰ ਚੁਬਾਰੇ ਤੈਨੂੰ ਸਦ ਹੋਈ,
ਸ਼ਾਲੂ ਵਾਲੀਏ,
ਆ ਕੇ ਤਾਂ ਬਾਜਰਾ ਨੀ ਭਿਓਂ,
ਦਿਲਾਂ ਵਿੱਚ ਵਸ ਰਹੀਏ।
ਬਾਜਰਾ ਭਿਉਣ ਤੇਰੀਆਂ ਚਾਚੀਆਂ,
ਜਿੰਨਾਂ ਦੇ ਦਿਲਾਂ ਵਿਚ ਚਾਅ,
ਦਿਲਾਂ ਵਿਚ ਵਸ ਰਹੀਏ।

ਇਸ ਤਰ੍ਹਾਂ ਹਰ ਰਿਸ਼ਤੇ ਦਾ ਜਿਕਰ ਕਰਕੇ ਇਹ ਗੀਤ ਸਮਾਪਤ ਹੁੰਦਾ ਤੇ ਨਾਲ ਹੀ ਬਾਜਰੇ ਦੀ ਰਸਮ ਵੀ। ਇਸਦੇ ਨਾਲ ਹੀ ਵਿਆਹ ਵਾਲੇ ਘਰ ਹਲਵਾਈ ਬੈਠ ਜਾਂਦਾ ਤੇ ਚਹਿਲ ਪਹਿਲ ਸੂਰੂ ਹੋ ਜਾਂਦੀ। ਦਰਜੀ ਕਪੜੇ ਸੀ ਚੁੱਕੇ ਹੁੰਦੇ&; । ਰਜਾਈਆਂ ,ਤਲਾਈਆਂ , ਖ਼ੇਸ ,ਬਿਸਤਰੇ ਤਿਆਰ ਹੋ ਗਏ ਹੁੰਦੇ ਤੇ ਲੱਡੂਆਂ ਦੀ ਮਹਿਕ ਨਾਲ ਸਾਰਾ ਪਿੰਡ ਮਿਠਾਸ ਨਾਲ ਭਰ ਜਾਂਦਾ ।

**ਆਟੇ ਪਾਣੀ ਪਾਉਣ ਦੀ ਰਸਮ;**

ਆਟੇ ਪਾਣੀ ਦੀ ਰਸਮ ਵਿੱਚ ਆਟੇ ਵਿੱਚ ਪਾਣੀ ਪਾਉਣ ਲਈ ਸ਼ਰੀਕੇ ਦੀਆਂ ਸੱਤ ਔਰਤਾਂ ਮਿਲਕੇ ਪਾਉਂਦੀਆਂ ਤੇ ਨਾਲ ਗੀਤ ਵੀ ਗਾਉਂਦੀਆਂ ;

ਆਟੇ ਪਾਣੀ, ਦੁੱਧ ਮਧਾਣੀ ,
ਕਿਹੜੀ ਸਪੂਤੜੀ ਨੇ ਪਾਇਆ।

ਦੂਜੀ ਟੋਲੀ ਅੱਗੋ ਜਵਾਬ ਵਿੱਚ ਗਾਉਂਦੀ

ਆਟੇ ਪਾਣੀ ਦੁੱਧ ਮਧਾਣੀ,
ਜੈ ਕੁਰ ਸਪੂਤੜੀ ਨੇ ਪਾਇਆ।

ਇਸ ਤਰਾਂ ਗਾਉਂਦੇ ਹੋਏ ਆਟਾ ਗੁੰਨਿਆ ਜਾਂਦਾ ਜੋਕਿ ਸਭ ਲਈ ਰੋਟੀ ਬਣਾਉਣ ਲਈ ਵਰਤਿਆ ਜਾਂਦਾ।

**ਗਲਾ ਪਾਉਣਾ :** ਆਟੇ ਪਾਣੀ ਦੀ ਰਸਮ ਲਈ ਵੀ ਸਭੋ ਸ਼ਰੀਕੇ ਦੀਆਂ ਔਰਤਾਂ ਸ਼ਾਮਲ ਹੁੰਦੀਆਂ। ਸੱਤ ਔਰਤਾਂ ਜੋ ਰਿਸ਼ਤੇ ਵਿੱਚ ਦਰਾਣੀ ਜਠਾਣੀ ਹੁੰਦੀਆਂ , ਇਕ ਦੂਜੀ ਦੇ ਖੰਮਣੀ ਬੰਨ੍ਹ ਦੀਆਂ ਅਤੇ ਇਕ ਖਮਣੀ ਚੱਕੀ ਦੇ ਵੀ ਬੰਨੀ ਜਾਂਦੀ। ਉਸ ਵਿੱਚ ਸੱਤ ਸੱਤ ਮੁੱਠੀਆਂ ਜੌਂ ਪਾ ਕੇ ,ਸੱਤੇ ਜਣੀਆਂ ਇਕੱਠੀਆਂ ਗੇੜ ਕੇ ਜੋਆਂ ਨੂੰ ਪੀਸਦੀਆਂ । ਇਹੋ ਜੌਆਂ ਦੇ

**(ਬਾਕੀ ਅਗਲੇ ਸਫੇ 'ਤੇ)**



# ਸਿੱਖ ਧਰਮ, ਪੰਜਾਬੀ ਬੋਲੀ ਸਭ ਸਿਆਸਤ ਦੀ ਭੇਟ!

## ਸਿੱਖ ਜੱਗਤ ਇਸ ਨੂੰ ਬਚਾਉਣ ਲਈ ਗੰਭੀਰਤਾ ਨਾਲ ਵਿਚਾਰ ਕਰੇ



ਜੰਗ ਸਿੰਘ
91-94170-95965

ਮੈਂ ਜਿਸ ਨਾਜ਼ੁਕ ਤੇ ਗੰਭੀਰ ਵਿਸ਼ੇ ਨੂੰ ਛੋਹਿਆ ਹੋਇਆ ਹੈ । ਇਸ ਦੇ ਤਿੰਨ ਭਾਗ ਹੁਣ ਤਕ ਲਿਖੇ ਜਾ ਚੁੱਕੇ ਹਨ। ਸਾਡੇ ਸਿੱਖ ਆਗੂਆਂ ਨੇ ਇੰਨੀਆਂ ਗੰਭੀਰ ਗਲਤੀਆਂ ਕੀਤੀ ਹੋਈਆਂ ਹਨ ਜੇ ਇਨਾਂ ਨੂੰ ਵਿਸਥਾਰ ਸਹਿਤ ਲਿਖਣਾ ਸ਼ੁਰੂ ਕਰ ਦਿੱਤਾ ਤਾਂ ਇਸ ਉੱਤੇ ਲੰਮੀ ਚੌੜੀ ਕਿਤਾਬ ਲਿੱਖਣ ਉਪਰੰਤ ਸ਼ਾਇਦ ਉਹ ਵੀ ਥੋਹੜੀ ਲਗਣ ਲੱਗ ਪਵੇ। ਸਾਡੇ ਮੌਜੂਦਾ ਅਕਾਲੀ ਆਗੂਆਂ ਨੇ ਜੋ ਨੁਕਸਾਨ ਭਾਜਪਾ ਨਾਲ ਰੱਲ ਕੇ ਪੰਜਾਬ ਵਿੱਚ ਰਾਜ ਕਰਕੇ, ਸਿੱਖ ਧਰਮ, ਪੰਜਾਬ ,ਪੰਜਾਬੀ ਬੋਲੀ ਤੇ ਪੰਜਾਬੀ ਸਭਿਆਚਾਰ ਦਾ ਕਰ ਦਿੱਤਾ ਹੈ। ਉਹ ਵੀ ਸ਼ਾਇਦ ਪੂਰਾ ਬਿਆਨ ਨਾ ਕੀਤਾ ਜਾ ਸਕੇ। ਮੇਰੀ ਕੋਸ਼ਿਸ਼ ਹੋਵੇਗੀ ਕਿ ਕੁਝ ਕੁ ਜਰੂਰੀ ਗੱਲਾਂ ਹੋਰ ਲਿੱਖ ਕੇ ਇਸ ਸ਼ੁਰੂ ਕੀਤੀ ਲੇਖ ਲੜ੍ਹੀ ਨੂੰ ਵੀ ਸਮਾਪਤ ਕਰਕੇ ਸਿੱਖ ਜੱਗਤ ਨੂੰ ਚੁਕੰਨੇ ਕਰ ਦੇਵਾਂ ਕਿ ਇਹ ਸਮਾਂ ਚੁੱਪ ਕਰਕੇ ਨਾ ਤਾਂ ਬੈਠਣ ਦਾ ਹੈ,ਨਾ ਹੀ ਮੂਕ ਦਰਸ਼ਕ ਬਣ ਕੇ ਵੇਖਣ ਦਾ, ਇਹ ਸਮਾਂ ਬਹੁਤ ਗੰਭੀਰ ਬਣ ਚੁੱਕਾ ਹੈ। ਜਿਨਾਂ ਦੇ ਮਨ ਵਿੱਚ ਸਿੱਖ ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਰਤੀ ਭਰ ਵੀ ਸਤਿਕਾਰ ਹੈ, ਉਹ ਸਾਰੇ ਆਪੋ ਆਪਣੀ ਹਉਮੇ ਨੂੰ ਤਿਆਗ ਕੇ ਜਿਵੇਂ ਕਿਸੇ ਸਮੇਂ ਸਿੱਖ ਮਿੱਸਲਾਂ ਇੱਕਠੀਆਂ ਹੋਈਆਂ ਸਨ ਤੇ ਉਨਾਂ ਨੇ ਮਹਾਰਾਜਾ ਰਣਜੀਤ ਸਿੰਘ ਵਰਗਾ ਆਪਣਾ ਅਜਿਹਾ ਸੁਘੱੜ੍ਹ ਤੇ ਸਿਆਣਾ ਆਗੂ ਚੁਣਿਆ ਸੀ ਜਿਸ ਨੇ ਬਾਅਦ ਵਿੱਚ ਇਕ ਸ਼ਾਨਦਾਰ ਸਿੱਖ ਰਾਜ ਸਥਾਪਤ ਕਰ ਵਿਖਾਇਆ ਸੀ। ਜਿਸ ਨੂੰ ਹਾਲੇ ਤਕ ਵੀ ਸੰਸਾਰ ਭਰ ਵਿੱਚ ਕਰਾਏ ਸਰਵਿਆਂ ਵਿੱਚ ਇਸ "ਸਿੱਖ ਰਾਜ" ਨੂੰ ਹੁਣ ਤਕ ਦੇ ਹੋ ਚੁੱਕੇ ਰਾਜਾਂ ਵਿੱਚੋਂ ਸਭ ਤੋਂ ਬਿਹਤਰੀਨ ਰਾਜ ਮੰਨਿਆ ਜਾ ਰਿਹਾ ਹੈ। ਅੱਜ ਦਾ ਸਮਾਂ ਵੀ ਬਿਲਕੁਲ ਇਸੇ ਤਰਾਂ ਦੀ ਏਕਤਾ ਦੇ ਨਾਲ ਭਾਵਨਾ ਦੀ ਮੰਗ ਕਰਦਾ ਹੈ। ਜਦੋਂ ਸਾਰਾ ਸਮੁੱਚਾ ਸਿੱਖ ਜੱਗਤ ਰੱਲ ਕੇ ਗੁਰੂ ਸਾਹਿਬਾਨ ਦੀ ਸੋਚ ਮੁਤਾਬਿਕ ਸਿੱਖ ਰਾਜਨੀਤੀ ਤੇ ਸਿੱਖ ਸੰਸਥਾਵਾਂ ਵਿੱਚ ਉਹੋ ਜਿਹੀ ਸੁਚੱਜੀ ਲੀਡਰਸ਼ਿਪ ਚੁਣੀਏ ਜੋ ਸਿੱਖ ਧਰਮ, ਪੰਜਾਬ, ਪੰਜਾਬੀ ਬੋਲੀ, ਪੰਜਾਬੀ ਸਭਿਆਚਾਰ ਵਿੱਚ ਜੋ ਜੋ ਗਿਰਾਵਟਾਂ ਲਿਆਦੀਆਂ ਜਾ ਚੁੱਕੀਆਂ ਹਨ। ਉਨਾਂ ਨੂੰ ਦੂਰ ਕਰਕੇ ਸਿੱਖ ਧਰਮ ਦੇ ਹੋ ਰਹੇ ਭਗਵਾਂਕਰਨ ਨੂੰ ਬਚਾਉਣ ਦਾ ਉਪਰਾਲਾ ਕਰ ਸਕੇ। ਜਿਵੇਂ ਕਿ ਬਿਆਨ ਕੀਤਾ ਗਿਆ ਹੈ ਕਿ ਇਸ ਸਮੇਂ ਜਿਹੜੇ ਆਗੂਆਂ ਕੋਲ ਸਿੱਖ ਰਾਜਨੀਤੀ ਦੇ ਨਾਲ ਸਿੱਖਾਂ ਦੇ ਧਾਰਮਿਕ ਅਸਥਾਨਾਂ ਦੀ ਲੀਡਰਸ਼ਿਪ ਹੈ। ਇਨਾਂ ਆਗੂਆਂ ਵਲੋਂ ਦੋਵੇਂ ਸਿੱਖ ਸੰਸ਼ਥਾਵਾਂ ਨੂੰ ਆਪਣੇ ਨਿੱਜੀ ਹਿੱਤਾਂ ਲਈ ਵਰਤਿਆ ਜਾ ਰਿਹਾ ਹੈ। ਇਸ ਲੀਡਰਸ਼ਿਪ ਵਲੋਂ ਲਿਫਾਫਿਆਂ ਵਿੱਚੋਂ ਕੱਢੇ ਜਾਂਦੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਅਗੋਂ ਥਾਪੇ ਜਾਂਦੇ ਤੱਖਤਾਂ ਦੇ ਜਥੇਦਾਰ ਵੀ ਇਸੇ ਸੋਚ ਦੇ ਧਾਰਨੀ ਹੋਣ ਦੇ ਨਾਲ ਉਨਾਂ ਰਾਜਨੀਤਕ ਆਗੂਆਂ ਵਲੋਂ ਲਏ ਜਾਂਦੇ ਗਲਤ ਮਲਤ ਫੈਸਲਿਆਂ ਦੇ ਨਾਲ ਹਾਮੀ ਭਰਨ ਵਾਲੇ ਹੁੰਦੇ ਹਨ। ਜਿਸ ਦੀ ਸਿਰਸੇ ਵਾਲੇ ਪਾਖੰਡੀ ਬਾਬੇ ਨੂੰ ਗਲਤ ਢੰਗ ਨਾਲ ਮੁਆਫੀ ਦੇਣ ਵਾਲੀ ਉਦਾਹਰਣ ਸਭ ਦੇ ਸਾਹਮਣੇਹੈ। ਅੱਜੋਕੇ ਜਥੇਦਾਰ, ਜਥੇਦਾਰ ਫੂਲਾ ਸਿੰਘ ਵਰਗੇ ਉੱਚੇ, ਸੁੱਚੇ ਨਹੀਂ ਰਹੇ। ਇਹ ਤਾਂ ਬਾਦਲਾਂ ਦੇ ਇਕ ਤਰਾਂ ਦੇ ਗੁਲਾਮ ਦੇ ਨਿਆਈਂ ਬਣੇ ਹੋਏ ਪ੍ਰਤੀਤ ਹੋ ਰਹੇ ਹਨ। ਸ਼੍ਰੋਮਣੀ ਕਮੇਟੀ ਦੇ ਵੱਡੇ ਤੋਂ ਲੈ ਕੇ ਥੱਲੇ ਤਕ ਦੇ ਲਗ ਭਗ ਸਾਰੇ ਮੁਲਾਜਮਾਂ ਦਾ ਮੁੱਖ ਕੰਮ ਵੀ ਸਿੱਖ ਸੰਗਤ ਦੀ ਸੇਵਾ ਕਰਨ ਵਾਲਾ ਨਾ ਹੋ ਕੇ ਤੇ ਵੱਧ ਤੋਂ ਵੱਧ ਧੰਨ ਕਮਾ ਕੇ ਆਪਣੇ ਘਰ ਭਰਨ ਵਾਲਾ ਬਣ ਗਿਆ ਹੈ। ਮੁਲਾਜਮਾਂ ਦੀਆਂ ਤਨਖਾਹਾਂ ਵਿੱਚ ਇਡਾ ਵੱਡਾ ਅੰਤਰ ਹੈ ਕਿ ਇਕ ਨੂੰ ਗੱਫਿਆਂ ਦੇ ਗੱਫੇ ਹਨ ਤੇ ਦੂਜੇ ਪਾਸੇ ਧੱਫੇ ਹੀ ਧੱਫੇ ਜਿਵੇਂ ਧਫਿਆਂ ਵਾਲਿਆਂ ਦੇ ਨਾਲ ਢਿੱਡ ਲਗੇ ਹੀ ਨਹੀਂ ਲਗੇ ਹੁੰਦੇ। ਅਕਸਰ ਤੌਰਤੇ ਜਿਹੜਾ ਵੀ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਬਣਦਾ ਹੈ ਉਸ ਦਾ ਪਹਿਲਾ ਨਿਸ਼ਾਨਾ ਇਹ ਹੁੰਦਾ ਹੈ ਕਿ ਭਾਰੀ ਗੋਲਕਵਾਲੇ ਗੁਰਦੁਆਰਿਆਂ ਵਿੱਚ ਆਪਣੇ ਬੰਦਿਆਂ ਨੂੰ ਲਗਾਇਆ ਜਾਵੇ ਤਾਂ ਕਿ ਉਹ ਇਨਾਂ ਗੁਰਦੁਆਰਿਆਂ ਵਿੱਚੋਂ ਗਲਤ ਤਰੀਕੇ ਨਾਲ ਧੰਨ ਇੱਕਠਾ ਕਰਕੇ ਉਨਾਂ ਨੂੰ ਤੇ ਮੁੱਖ ਰਾਜਨੀਤਕਾਂ ਨੂੰ ਮਾਲਾ ਮਾਲ ਕਰਨ। ਤੁਸੀ ਕੀ ਸੋਚਦੇ ਹੋ ਕਿ ਪ੍ਰਧਾਨਾਂ ਵਲੋਂ ਉਹ ਲਗਾਏ ਇਹ ਬੰਦੇ ਆਪਣੇ ਲਈ ਧੰਨ ਇੱਕਠਾ ਕਰਨ ਤੋਂ ਪਿਛੇ ਰਹਿੰਦੇ ਹੋਣਗੇ! ਸੰਸਾਰ ਦੇ ਲੋਕ ਭਲੀ ਭਾਂਤ ਜਾਣਦੇ ਹਨ ਕਿ ਸਿੱਖਾਂ ਵਿੱਚ ਦਾਨ ਦੇਣ ਪ੍ਰਤੀ ਅਥਾਹ ਦੀ ਭਾਵਨਾਹੈ। ਸਰਕਾਰ ਦੇ ਆਪਣੇ ਹੀ ਅੰਕੜ੍ਹੇ ਦਸਦੇ ਹਨ।ਜੇ ਕਰ ਸਰਕਾਰ ਨੂੰ ਇਨਕਮ ਟੈਕਸ ਦੇਣ ਦੀ ਗੱਲਹੋਵੇ ਤਾਂ ਸਿੱਖ ਮੋਹਰੀ , ਜੇ ਦਾਨ ਕਰਨਾ ਹੈ ਤਾਂ ਉਸ ਵਿੱਚ ਵੀ ਸਿੱਖ ਮੋਹਰੀ, ਜੇਕਰ ਆਪਣੇ ਦੇਸ਼ ਨਾਲ ਦੂਸਰੇ ਕਿਸੇ ਦੇਸ਼ ਵਾਲੇ ਜੰਗ ਯੁੱਧ ਸ਼ੁਰੂ ਕਰ ਦੇਣ ਤਾਂ ਫਿਰ ਲੜਣ ਮਰਨ ਤੇ ਸ਼ਹਾਦਤਾਂ ਦੇਣ ਵਿੱਚ ਵੀ ਸਿੱਖ ਮੂਹਰੇ ਹੁੰਦੇ ਹਨ। ਜਿੰਨਾ ਦਾਨ ਇਹ ਸਿੱਖ ਧਾਰਮਿਕ ਸੰਸਥਾਵਾਂ ਨੂੰ ਦੇਂਦੇ ਹਨ ਜੇ ਕਰ ਉਸ ਦਾ ਚੌਥਾ ਹਿੱਸਾ ਵੀ ਇਨਾਂ ਸਿੱਖ ਅਸਥਾਨਾਂ ਉਤੇ ਨੇਕਨੀਤੀ ਨਾਲ ਲਗ ਜਾਵੇ ਅਤੇ ਸਾਡੇ ਸਿੱਖ ਲੀਡਰ ਸੁਹਿਰੱਦ ਹੋਣ ਤਾਂ ਇਹ ਬੜੀ ਅਸਾਨੀ ਨਾਲ ਸਸਤੀ ਤੇ ਮਿਆਰੀ ਵਿਦਿਆ ਦੇਣ ਦੇ ਨਾਲ ਸ਼ਾਨਦਾਰ ਤੇ ਬਹੁਤ ਹੀ ਸਸਤੇ ਦਰਾਂ ਤੇ ਇਲਾਜ ਲਈ ਸ਼ਾਨਦਾਰ ਹਸਪਤਾਲ ਤੇ ਹੋਰ ਅਦਾਰੇ ਸਥਾਪਤ ਕਰਕੇ ਆਪਣੀ ਸਿੱਖ ਨੌਜੁਆਨੀ ਨੂੰ ਸਾਂਭ ਸਕਣ ਦੇ ਸਮਰੱਥ ਹਨ। ਪਰ ਇਸ ਸਮੇਂ ਇਨਾਂ ਧਾਰਮਿਕ ਅਸਥਾਨਾਂ ਵਿੱਚ ਕੀ ਹੁੰਦਾ ਆ ਰਿਹਾ ਹੈ? ਇਸ ਨੂੰ ਕਦੇ ਵੀ ਕਿਸੇ ਆਗੂ ਨੇ ਨਾ ਘੋਖਿਆ ਤੇ ਨਾ ਹੀ ਉਸ ਦਾ ਸੁਧਾਰ ਕਰਨ ਦਾ ਯਤਨ ਕੀਤਾ ਹੈ। ਖਾਲਸਾ ਪੰਥ ਦੀ ਤੀਜੀ ਸ਼ਤਾਬਦੀ ਸਮੇਂ ਸਿੱਖਾਂ ਦੇ ਇਕ ਮੁੱਖ ਤੱਖਤ ਵਿੱਖੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵਲੋਂ ਲਗਾਏ ਆਪਣੇ ਇਕ ਮੈਨੇਜਰ ਨੇ ਖੂਬ ਲੁੱਟ ਮਚਾਈ ਰੱਖੀ ਜਿਸ ਦਾ ਇਲਾਕੇ ਦੀਆਂ ਸੰਗਤਾਂ ਵਲੋਂ ਕੀਤੇ ਭਾਰੀ ਵਿਰੋਧ ਕਾਰਨ ਉਸ ਮੈਨੇਜਰ ਦੀ ਤਬਦੀਲੀ ਕਰਨੀ ਪਈ ਸੀ । ਇਹ ਵੀ ਕਿਹਾ ਜਾਂਦਾ ਕਿ ਉਸੇ ਹੀ ਮੈਨੇਜਰ ਨੂੰ ਹੋਰ ਕਈ ਗਲਤ ਕੰਮ ਕੀਤੇ ਹੋਣ ਕਾਰਨਸਸਪੈਂਡ ਵੀ ਕਰਨਾ ਪਿਆ ਸੀ। ਇਸੇ ਤੱਖਤ ਦਾ ਇਕ ਸਨਸਨੀ ਖੇਜ ਸਕੈਂਡਲ ਵੀ ਫੜਿਆ ਗਿਆ ਸੀ ਜਿਸ ਦੀਆਂ ਖਬਰਾਂ ਪੰਜਾਬ ਦੇ ਸਿਰਕੱਢ ਅਖਬਾਰਾਂ ਦੇ ਪਹਿਲੇ ਪੰਨੇ ਉਤੇ ਛੱਪੀਆਂ ਸਨ। ਜਿਸ ਦੀ ਲਪੇਟ ਵਿੱਚ ਇਸ ਅਸ਼ਥਾਨ ਤੇ ਸੇਵਾ ਨਿਭਾ ਚੁੱਕੇ ਕਈ ਹੋਰ ਮੈਨੇਜਰ ਵੀ ਆਏ ਸਨ ਜਿਨਾਂ ਦੇ ਬਾਰੇ ਵਿੱਚ ਸ਼੍ਰੋਮਣੀ ਕਮੇਟੀ ਨੂੰ ਮਜਬੂਰ ਹੋ ਕੇ ਹੁਕਮ ਜਾਰੀ ਕਰਨਾ ਪਿਆ, ਜਿਸ ਵਿੱਚ ਕੁਝ ਮੈਨੇਜਰਾਂ ਦੇ ਨਾਂ ਸ਼ਾਮਲ ਕੀਤੇ ਗਏ ਸਨ ਕਿ ਇਹ ਮੈਨੇਜਰ ਜਿਨਾਂ ਚਿਰ ਸੇਵਾ ਮੁਕੱਤ ਨਹੀਂ ਹੋ ਜਾਂਦੇ। ਉਹ ਕਮਾਈ ਵਾਲੇ ਵਿਸ਼ੇਸ਼ ਗੁਰਦੁਆਰਿਆਂ ਜਿਨਾਂ ਦੀ ਲਿਸਟ ਵਿੱਚ ਨਾਂ ਵੀ ਦਸੇ ਗਏ ਸਨ ਉਨਾਂ ਵਿੱਚ ਨਿਯੁੱਕਤ ਨਹੀਂ ਕੀਤੇ ਜਾਣਗੇ!

ਕਈ ਦੋਸ਼ੀ ਮੈਨੇਜਰਾਂ ਨੂੰ ਭਾਰੀ ਜੁਰਮਾਨੇ ਵੀ ਕੀਤੇ ਗਏ ਸਨ।ਸਿੱਖਾਂ ਦੇ ਇਕ ਮਸਹੂਰ ਤੱਖਤ ਸਾਹਿਬ ਦੇ ਮੈਨੇਜਰ ਨੂੰ ਲੱਖਾਂ ਰੁਪਏ ਦੇ ਲੰਗਰ ਦੇ ਭਾਂਡੇ ਵੇਚਣ ਦੇ ਦੋਸ਼ ਵਿੱਚ ਸਸਪੈਂਡ ਹੋਣਾ ਪਿਆ, ਹਾਲੇ ਕੁਝ ਸਮਾਂ ਪਹਿਲਾਂ ਇਸੇ ਤੱਖਤ ਸਾਹਿਬ ਦਾ ਇਕ ਮੈਨੇਜਰ ਕਰੋਨਾ ਬਿਮਾਰੀ ਦੇ ਦੌਰਾਨ ਸਰਕਾਰ ਵਲੋਂ ਲਗਾਏ ਲਾਕ ਡਾਊਨ ਵਿੱਚ ਜਦੋਂ ਗੁਰਦੁਆਰਿਆਂ ਨੂੰ ਵੀ ਬੰਦ ਕਰ ਦਿੱਤਾ ਗਿਆ ਸੀ । ਉਸ ਸਮੇਂ ਨਾ ਮਾਤਰ ਹੀ ਟਾਂਵੀਂ ਟਾਂਵੀਂ ਆ ਰਹੀ ਸੀ। ਪਰ ਇਸ ਮੈਨੇਜਰ ਨੇ ਲੱਖਾਂ ਰੁਪਏ ਦੀ ਕੀਮਤ ਦੀਆਂ ਸਬਜੀਆਂ ਤੇ ਹੋਰ ਸਮਾਨ ਦੇ ਬਿੱਲ ਲੰਗਰ ਦੇ ਖਾਤੇ ਵਿੱਚ ਜਾਹਲੀ ਬਿੱਲਪਾਉਂਦਾ ਫੜਿਆ ਗਿਆ ਸੀ।ਜਿਸ ਨੂੰ ਸ਼੍ਰੋਮਣੀ ਕਮੇਟੀ ਨੇ ਸਸਪੈਂਡ ਵੀ ਕੀਤਾ ਸੀ। ਸਿੱਖਾਂ ਦੇ ਤੱਖਤਾਂ ਵਿੱਚ ਭਾਰੀਆਂ ਰਕਮਾਂ ਦੇ ਜਾਲੀ ਬਿੱਲ ਪਾਉਣ ਦੇ ਕਈ ਸਕੈਂਡਲ ਪਹਿਲਾਂ ਵੀ ਜੱਗ ਜਾਹਰ ਹੋ ਚੁੱਕੇ ਹਨ।ਇਕ ਬਿੱਲ ਦੇ ਨੰਬਰ ਵਿੱਚ ਰਕਮ ਬਹੁਤ ਥੋਹੜੀ ਤੇ ਦੂਜੇ ਉਸੇ ਨੰਬਰ ਦੇ ਬਿੱਲ ਵਿੱਚ ਹਜਾਰਾਂ ਰੁਪਏ ਦਾ ਸਮਾਨ ਆਇਆ ਦਸਿਆ ਗਿਆ ਸੀ। ਇਕ ਸਬਜੀ ਵਾਲਾ ਜਿਹੜਾ ਗੁਰਦੁਆਰੇ ਦੇ ਪ੍ਰਬੰਧਕਾਂ ਨੇ ਖਾਸ ਤੌਰਤੇ ਨਿਸਚਿਤ ਕੀਤਾ ਹੋਇਆ ਸੀ।

ਉਸ ਕੋਲੋਂ ਗੁਰਦੁਆਰੇ ਦੇ ਕਰਮਚਾਰੀਆਂ ਥੋਕ ਵਿੱਚ ਲੈ ਕੇ ਤਾਂ ਜਾਣੇ "ਮੁਰਗੀ ਦੇ ਆਂਡੇ" ਤੇ ਪਰ ਬਿੱਲਾਂ ਵਿੱਚ ਲਿਖਾਉਣਾ ਕਿ "ਆਲੂ" ਲੈ ਕੇ ਗਏ ਹਨ ਪਤਾ ਨਹੀਂ ਹੋਰ ਕੀ ਕੀ ਦਰਜ ਕਰਾਇਆ ਹੁੰਦਾ ਸੀ। ਜੇ ਕਰ ਇਨਾਂ ਉੱਚ ਧਾਰਮਿਕ ਅਸਥਾਨਾਂ ਤੇ ਨਿਯੁਕੱਤ ਮੈਨੇਜਰ, ਅਧਿਕਾਰੀ, ਕਰਮਚਾਰੀ ਉਹ ਆਪ ਧਾਰਮਿਕ ਦਿੱਖ ਰੱਖਣ ਵਾਲੇ ਹੋਣ ਦੇ ਨਾਲ ਅੰਮ੍ਰਿਤਧਾਰੀ ਸਿੰਘ ਵੀ ਹੋਣ ਅਤੇ ਇਹੋ ਜਿਹੇ ਕਾਰਨਾਮੇ ਕਰਨ ਤਾਂ ਫਿਰ ਇਨਾਂ ਅਸਥਾਨਾਂ ਤੇ ਦਰਸ਼ਨ ਕਰਨ ਆਉਣ ਵਾਲੀ ਸੰਗਤ ਤੇ ਸਿੱਖ ਧਰਮ ਪ੍ਰਤੀ ਕਿਹੋ ਜਿਹਾ ਪ੍ਰਭਾਵ ਆਉਣ ਵਾਲੀਆਂ ਸੰਗਤਾਂ ਦੇ ਮਨਾਂ ਵਿੱਚ ਜਾਂਦਾ ਹੋਵੇਗਾ? ਇਸ ਦਾ ਅੰਦਾਜਾ ਲਗਾਉਣਾ ਸੌਖਾ ਨਹੀਂ ਹੋਵੇਗਾ। ਇਹ ਹੀ ਕਾਰਨ ਹਨ ਧਾਰਮਿਕ ਅਸਥਾਨਾਂ ਵਿੱਚ ਇਹੋ ਜਿਹੀ ਬਿਰਤੀ ਵਾਲੇ ਕਰਮਚਾਰੀਆਂ ਦੀਆਂ ਮਾੜੀਆਂ ਹਰਕਤਾਂ ਹੋਣ ਕਾਰਨ ਪੜ੍ਹਿਆ ਲਿਖਿਆ ਸਿੱਖ ਵਰਗ ਖਾਸ ਕਰਕੇ ਨੌਜੁਆਨ ਇਸ ਧਰਮ ਤੋਂ ਦੂਰ ਹੁੰਦਾ ਜਾ ਰਿਹਾ ਹੈ।ਜਿਥੇ ਇਨਾਂ ਲੋਕਾਂ ਵਲੋਂ ਵੱਡੇ ਵੱਡੇ ਭਾਸ਼ਨਾਂ ਵਿੱਚ ਸਿਖਿਆ ਤਾਂ ਕੁਝ ਹੋਰ ਦਿੱਤੀ ਜਾਂਦੀ ਹੈ ਪਰ ਇਨਾਂ ਅਸ਼ਥਾਨਾਂ ਵਿੱਚ ਉੱਚੀਆਂ ਪੱਦਵੀਆਂ ਤੇ ਬੈਠੇ ਲੋਕ ਆਪ ਬੁਰੀ ਤਰ੍ਹਾਂ ਸਮ-ਾਜਿਕ ਬੁਰਿਆਈਆਂ ਵਿੱਚ ਲਿਪਤ ਹੋਏ ਹੋਏ ਹਨ। ਕੀ ਇਨਾਂ ਦੀਆ ਸਿਖਿਆਵਾਂ ਦਾ ਸੰਗਤਾਂ ਤੇ ਅਸਰ ਹੋ ਸਕਦਾ ਹੈ? ਇਹ ਵੀ ਸਮੇਂ ਸਮੇਂ ਚਰਚਾਵਾਂ ਹੁੰਦੀਆਂ ਰਹਿੰਦੀਆਂ ਹਨ ਕਿ ਵਿਦੇਸ਼ ਦੀ ਸੰਗਤ ਵਲੋਂ ਭੇਜੀ ਜਾਂਦੀ ਮਾਇਆ ਤੇ ਹੋਰ ਸਮਾਨ ਵਿੱਚ ਵੀ ਭਾਰੀ ਹੇਰਾ ਫੇਰੀ ਕੀਤੀ ਜਾਂਦੀ ਹੈ। ਇਹ ਵੀ ਚਰਚਾ ਹੁੰਦੀ ਰਹੀ ਹੈ , ਜੋ ਅਖਬਾਰਾਂ ਵਿੱਚ ਚਰਚਾ ਦਾ ਵਿਸ਼ਾ ਵੀ ਬਣੀ ਸੀ ਕਿ ਸਿੱਖ ਧਰਮ ਦੇ ਇਕ ਉਚ ਅਸਥਾਨ ਤੇ ਇਕ ਸ਼ਰਧਾਲੂ ਨੇ ਨਵਾਂ ਟਰੱਕ ਗੁਰਦੁਆਰੇ ਵਿੱਚ ਚੜਾਇਆ ਸੀ ਉਸ ਨੇ ਨਾਲ ਹੀ ਉਸ ਟਰੱਕ ਦੀ ਸਰਵਿਸ ਤੇ ਮੁਰੰਮਤ ਆਦਿ ਦੀ ਜਿੰਮੇਵਾਰੀ ਆਪਣੇ ਸਿਰ ਲਈ ਸੀ। ਜਦੋਂ ਉਹ ਸ਼ਰਧਾਲੂ ਕੁਝ ਸਮੇਂ ਬਾਅਦ ਉਸ ਟਰੱਕ ਦੀ ਸਰਵਿਸ ਕਰਾਉਣ ਲਈ ਆਇਆ ਤਾਂ ਉਸ ਨੂੰ ਜਾਣ ਕੇ ਸਿੱਖਰਾਂ ਦੀ ਹੈਰਾਨੀ ਤੇ ਨਿਰਾਸ਼ਾ ਹੋਈ ਜਦੋਂ ਉਸ ਨੂੰ ਗੁਰ-ਦੁਆਰੇ ਦੇ ਪ੍ਰੰਬਧਕਾਂ ਨੇ ਇਹ ਦਸਿਆ ਕਿ ਗੁਰਦੁਆਰੇ ਵਿਖੇ ਕੋਈ ਵੀ ਸ਼ਰਧਾਲੂ ਟਰੱਕ ਦੇ ਕੇ ਹੀ ਨਹੀਂ ਗਿਆ। ਅਸਲ ਵਿੱਚ ਗੁਰਦੁਆਰੇ ਦੇ ਪ੍ਰਬੰਧਕਾਂ ਨੇ ਮੰਦੀ ਨੀਅਤ ਨਾਲ ਆਪਣੇ ਰੀਕ-ਾਰਡ ਵਿੱਚ ਉਸ "ਟਰੱਕ"ਦੀ ਥਾਂ ਤੇ "ਟਰੰਕ" ਲਿਖਿਆ ਦਿ-ਖਾਇਆ ਹੋਇਆ ਸੀ। ਜਿਸ ਨੂੰ ਬਾਅਦ ਵਿੱਚ ਕਲਮੀ ਗਲਤੀ ਦਸ ਕੇ ਉਸ ਤੇ ਮਿੱਟੀ ਪਾ ਦਿੱਤੀ ਗਈ ਸੀ । ਸ਼੍ਰੋਮਣੀ ਕਮੇਟੀ ਦਾ ਤਾਣਾ ਬਾਣਾ ਇੰਨਾ ਉਲਝਿਆ ਹੋਇਆ ਹੈ ਕਿ ਵੱਡੇ ਗੁਰ-ਦੁਆਰਿਆਂ ਦੇ ਮੈਨੇਜਰ ਤੇ ਹੋਰ ਉੱਚ ਅਧਿਕਾਰੀ ਵੱਧ ਕਮਿਸ਼ਨਾਂ ਲੈਣ ਦੇ ਚੱਕਰ ਵਿੱਚ ਪਿਛਲੇ ਕਈ ਸਾਲਾਂ ਤੋਂ ਵੇਰਕਾ ਕੰਪਨੀ ਨਾਲ ਚੱਲ ਰਹੇ ਕਾਨਟਰੈਕਟ ਨੂੰ ਨਿਰਮੂਲ ਬਹਾਨੇ ਘੜ੍ਹ ਕੇ ਤੋੜ੍ਹਣ ਤੇ ਵੀ ਉਤਾਰੂ ਹੋ ਗਏ ਸਨ। ਇਸ ਦੀ ਮਿਸਾਲ ਪਿਛਲੇ ਦਿਨੀ ਅਖਬਾਰਾਂ ਵਿੱਚ ਚਰਚਾ ਦਾ ਵਿਸ਼ਾ ਬਣੇ ਪੰਜਾਬ ਦੇ ਵੇਰਕਾ ਦਾ ਸਾਰਾ ਸਮਾਨ ਦੁੱਧ , ਘਿਉ, ਪਨੀਰ ਆਦਿ ਜਿਹੜਾ ਉਸ ਸੰਸਥਾ ਕੋਲੋਂ ਖਰੀਦਿਆ ਜਾਂਦਾ ਸੀ। ਸ਼੍ਰੋਮਣੀ ਕਮੇਟੀ ਦੇ ਕੁਝ ਉਚ ਅਧਿਕਾਰੀਆਂ ਨੇ ਇਹ ਕਹਿ ਦਿੱਤਾ ਕਿ ਵੇਰਕਾ ਕੰਪਨੀ ਵਲੋਂ ਲੌੜੀਂਦਾ ਸਮਾਨ ਮਹਿੰਗਾ ਦਿੱਤਾ ਜਾਂਦਾ ਹੈ। ਉਹ ਇਸ ਕਾਨਟਰੈਕਟ ਨੂੰ ਤੋੜ੍ਹ ਕੇ ਮੋਦੀ ਦੇ ਗੁਜਰਾਤ ਪ੍ਰਾਂਤ ਦੀ ਦੁੱਧ ਆਦਿ ਚੀਜਾਂ ਦੀ'ਅਮੁੱਲ ਕੰਪਨੀ 'ਨਾਲ ਵੱਧ ਕਮਿਸ਼ਨ ਲੈਣ ਦੀ ਹੋੜ੍ਹ ਵਿੱਚ ਕਾਨਟਰੈਕਟ ਕਰਨ ਦੇ ਚਾਹਵਾਨ ਸਨ। ਇਕ ਹੋਰ ਬੜੀ ਦੁਖਦਾਈ ਖਬਰ ਜਿਸ ਨੇ ਸਿੱਖ ਜਗਤ ਵਿੱਚ ਅਨੋਖੀ ਚਰਚਾ ਛੇੜ੍ਹ ਦਿੱਤੀ ਹੈ ਕਿ ਆਮ ਆਦਮੀ ਪਾਰਟੀ ਦੇ ਸਾ ਵਿਧਾਨ ਸਭਾ ਮੈਂਬਰ ਸ੍ਰ ਜਰਨੈ.ਲ ਸਿੰਘ ਜਿਸ ਨੇ 1984 ਦੇ ਸਿੱਖ ਕਤਲਿਆਮ ਨੂੰ ਅੱਖੀ ਵੇਖਿਆਹਾਲ ਤੇ ਇਕ ਕਿਤਾਬ ਵੀ ਲਿਖੀ ਸੀ। ਜਿਸ ਬਾਰੇ ਸ਼੍ਰੋਮਣੀ ਕਮੇਟੀ ਦੀ ਮੌਜੂਦਾ ਮੈਂਬਰ ਤੇ ਸਾ ਜਨਰਲ ਸਕੱਤਰ ਬੀਬੀ ਕਿਰਨਜੋਤ ਕੌਰ ਨੇ ਵਰਨਣ ਕਰਦਿਆਂ ਕਿਹਾ ਕਿ ਇਹ ਕਿਤਾਬ ਸ੍ਰ ਜਰਨੈਲ ਸਿੰਘ ਨੇ ਉਨਾਂ ਨੂੰ ਭੇਂਟ ਕੀਤੀ ਸੀ। ਬੀਬੀ ਕਿਰਨਜੋਤ ਕੌਰ ਲਿਖਦੇ ਹਨ ਕਿ "ਉਸ ਕਿਤਾਬ ਵਿੱਚ ਵਰਨਣ ਕੀਤੀਆਂ ਘਟਨਾਵਾਂ ਇਤਨੀਆਂ ਹਿਰਦੇ ਵੇਦਕ ਹਨ ਕਿ ਮੈਂ ਰੋ ਰੋ ਕੇ ਵੀ ਉਹ ਕਿਤਾਬ ਪੂਰੀ ਤਰਾਂ ਨਹੀਂ ਪੜ੍ਹ ਸਕੀ"। ਇਹ ਸਿੱਖ ਯੋਧਾ ਜਿਸ ਨੇ 1984 ਦੇ ਦੰਗਿਆਂ ਦਾ ਇਨਸਾਫ ਨਾ ਮਿਲਣ ਕਾਰਨ ਬਤੌਰ ਇਕ ਨਿਧੜ੍ਹਕ ਪੱਤਰਕਾਰ ਹੁੰਦਿਆਂ ਇਕ ਪ੍ਰੈੱਸ ਮਿਲਣੀ ਵਿੱਚ ਕਾਂਗਰਸੀ ਕੇਂਦਰੀ ਮੰਤਰੀ ਪੀ ਚਿਤੰਬਰਮਤੇ ਰੋਸ ਕਾਰਨ ਜੁੱਤੀ ਚਲਾ ਮਾਰੀ ਸੀ। ਇਹ ਕੌਮੀ ਹੀਰਾ ਸਿਰਫ ਆਕਸੀਜਨ ਦਾ ਸਲੰਡਰ ਨਾ ਮਿਲਣ ਕਾਰਨ ਸਾਡੇ ਕੋਲੋਂ ਖੁੱਸਾ ਦਿੱਤਾ ਗਿਆ, ਲੱਖ ਲਾਹਨਤ ਹੈ, ਦਿੱਲੀ ਦੇ ਗੁਰਦੁਆਰਿਆਂ ਦੇ ਮੌਜੂਦਾ ਤੇ ਸਾ ਆਗੂਆਂ ਦੀ! ਜਿਨਾਂ ਨੇ ਕਈ ਧਾਰਮਿਕ ਅਸਥਾਨਾਂ ਤੇ ਆਕਸੀਜਨ ਸਲੰਡਰਾਂ ਦੇ ਲੰਗਰ ਤਾਂ ਲਗਾ ਰਖੇ ਹਨ ਪਰ ਇਨਾਂ ਆਗੂਆ ਕੋਲੋਂ ਵੀ ਇਕ ਆਕਸੀਜਨ ਦਾ ਸਲੰਡਰ ਇਸ ਸਿੱਖ ਯੋਧੇ ਲਈ ਨਹੀਂ ਜੁੜ੍ਹਿਆ! ਜਿਹੜਾ ਪਿਛਲੇ ਕੁਝ ਦਿਨਾਂ ਤੋਂ ਆਕਸੀਜਨ ਲਈ ਇਨਾਂ ਆਗੂਆਂ ਅੱਗੇ ਆਪਣੇ ਪ੍ਰੀਵਾਰਕ ਮੈਂਬਰਾਂ ਰਾਹੀਂ ਪਹੁੰਚ ਵੀ ਕਰਦਾ ਆ ਰਿਹਾ ਸੀ। ਇਸ ਘਟਨਾ ਦੀ ਫੇਸ ਬੁੱਕ ਤੇ ਇਕ ਵੀ.ਡੀ.ਓ. ਵੀ ਵਾਇਰਲ ਹੋ ਰਹੀ ਹੈ। ਇਹ ਵੀ ਚਰਚਾ ਜੋਰਾਂ ਤੇ ਹੈ ਜਿਵੇਂ ਇਸ ਆਗੂ (ਸ੍ਰ ਜਰਨੈਲ ਸਿੰਘ) ਦਾ ਜਾਨ ਬੁਝ ਕੇ ਸਿਆਸੀ ਕੱਤਲ ਕੀਤਾ ਗਿਆ ਹੋਵੇ। ਇਥੇ ਹੀ ਬੱਸ ਨਹੀਂ ਖਾਲਸਾ ਏਡ ਦੇ ਸ੍ਰ ਰਵੀ ਸਿੰਘ ਨੇ ਸ੍ਰੀ ਅਕਾਲ ਤੱਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਇਕ ਤਰਾਂ ਦਾ ਤਾਹਨਾ ਮਾਰਦਿਆਂ ਕਿਹਾ ਹੈ ਕਿ "ਸਿੰਘ ਸਾਹਿਬ ਜੀ, ਤੁਹਾਨੂੰ ਸਿੱਖ ਕੌਮ ਦੇ ਇਤਿਹਾਸ ਦਾ ਤਾਂ ਚੰਗੀ ਤਰਾਂ ਪਤਾ ਹੋਵੇਗਾ, ਕਿ ਸਾਡੇ ਸਿੱਖ ਗੁਰੂ ਸਾਹਿਬਾਨ ਹਮੇਸ਼ਾ ਜੁਲਮ ਕਰਨ ਵਾਲੇ ਰਾਜਿਆਂ ਵਿਰੁੱਧ ਖੜ੍ਹਦੇ ਰਹੇ ਹਨ"। ਕਿਉਂ ਕਿ ਹੁਣ ਸਿੱਖ ਸੰਸਥਾਵਾਂ ਤੇ ਕਬਜਾ ਬਾਦਲਾਂ ਦਾ ਹੈ ਤੇ ਉਹ ਕਿਸਾਨਾਂ ਦੇ ਵਿਰੁੱਧ ਅਤੇ ਸਿਰਫ ਆਪਣੀ ਗੱਦੀ ਲਈ ਮੋਦੀ ਦੇ ਹੱਕ ਵਿੱਚ ਖੜਦੇ ਰਹੇ ਹਨ।

ਪਿਛਲੇ 7-8 ਮਹੀਨਿਆਂ ਤੋਂ ਪੰਜਾਬ ਦੇ ਕਿਸਾਨ ਤਿੰਨ ਕਾਲੇ ਕਾਨੂੰਨਾਂ ਵਿਰੁੱਧ ਜੋਰਦਾਰ ਸੰਘਰਸ਼ ਕਰਦੇ ਆ ਰਹੇ ਹਨ ਜਿਸ ਵਿੱਚ ਤਿੰਨ ਸੌ ਤੋਂ ਵਧੇਰੇ ਕਿਸਾਨ ਸ਼ਹੀਦੀਆਂ ਵੀ ਪਾ ਚੁੱਕੇ ਹਨ। ਮਜਾਲ ਹੈ ਸਿੱਖ ਕੌਮ ਦਾ ਕੋਈ ਵੀ ਮੌਜੂਦਾ ਆਗੂ ਹੁਣ ਤਕ ਇਨਾਂ ਕਿਸਾਨਾਂ ਦੇ ਹੱਕ ਵਿੱਚ ਦਿੱਲੀ ਬਾਰਡਰ ਤੇ ਗਿਆ ਹੋਵੇ। ਇਹ ਗੱਲ ਸਾਫ ਨਿਖਰ ਕੇ ਸੰਸਾਰ ਦੇ ਸਿੱਖ ਜਗੱਤ ਸਾਹਮਣੇ ਆ ਗਈ ਹੈ ਕਿ ਕੀ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਤੇ ਕੀ ਇਸ ਦੇ ਮੈਂਬਰ ਸਾਰੇ ਹੀ ਜਾਂ ਤਾਂ ਲਿਫਾਫਿਆ ਵਿੱਚੋਂ ਬਾਹਰ ਨਿਕਲਦੇ ਹਨ, ਜਾਂ ਜਿਨਾਂ ਨੂੰ ਇਨਾਂ ਰਾਜਨੀਤਕਾਂ ਵਲੋਂ ਟਿੱਕਟਾਂ ਦਿੱਤੀਆਂ ਜਾਂਦੀਆਂ ਹਨ। ਕਿਸੇ ਦੀ ਕੀ ਮਜਾਲ ਹੈ ਕਿ ਉਹ ਕਿਸਾਨ ਅੰਦੋਲਨ ਦੇ ਹੱਕ ਵਿੱਚ ਆਪਣੀ ਅਵਾਜ ਬੁਲੰਦ ਕਰ ਸਕਣ? ਇਹ ਹੀ ਕਾਰਨ ਹੈ ਕਿ ਸ੍ਰੀ ਅਕਾਲ ਤੱਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਬਾਦਲਾਂ ਤੋਂ ਇੰਨੇ ਡਰੇ ਹੋਏ ਲਗਦੇ ਹਨ ਕਿ ਜੇਕਰ ਉਹ ਕਿਸਾਨਾਂ ਦਾ ਸੰਘਰਸ਼ ਜਿਹੜਾ ਇਸ ਵੇਲੇ ਭਾਰਤ ਦਾ ਨਾ ਹੋ ਕੇ ਸੰਸਾਰ ਭਰ ਵਿੱਚ ਹਮਾਇਤ ਪ੍ਰਾਪਤ ਕਰ ਚੁੱਕਾ ਹੈ। ਉਨਾਂ ਦੇ ਹੱਕ ਵਿੱਚ ਦਿੱਲੀ ਚਲੇ ਗਏ ਤਾਂ ਕਿਧਰੇ ਇਹ ਨਾ ਹੋਵੇ ਕਿ ਬਾਰਡਰ ਤੇ ਬੈਠਿਆਂ ਹੀ ਉਨਾਂ ਦੀ ਗੱਦੀ ਖੁੱਸਣ ਦੀ ਖਬਰ ਮਿਲ ਜਾਵੇ?

ਸਾਡੀ ਕੌਮ ਦੀਆਂ ਸੰਸਥਾਵਾਂ ਦਾ ਤਾਣਾ ਬਾਣਾ ਇਨ੍ਹਾਂ ਰਾਜਨੀਤਕ ਆਗੂਆ ਨੇ ਇੰਨਾ ਖਰਾਬ ਕਰ ਦਿੱਤਾ ਹੈ ਕਿ ਕਿਸਾਨਾਂ ਨੂੰ ਜਮੀਨਾਂ ਦੇ ਮਾਲਕੀ ਦੇ ਹੱਕ ਸਿੱਖਾਂ ਦੇ ਪਹਿਲੇ ਬਾਦਸ਼ਾਹ ਬਾਬਾ ਬੰਦਾ ਸਿੰਘ ਬਹਾਦਰ ਨੇ ਦਿੱਤੇ ਸਨ। ਅੱਜ ਮੌਕੇ ਦੇ ਸ੍ਰੀ ਅਕਾਲ ਤੱਖਤ ਸਾਹਿਬ ਦੇ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਸਿਰਫ ਰਾਜਨੀਤਕਾਂ ਦੀ ਚਾਕਰੀ ਕਰਦੇ ਹੋਏ ਕਿਸਾਨਾਂ ਦੇ ਹੱਕ ਵਿੱਚ ਨਾ ਖੜ੍ਹ ਕੇ ਮੋਦੀ ਤੇ ਉਸ ਦੇ ਅਜਾਰੇਦਾਰਾਂ ਅੰਬਾਨੀਆ ਅਡਾਨੀਆ ਦੀ ਸੇਵਾ ਕਰ ਰਹੇ ਹਨ। ਅੱਜ ਸੰਸਾਰ ਦਾ ਸਾਰਾ ਸਿੱਖ ਜਗੱਤ "ਸਿੰਘ ਸਾਹਿਬ" ਵੱਲਸ਼ਕ ਦੀਆਂ ਨਜਰਾਂਨਾਲ ਦੇਖਦਾ ਆ ਰਿਹਾ ਹੈ। ਹੁਣ ਵੇਖਦੇ ਹਾਂ ਕਿ ਖਾਲਸਾ ਏਡ ਦੇ ਸ੍ਰ ਰਵੀ ਸਿੰਘ ਦੀ ਟਿੱਪਣੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਤੇ ਕੋਈ ਅਸਰ ਕਰਦੀ ਹੈ ਜਾਂ ਕਿ ਉਹ ਬਾਦਲਾਂ ਦੀ ਹੀ ਭਗਤੀ ਕਰਨ ਦੇ ਨਾਲ ਭਾਜਪਾ ਤੇ ਰ.ਸ.ਸ. ਦੇ ਹੱਥ ਠੋਕੇ ਬਣੇ ਰਹਿਣਗੇ। ਜੇਕਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਹੱਕ ਤੇ ਸੱਚਤੇ ਪਹਿਰਾ ਦੇਂਦੇ ਕਿਸਾਨਾਂ ਨਾਲ ਨਾ ਖੜ੍ਹ ਹੋਏ ਤਾਂ ਲੋਕਾਂ ਵਿੱਚ ਸਮੇਂ ਸਮੇਂ ਹੁੰਦੀ ਆ ਰਹੀ ਇਹ ਚਰਚਾ ਵੀ ਸੱਚ ਸਾਬਿਤ ਹੋ ਨਿਬੜ੍ਹੇਗੀ ਕਿ ਤੱਖਤਾਂ ਦੇ ਸਿੰਘ ਸਾਹਿਬਾਂਨ ਵੀ ਰ.ਸ.ਸ. ਤੇ ਭਾਜਪਾ ਦੇ ਹੀਹਨ ਜਿਨਾਂ ਨੂੰ ਬਾਦਲਾਂ ਰਾਹੀਂ ਉਨਾਂ ਨੇ ਸਾਜਿਸ਼ ਤਹਿਤ ਸਿੱਖਾਂ ਦੀ ਸਿਰਮੌਰ ਜਥੇਬੰਦੀ ਵਿੱਚ ਭਰਤੀ ਕਰਾਇਆ ਹੋਇਆ ਹੈ ਤਾਂ ਕਿ ਸਿੱਖ ਧਰਮ ਦਾ ਭਗਵਾਂਕਰਨ ਅਸਾਨੀ ਨਾਲ ਕੀਤਾ ਜਾ ਸਕੇ।

(ਚਲਦਾ)

# ਮਾਲਵੇ ਦੇ ਖੂਬਸੂਰਤ ਰਿਵਾਜ , ਜੋ ਅੱਜ ਨਹੀਂ ਰਹੇ

(ਸਫਾ 18 ਦੀ ਬਾਕੀ)

ਆਟੇ ਤੋਂ ਵਿਆਂਦੜ ਲਈ ਵਟਣਾ ਬਣਾਇਆ ਜਾਂਦਾ । ਇਸ ਸਮੇਂ ਨਾਲ ਨਾਲ ਇਹ ਗੀਤ ਵੀ ਗਾਇਆ ਜਾਂਦਾ , ਜੋ ਆਸ ਪਾਸ ਖੜੀਆਂ ਔਰਤਾਂ ਗਾਉਂਦੀਆਂ ;

ਦੂਰੋਂ ਲਾਹੌਰੋਂ ਚੱਕੀ ਲਿਆਂਦੀ ,
ਵਣੋਂ ਕਰੀਰੋਂ ਹੱਥੜਾ ,
ਜੈ ਕੁਰ ਰਾਣੀ ਨੇ ਪੀਸਿਆ ।

ਇਸ ਰਸਮ ਵਿਚ ਭਾਗ ਲੈ ਰਹੀ ਹਰ ਔਰਤ ਦਾ ਨਾਮ ਲੈਕੇ ਇਹ ਗੀਤ ਗਾਇਆ ਜਾਂਦਾ । ਇਸ ਸਮੇਂ ਮੰਜਿਆਂ ਤੇ ਬੈਠੀਆਂ ਕੁਝ ਔਰਤਾਂ ਰਾਤ ਵਾਲੀ ਬਾਜਰੇ ਦੀ ਰਸਮ ਨੂੰ ਯਾਦ ਕਰਦਿਆਂ ,ਇਹ ਗੀਤ ਵੀ ਛੋਹ ਲੈਂਦੀਆਂ ,ਜੋਕਿ ਇੱਕ ਤਰ੍ਹਾਂ ਦਾ ਹਲਕਾ ਫੁਲਕਾ ਮਜ਼ਾਕ ਹੁੰਦਾ;

ਮੇਰਾ ਬਾਜਰਾ ਭੈਣੋ, ਨੀ ਰਾਤੀਂ ਰੰਗ ਮੁਹੱਲੇ ਚੜ੍ਹਿਆ।
ਤੇਜੋ ਕੁੜੀਆ ਛੱਟਣ ਲੱਗੀ , ਨਾਸੀਂ ਦਾਣਾ ਅੜਿਆ ।ਮੇਰਾ ਬਾਜਰਾ ਭੈਣੋ....
ਸੀਬੋ ਕੁੜੀਆ ਛੱਟਣ ਲਗੀ , ਉੱਡ ਉੱਡ ਲਹਿੰਗਾ ਭਰਿਆ, ਮੇਰਾ ਬਾਜਰਾ ਅੜੀਓ .....

**ਮਾਈਆਂ ਪਾਉਣਾ ;** ਇਸੇ ਦਿਨ ਸ਼ਾਮ ਨੂੰ ਮਿੱਠੇ ਚੋਲ ਨਾਈ ਦੁਬਾਰਾ ਬਣਾਏ ਜਾਂਦੇ । ਵਿਆਂਦੜ ਮੁੰਡੇ ਨਾਲ 6 ਹੋਰ ਮੁੰਡੇ ,ਤੇ ਵਿਆਂਦੜ ਕੁੜੀ ਨਾਲ 6 ਹੋਰ ਕੁੜੀਆਂ ਬੈਠਕੇ ਮੂੰਹ ਵਿੱਚ ਬੁਰਕੀਆਂ ਪਾਉਂਦੇ । ਜਦੋਂ ਇਹ ਰਸਮ ਕਰਕੇ ਖੜ੍ਹੇ ਹੁੰਦੇ ਤਾਂ ਓਹਨਾਂ ਕੁਆਰੇ ਮੁੰਡੇ ਕੁੜੀਆਂ ਵਿੱਚੋ ਕਿਸੇ ਇੱਕ ਦੇ ਸਿਰ ਤੇ ਹੱਥ ਧਰ ਦਿੰਦੇ , ਜਿਸਦਾ ਕਿ ਲੋਕਾਂ ਵਿਚ ਵਿਸ਼ਵਾਸ ਸੀ ,ਕਿ ਇਸ ਤਰ੍ਹਾਂ ਉਸ ਕੁੜੀ ਜਾਂ ਮੁੰਡੇ ਦਾ ਵਿਆਹ ਵੀ ਜਲਦੀ ਹੋ ਜਾਏਗਾ। ਇਸਤੋਂ ਬਾਅਦ ਵਿਆਂਦੜ ਮੁੰਡੇ ਕੁੜੀ ਲਈ ਘਰ ਦੀ ਦੇਹਲੀ ਟੱਪ ਕੇ ਬਾਹਰ ਜਾਣਾ ਵਰਜਿਤ ਹੁੰਦਾ ਸੀ।

**ਨਾਈ ਧੋਈ;** ਨਾਈ ਧੋਈ ਇੱਕ ਬਹੁਤ ਹੀ ਅਹਿਮ ਰਸਮ ਹੈ। ਇਹ ਤਾਂ ਹਾਲੇ ਤਕ ਵੀ ਪ੍ਰਚਲਿਤ ਹੈ।ਪਰ ਉਦੋਂ ਨਾਲ ਨਾਲ ਬਹੁਤ ਖੂਬਸੂਰਤ ਗੀਤ ਵੀ ਗਾਏ ਜਾਂਦੇ ਸਨ । ਇਸਦਾ ਕਰਤਾ ਧਰਤਾ ਨਾਈ ਹੀ ਹੁੰਦਾ ਸੀ । ਵਿਆਂਦੜ ਲਈ ਵਟਣਾ , ਪਾਣੀ ਦਾ ਪ੍ਰਬੰਧ ਕਰਨਾ ਤੇ ਫਿਰ ਰਸਮ ਰਿਵਾਜ ਮੁਤਾਬਿਕ ਉਸਨੂੰ ਨਹਾਉਣਾ । ਇਸ ਵਿਚ ਸਾਰੀਆਂ ਰਿਸ਼ਤੇਦਾਰ ਔਰਤਾਂ ਲਾੜੇ ਨੂੰ ਵੱਟਣਾ ਮਲ਼ਦੀਆਂ ਤੇ ਨਾਲ ਨਾਲ ਗੀਤ ਗਾ ਰਹੀਆਂ ਹੁੰਦੀਆਂ ;

ਮੈ ਵਾਰੀ ਜੀ ,ਪਹਿਲਾ ਬੰਨਾ ਕੀਹਨੇ ਲਾਇਆ।
ਮਾਤਾ ਤਾਂ ਉਹਦੀ ਸਦਾ ਨੀ ਸੁਹਾਗਣ,
ਪਹਿਲਾ ਬੰਨਾ ਉਹਨੇ ਲਾਇਆ।
ਇਸ ਤਰਾਂ ਸਭ ਦੇ ਨਾਮ ਲਏ ਜਾਂਦੇ ।

ਇੱਕ ਹੋਰ ਗੀਤ ਵੀ ਇਸ ਸਮੇਂ ਗਾਇਆ ਜਾਂਦਾ;

ਵਾਹ ਵਾਹ ਨੀ ਚਾਦਰ ਕੁੰਡੀਆ ਦੀ,
ਅੱਜ ਨੀ ਕਿ ਰੌਣਕ ਮੁੰਡਿਆਂ ਦੀ।
ਵਾਹ ਵਾਹ ਨੀ ਚਾਦਰ ਚਿੜੀਆਂ ਦੀ ,
ਅੱਜ ਨੀ ਕਿ ਰੌਣਕ ਕੁੜੀਆਂ ਦੀ ।
ਅੰਗਨ ਸਾਡੇ ਚਿੱਕੜ ਆ ਵੇ।,
ਕੀਹਨੇ ਡੋਲ੍ਹਿਆ ਪਾਣੀ।
ਬਾਬੇ ਦਾ ਪੋਤਰਾ ਨ੍ਹਾਤੜਾ ਨੀ ਓਹਨੇ ਡੋਲਿਆ ਪਾਣੀ।

ਫਿਰ ਅੰਤ ਵਿਚ ਮਾਮੇ ਨੂੰ ਯਾਦ ਕੀਤਾ ਜਾਂਦਾ।
ਫੁੱਲਾਂ ਭਰੀ ਚੰਗੇਰ ਇੱਕ ਫੁੱਲ ਲੋੜੀਦਾ।
ਐੱਸ ਵੇਲੇ ਦੇ ਨਾਲ ਮਾਮਾ ਲੋੜੀਦਾ।

ਇਸਤੋਂ ਬਾਅਦ ਸੇਹਰਾ, ਗਾਨਾ ਬੰਨਿਆ ਜਾਂਦਾ, ਭਾਭੀ ਸੁਰਮਾ ਪਾਉਂਦੀ ਤੇ ਫਿਰ ਚਾਈ ਚਾਈ ਬਰਾਤ ਰਵਾਨਾ ਹੁੰਦੀ। ਇਸ ਤਰ੍ਹਾਂ ਕੁੜੀ ਦੀ ਵੀ ਨਾਈ ਧੋਈ ਨਾਇਨ ਦੁਆਰਾ ਪੂਰੀ ਕਰਾਈ ਜਾਂਦੀ ਤੇ ਉਦੋਂ ਵੀ ਇਸ ਤਰਾਂ ਦੇ ਰਲਦੇ ਮਿਲਦੇ ਗੀਤ ਗਾਏ ਜਾਂਦੇ।

ਇਸ ਤਰਾਂ ਇਹ ਬਹੁਤ ਸਾਰੇ ਖੂਬਸੂਰਤ ਰਿਵਾਜ ਮਾਲਵੇ ਦੇ ਵਿਆਹਾਂ ਦੀ ਸ਼ਾਨ ਸਨ ,ਜਿੰਨਾ ਵਿੱਚ ਜਿਆਦਾਤਰ ਅੱਜਕਲ ਗੁਆਚ ਗਏ ਹਨ। ਇਹਨਾਂ ਨੂੰ ਸਾਂਭਣ ਲਈ ਕੋਈ ਯਤਨ ਜਰੂਰ ਹੋਣੇ ਚਾਹੀਦੇ ਹਨ।

# ਕੋਰੋਨਾ ਵਾਇਰਸ ਨਾਲੋਂ ਵੱਧ ਖਤਰਨਾਕ ਸਾਬਿਤ ਹੋ ਰਿਹਾ ਹੈ ਕੋਰੋਨਾ ਵਾਇਰਸ ਦੇ ਨਾਮ ਤੇ ਫੈਲਾਈਆਂ ਜਾ ਰਹੀਆਂ ਅਫਵਾਹਾਂ



ਕੁਲਦੀਪ ਚੰਦ
91-9417563054

ਅੱਜ ਦੁਨੀਆਂ ਦਾ ਕੋਈ ਵੀ ਵਿਅਕਤੀ ਅਜਿਹਾ ਨਹੀਂ ਹੋਵੇਗਾ ਜਿਸਨੇ ਖਤਰਨਾਕ ਸਾਬਿਤ ਹੋ ਰਹੇ ਕੋਰੋਨਾ ਵਾਇਰਸ ਦਾ ਨਾਮ ਨਾਂ ਸੁਣਿਆ ਹੋਵੇ। ਚੀਨ ਦੇ ਵੂਹਾਨਾ ਤੋਂ ਚੱਲੇ ਇਸ ਖਤਰਨਾਕ ਵਾਇਰਸ ਦਾ ਪ੍ਰਭਾਵ ਕੁੱਝ ਮਹੀਨਿਆਂ ਵਿੱਚ ਹੀ ਪੂਰੇ ਵਿਸ਼ਵ ਵਿੱਚ ਫੈਲ ਗਿਆ। ਵਿਸ਼ਵ ਸਿਹਤ ਸੰਗਠਨ ਦੀ ਰਿਪੋਰਟ ਅਨੁਸਾਰ ਕੋਰੋਨਾ ਵਾਇਰਸ ਦਾ ਪਹਿਲਾ ਮਾਮਲਾ 10 ਜਨਵਰੀ 2020 ਨੂੰ ਚੀਨ ਵਿੱਚ ਸਾਹਮਣੇ ਆਇਆ ਸੀ ਅਤੇ ਹੁਣ ਕਈ ਵਿਕਸਿਤ ਦੇਸ਼ ਵੀ ਇਸ ਵਾਇਰਸ ਕਾਰਨ ਤਬਾਹੀ ਦੇ ਕੰਢੇ ਪਹੁੰਚ ਗਏ ਹਨ। ਕੁੱਝ ਦੇਸ਼ਾਂ ਨੇ ਸਮੇਂ ਸਿਰ ਇਸਦੇ ਬਚਾਓ ਲਈ ਠੋਸ ਕਾਰਵਾਈ ਅਤੇ ਯੋਜਨਾ ਬਣਾਕੇ ਅਪਣੇ ਨਾਗਰਿਕਾਂ ਨੂੰ ਇਸਦੇ ਕਹਿਰ ਤੋਂ ਬਚਾਇਆ ਹੈ। ਮੌਜੂਦਾ ਸਮੇਂ ਪਿੱਛਲੇ ਕੁੱਝ ਮਹੀਨਿਆਂ ਤੋਂ ਆਈ ਦੂਜੀ ਲਹਿਰ ਹੋਰ ਵੀ ਵੱਧ ਖਤਰਨਾਕ ਸਾਬਿਤ ਹੋ ਰਹੀ ਹੈ ਅਤੇ ਕਈ ਦੇਸ਼ ਬੁਰੀ ਤਰਾਂ ਪ੍ਰਭਾਵਿਤ ਹੋਏ ਹਨ। ਵਿਸ਼ਵ ਸਿਹਤ ਸੰਗਠਨ ਅਨੁਸਾਰ ਇਸ ਵੇਲੇ ਦੁਨੀਆਂ ਵਿੱਚ ਲੱਗਭੱਗ 161,513,458 ਮਾਮਲੇ ਸਾਹਮਣੇ ਆ ਚੁੱਕੇ ਹਨ ਜਿਨ੍ਹਾਂ ਵਿੱਚੋਂ 3,352,109 ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ ਅਤੇ ਲੱਗਭੱਗ 1,264,164,553 ਵੈਕਸੀਨ ਦੀ ਡੋਜ਼ ਲਗਾਈ ਗਈ ਹੈ। ਭਾਰਤ ਵਿੱਚ ਕੋਰੋਨਾ ਦਾ ਪਹਿਲਾ ਮਾਮਲਾ 29 ਜਨਵਰੀ, 2020 ਨੂੰ ਸਾਹਮਣੇ ਆਇਆ ਸੀ ਅਤੇ ਹੁਣ ਤੱਕ ਲੱਗਭੱਗ 24,372,907 ਮਾਮਲੇ ਸਾਹਮਣੇ ਆ ਚੁੱਕੇ ਹਨ ਜਿਨ੍ਹਾਂ ਵਿੱਚੋਂ 266,207 ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ ਅਤੇ ਲੱਗਭੱਗ 175,171,482 ਵੈਕਸੀਨ ਦੀ ਡੋਜ਼ ਲਗਾਈ ਗਈ ਹੈ। ਵੱਖ ਵੱਖ ਸਿਹਤ ਮਾਹਿਰਾਂ ਅਨੁਸਾਰ ਆਣ ਵਾਲਾ ਸਮਾਂ ਬਹੁਤ  ਹੀ ਖਤਰਨਾਕ ਸਾਬਤ ਹੋ ਸਕਦਾ ਹੈ ਅਤੇ ਜੇਕਰ ਸਰਕਾਰ ਨੇ ਪੁੱਖਤਾ ਪ੍ਰਬੰਧ ਨਾਂ ਕੀਤੇ ਤਾਂ ਦੇਸ਼ ਤਬਾਹ ਹੋ ਜਾਵੇਗਾ। ਪਿਛਲੇ ਸਾਲ ਸਰਕਾਰ ਨੇ ਇਸਦੇ ਬਚਾਓ ਲਈ ਪੂਰੇ ਦੇਸ਼ ਵਿੱਚ ਮੁਕੰਮਲ ਲਾਕਡਾਊਨ ਅਤੇ ਮੁਕੰਮਲ ਕਰਫਿਊ ਤੱਕ ਲਗਾਇਆ ਸੀ ਜਿਸ ਕਾਰਨ ਕਾਫੀ ਲੋਕ ਵਿਸ਼ੇਸ ਤੋਰ ਤੇ ਗਰੀਬ ਵਰਗ ਦੇ ਲੋਕ ਪ੍ਰਭਾਵਿਤ ਹੋਏ ਹਨ। ਹੁਣ ਫਿਰ ਪਿਛਲੇ ਕਈ ਦਿਨਾਂ ਤੋਂ ਵੱਖ ਵੱਖ ਰਾਜਾਂ ਦੀਆਂ ਸਰਕਾਰਾਂ ਵਲੋਂ ਇਸ ਵਾਇਰਸ ਨੂੰ ਫੈਲਣ ਤੋਂ ਰੋਕਣ ਲਈ ਲਾਕਡਾਊਨ ਲਗਾਇਆ ਗਿਆ ਹੈ ਅਤੇ ਇਸ ਸਬੰਧੀ ਕਈ ਤਰਾਂ ਦੀਆਂ ਪਾਬੰਦੀਆਂ ਲਗਾਈਆਂ ਗਈਆਂ ਹਨ,  ਕੁੱਝ ਹਵਾਈ ਸੇਵਾਵਾਂ ਸਮੇਤ ਰੇਲ ਅਤੇ ਬੱਸ ਸੇਵਾਵਾਂ ਵੀ ਬੰਦ ਕਰ ਦਿਤੀਆਂ ਗਈਆਂ ਹਨ। ਕਈ ਥਾਵਾਂ ਤੇ ਦਫਤਰ ਵੀ ਬੰਦ ਕੀਤੇ ਗਏ ਹਨ, ਅਦਾਲਤੀ ਕੰਮਕਾਜ ਵੀ ਬੰਦ ਕੀਤਾ ਗਿਆ ਹੈ ਅਤੇ ਵਰਕ ਫਰਾਮ ਹੋਮ ਸੂਰੂ ਕੀਤਾ ਗਿਆ ਹੈ। ਦੁਕਾਨਾਂ ਖੋਲਣ, ਬੈਂਕ ਅਤੇ ਡਾਕਖਾਨਿਆਂ ਦੇ ਕੰਮ ਕਰਨ ਸਬੰਧੀ ਵਿਸ਼ੇਸ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਜੋਕਿ ਸਰਕਾਰਾਂ ਵਲੋਂ ਆਏ ਦਿਨ ਬਦਲੀਆਂ ਜਾ ਰਹੀਆਂ ਹਨ ਜਿਨ੍ਹਾਂ ਕਾਰਨ ਲੋਕ ਪ੍ਰੇਸ਼ਾਨ ਹੋ ਰਹੇ ਹਨ। ਬੇਸ਼ੱਕ ਸਰਕਾਰ ਵਲੋਂ ਇਹ ਦਾਅਵੇ ਕੀਤੇ ਜਾ ਰਹੇ ਹਨ ਕਿ ਇਸ ਵਾਇਰਸ ਦੇ ਫੈਲਾਅ ਨੂੰ ਰੋਕਣ ਲਈ ਸਰਕਾਰ ਪੂਰੀ ਤਰ੍ਹਾਂ ਤਿਆਰ ਹੈ ਪਰ ਇਨ੍ਹਾਂ ਦਾਅਵਿਆਂ ਦੀ ਅਸਲੀਅਤ ਕੁੱਝ ਹੋਰ ਹੀ ਹੈ। ਪਿਛਲੇ ਕੁੱਝ ਦਿਨਾਂ ਦੌਰਾਨ ਵਾਪਰੀਆਂ ਵੱਖ ਵੱਖ ਘਟਨਾਵਾਂ ਨੇ ਦੇਸ਼ ਵਿੱਚ ਕੋਰੋਨਾ ਤੋਂ ਬਚਾਓ ਅਤੇ ਸਿਹਤ ਸਬੰਧੀ ਸਹੂਲਤਾਂ ਦੀ ਪੋਲ ਖੋਲਕੇ ਰੱਖ ਦਿੱਤੀ ਹੈ। ਬਹੁਤੇ ਹਸਪਤਾਲਾਂ ਅਤੇ ਸਰਕਾਰੀ ਸਿਹਤ ਕੇਂਦਰਾਂ ਨੇ ਓਪੀਡੀ ਸੇਵਾਵਾਂ ਤੇ ਮੁਕੰਮਲ ਪਾਬੰਦੀ ਲਗਾਈ ਹੋਈ ਹੈ ਜਿਸ ਕਾਰਨ ਕਾਫੀ ਲੋਕ ਖੱਜਲ ਖੁਆਰ ਹੋ ਰਹੇ ਹਨ ਅਤੇ ਨੀਮ ਹਕੀਮਾਂ ਦੇ ਜ਼ਾਲ ਵਿੱਚ ਫਸ ਰਹੇ ਹਨ। ਬਹੁਤੇ ਮਰੀਜ਼ ਜੋਕਿ ਵੱਖ ਵੱਖ ਡਾਕਟਰਾਂ ਤੋਂ ਇਲਾਜ਼ ਕਰਵਾ ਰਹੇ ਹਨ ਇਹ ਸੇਵਾਵਾਂ ਬੰਦ ਹੋਣ ਕਾਰਨ ਪ੍ਰੇਸ਼ਾਨ ਹੋ ਰਹੇ ਹਨ। ਪ੍ਰਾਇਵੇਟ ਹਸਪਤਾਲਾਂ ਅਤੇ ਲੈਬੋਰਟਰੀਆਂ ਦੇ ਮਹਿੰਗੇ ਖਰਚੇ ਲੋਕਾਂ ਦੀ ਪ੍ਰੇਸ਼ਾਨੀ ਵਧਾ ਰਹੇ ਹਨ। ਬਹੁਤੀਆਂ ਥਾਵਾਂ ਤੇ ਮਰੀਜ਼ਾਂ ਨੂੰ ਬੈਡ ਨਹੀਂ ਮਿਲ ਰਹੇ ਹਨ ਅਤੇ ਕਈ ਥਾਵਾਂ ਤੋਂ ਕੋਰੋਨਾ ਨਾਲ ਹੋਈ ਮੌਤ ਵਾਲੇ ਵਿਅਕਤੀ ਦੀ ਲਾਸ਼ ਨੂੰ ਗਰੀਬ ਪਰਿਵਾਰਾਂ ਦੇ ਮੈਂਬਰ ਆਪ ਹੀ ਇਕੱਲੇ ਲੈਕੇ ਜਾ ਰਹੇ ਹਨ। ਉੱਤਰ ਪ੍ਰਦੇਸ਼ ਵਿੱਚ ਗੰਗਾ ਨਦੀ ਅਤੇ ਇਸਦੇ ਕਿਨਾਰੇ ਮਿਲੀਆਂ ਸੈਕੜੇ ਲਾਸ਼ਾਂ ਨੇ ਸਰਕਾਰ ਦੇ ਪ੍ਰਬੰਧਾਂ ਦੀ ਪੋਲ ਖੋਲਕੇ ਰੱਖ ਦਿੱਤੀ ਹੈ। ਗਰੀਬ ਲੋਕ ਅਪਣੇ ਸਬੰਧੀਆ ਦਾ ਸੰਸਕਾਰ ਕਰਨ ਤੋਂ ਵੀ ਅਸਮੱਰਥ ਨਜ਼ਰ ਆ ਰਹੇ ਹਨ।





ਲੋਕਾਂ ਨੂੰ ਕੋਰੋਨਾ ਦੇ ਬਚਾਓ ਸਬੰਧੀ ਸਹੂਲਤਾਂ ਦੇਣ ਲਈ ਸਰਕਾਰ ਵਲੋਂ ਕੇਂਦਰ ਪੱਧਰ ਤੇ ਪੀ ਐਮ ਕੇਅਰ ਫੰਡ ਅਤੇ ਰਾਜ ਪੱਧਰ ਤੇ ਸੀ ਐਮ ਕੇਅਰ ਫੰਡ ਸਥਾਪਿਤ ਕੀਤੇ ਗਏ ਹਨ। ਬੇਸ਼ੱਕ ਇਨ੍ਹਾਂ ਫੰਡਾਂ ਤੇ ਕੁੱਝ ਲੋਕਾਂ ਵਲੋਂ ਇਤਰਾਜ਼ ਜਤਾਏ ਗਏ ਅਤੇ ਫੰਡਾਂ ਦੀ ਵਰਤੋਂ ਵਿੱਚ ਘਪਲੇਬਾਜ਼ੀ ਦੇ ਇਲਜਾਮ ਵੀ ਲਗਾਏ ਗਏ ਹਨ ਪਰ ਇਨ੍ਹਾਂ ਫੰਡਾਂ ਦੀ ਕੋਰੋਨਾ ਦੇ ਬਚਾਓ ਲਈ ਵਰਤੋਂ ਕੀਤੀ ਜਾ ਰਹੀ ਹੈ। ਸਰਕਾਰ ਵਲੋਂ ਇਸ ਫੰਡ ਵਿੱਚੋਂ ਵੈਂਟੀਲੇਟਰ ਖਰੀਦੇ ਗਏ ਹਨ, ਜਰੂਰਤਮੰਦ ਲੋਕਾਂ ਤੱਕ ਖਾਣਾ ਅਤੇ ਹੋਰ ਜਰੂਰਤ ਦਾ ਸਮਾਨ ਪਹੁੰਚਾਣ ਲਈ ਪੈਸੇ ਖਰਚੇ ਗਏ ਹਨ। ਇਸ ਸਭ ਦੇ ਬਾਬਜੂਦ ਅਤੇ ਸਰਕਾਰੀ ਦਾਅਵਿਆਂ ਦੇ ਉੱਲਟ ਜਰੂਰਤਮੰਦ ਰੋਗੀਆਂ ਨੂੰ ਹਸਪਤਾਲਾਂ ਵਿੱਚ ਬੈਡ, ਆਕਸੀਜਨ ਅਤੇ ਵੈਂਟੀਲੇਟਰ ਦੀ ਸਹੂਲਤ ਨਾਂ ਮਿਲਣ ਕਾਰਨ ਲੋਕ ਦੱਮ ਤੋੜ ਰਹੇ ਹਨ। ਹਾਲਤ ਇੱਥੋਂ ਤੱਕ ਖੱਸਤਾ ਹੈ ਕਿ ਕਈ ਥਾਵਾਂ ਤੇ ਮਰੀਜ਼ ਸਿਹਤ ਸਹੂਲਤਾ ਲਈ ਸੈਕੜੇ ਕਿਲੋਮੀਟਰ ਸਫਰ ਤੈਅ ਕਰਕੇ ਅਤੇ ਲੱਖਾਂ ਰੁਪਏ ਖਰਚਕੇ ਦੂਰ ਦੁਰਾਡੇ ਦੇ ਹਸਪਤਾਲਾਂ ਵਿੱਚ ਮਹਿੰਗੇ ਰੇਟਾਂ ਤੇ ਦਾਖਲ ਹੋ ਰਹੇ ਹਨ। ਸਰਕਾਰੀ ਸਿਹਤ ਕੇਂਦਰਾਂ ਵਿੱਚ ਪਏ ਵੈਂਟੀਲੇਟਰ ਧੂੜ੍ਹ ਫੱਕ ਰਹੇ ਹਨ ਅਤੇ ਮੀਡੀਆ ਦੀਆਂ ਸੁਰਖੀਆਂ ਬਣ ਰਹੇ ਹਨ। ਬਹੁਤੇ ਥਾਵਾਂ ਤੇ ਇਨ੍ਹਾਂ ਵੈਂਟੀਲੇਟਰਾਂ ਨੂੰ ਹੁਣ ਪ੍ਰਾਇਵੇਟ ਹਸਪਤਾਲਾਂ ਨੂੰ ਦਿੱਤਾ ਗਿਆ ਹੈ। ਪ੍ਰਧਾਨ ਮੰਤਰੀ ਵਲੋਂ ਵੱਖ ਵੱਖ ਰਾਜਾਂ ਵਿੱਚ ਭੇਜੇ ਗਏ ਵੈਂਟੀਲੇਟਰਾਂ ਸਬੰਧੀ ਅਡਿਟ ਕਰਵਾਉਣ ਦੇ ਆਰਡਰ ਕੀਤੇ ਗਏ ਹਨ। ਭਾਰਤ ਸਿਹਤ ਸੇਵਾਵਾਂ ਦੇ ਮਾਮਲੇ ਵਿੱਚ ਕਈ ਦੇਸ਼ਾਂ ਤੋਂ ਬਹੁਤ ਪਿੱਛੇ ਹੈ। ਸਾਡੇ ਦੇਸ਼ ਵਿੱਚ ਪਿਛਲੇ ਸਾਲਾਂ ਦੌਰਾਨ ਜਨਤਕ ਸਿਹਤ ਦਾ ਬਜਟ ਕੁੱਲ ਜੀ ਡੀ ਪੀ ਦਾ 1.2 ਫਿਸਦੀ ਤੋਂ ਲੈਕੇ 1.6 ਫਿਸਦੀ ਤੱਕ ਹੀ ਰਿਹਾ ਹੈ ਜੋਕਿ ਬੰਗਲਾ ਦੇਸ਼ ਅਤੇ ਭੂਟਾਨ ਤੋਂ ਵੀ ਘੱਟ ਹੈ। ਜੇਕਰ ਦੇਸ਼ ਵਿੱਚ ਉਪਲੱਭਦ ਸਿਹਤ ਸਹੂਲਤਾਂ ਵੱਲ ਵੇਖੀਏ ਤਾਂ ਵਿਸ਼ਵ ਸਿਹਤ ਸੰਗਠਨ ਅਨੁਸਾਰ 1000 ਵਿਅੱਕਤੀਆਂ ਪਿੱਛੇ 01 ਡਾਕਟਰ ਹੋਣਾ ਚਾਹੀਦਾ ਹੈ ਜਦਕਿ ਭਾਰਤ ਵਿੱਚ ਲੱਗਭੱਗ 1404 ਵਿਅੱਕਤੀਆਂ ਪਿੱਛੇ 01 ਡਾਕਟਰ ਹੈ। ਭਾਰਤ ਜੋਕਿ ਪਿੰਡਾਂ ਦਾ ਦੇਸ਼ ਹੈ ਪਰ ਪਿੰਡਾਂ ਵਿੱਚ ਹਾਲਤ ਹੋਰ ਵੀ ਖੱਸਤਾ ਹੈ ਜਿੱਥੇ ਲੱਗਭੱਗ 10926 ਵਿਅੱਕਤੀਆਂ ਪਿੱਛੇ 01 ਡਾਕਟਰ ਹੈ। ਦੇਸ਼ ਦੇ ਸਰਕਾਰੀ ਹਸਪਤਾਲਾਂ ਵਿੱਚ ਲੱਗਭੱਗ 7 ਲੱਖ 14 ਹਜਾਰ ਬੈੱਡ ਹੀ ਹਨ। ਭਾਰਤ ਵਿੱਚ 10000 ਵਿਅਕਤੀਆਂ ਪਿੱਛੇ 20 ਸਿਹਤ ਕਾਮੇ ਹਨ ਜਿਨ੍ਹਾਂ ਵਿੱਚ 31 ਫਿਸਦੀ ਐਲੋਪੈਥਿਕ ਡਾਕਟਰ, 30 ਫਿਸਦੀ ਨਰਸਿਜ਼ ਅਤੇ ਮਿੱਡਵਾਇਫ, ਫਾਰਮਾਸਿਸਟ 11 ਫਿਸਦੀ, ਆਯੁਸ਼ ਪ੍ਰੈਕਟਿਸ਼ਨਰਜ 09 ਫਿਸਦੀ ਅਤੇ ਹੋਰ ਕਾਮੇ 19 ਫਿਸਦੀ ਸ਼ਾਮਿਲ ਹਨ। ਇਹ ਅੰਕੜੇ ਦੇਸ਼ ਵਿੱਚ ਉਪਲੱਭਦ ਸਿਹਤ ਸਹੂਲਤਾਂ ਸਬੰਧੀ ਸਰਕਾਰੀ ਦਾਅਵਿਆਂ ਦੇ ਪੋਲ ਖੋਲਦੇ ਹਨ। ਜਿਵੇਂ ਕਿ ਕੋਰੋਨਾ ਵਾਇਰਸ ਤੋਂ ਪੀੜ੍ਹਤ ਵਿਅਕਤੀ ਨੂੰ ਸਾਹ ਦੀ ਸਮੱਸਿਆ ਆਂਦੀ ਹੈ ਅਤੇ ਇਸ ਲਈ ਵੈਂਟੀਲੇਟਰ ਦੀ ਜਰੂਰਤ ਪੈਂਦੀ ਹੈ ਪਰ ਹੈਰਾਨੀ ਦੀ ਗੱਲ ਹੈ ਕਿ ਸਾਡੇ ਦੇਸ਼ ਵਿੱਚ ਵੈਂਟੀਲੇਟਰਾਂ ਦੀ ਭਾਰੀ ਕਮੀ ਹੈ। ਵਾਸ਼ਿੰਗਟਨ ਅਧਾਰਿਤ ਸੈਂਟਰ ਫਾਰ ਡੀਜੀਜ ਡਾਇਨਾਮਿਕਸ, ਇਕਨਾਮਿਕਸ ਐਂਡ ਪਾਲਿਸੀ ਅਤੇ ਪਰਿੰਕਟਨ ਯੂਨੀਵਰਸਿਟੀ ਤੋਂ ਪ੍ਰਾਪਤ ਅੰਕੜਿਆਂ ਅਨੁਸਾਰ ਸਾਡੇ ਦੇਸ਼ ਵਿੱਚ ਲੱਗਭੱਗ 47481 ਵੈਂਟੀਲੇਟਰ ਹਨ ਜਿਨ੍ਹਾਂ ਵਿੱਚੋਂ ਸਰਕਾਰੀ ਸਿਹਤ ਕੇਂਦਰਾਂ ਕੋਲ ਸਿਰਫ 17850 ਹੀ ਹਨ ਅਤੇ 29631 ਪ੍ਰਾਇਵੇਟ ਹਸਪਤਾਲਾਂ ਵਿੱਚ ਹਨ। ਪੰਜਾਬ ਵਰਗੇ ਵਿਕਸਿਤ ਸੂੱਬੇ ਵਿੱਚ ਵੀ ਲੱਗਭੱਗ 1525 ਵੈਂਟੀਲੇਟਰ ਹਨ ਜਿਨ੍ਹਾਂ ਵਿੱਚੋਂ 1077 ਨਿੰਜੀ ਹਸਪਤਾਲਾਂ ਵਿੱਚ ਹਨ ਅਤੇ ਸਰਕਾਰੀ ਸਿਹਤ ਕੇਂਦਰਾਂ ਵਿੱਚ ਸਿਰਫ 448 ਵੈਂਟੀਲੇਟਰ ਹੀ ਉਪਲੱਭਦ ਹਨ। ਸਰਕਾਰ ਵਲੋਂ ਪੀ ਐਮ ਕੇਅਰ ਫੰਡ ਵਿੱਚੋਂ 50000 ਵੈਂਟੀਲੇਟਰ ਖਰੀਦੇ ਜਾ ਰਹੇ ਹਨ। ਇਸ ਵਾਇਰਸ ਕਾਰਨ ਪਭਾਵਿਤ ਵਿਅੱਕਤੀਆਂ ਨੂੰ ਬਚਾਉਣ ਲਈ ਲੱਗਭੱਗ 40 ਲੱਖ ਵੈਂਟੀਲੇਟਰ ਚਾਹੀਦੇ ਹਨ। ਦੇਸ਼ ਵਿੱਚ ਉਪਲੱਭਦ ਸਿਹਤ ਸਹੂਲਤਾਂ ਨੂੰ ਵੇਖਦੇ ਹੋਏ ਸਾਨੂੰ ਹੋਰ ਵੀ ਵਧੇਰੇ ਚੌਕਸ ਹੋਣ ਦੀ ਜਰੂਰਤ ਹੈ। ਸਰਕਾਰੀ ਅਧਿਕਾਰੀਆਂ ਅਤੇ ਰਾਜਨੀਤੀਵਾਨਾਂ ਦੀ ਲਾਪਰਵਾਹੀ ਬਹੁਤ ਵੱਡਾ ਨੁਕਸਾਨ ਕਰ ਸਕਦੀ ਹੈ। ਹਜਾਰਾਂ ਲੋਕ ਜੋਕਿ ਰੋਜੀ ਰੋਟੀ ਲਈ ਅਪਣੇ ਪਿੰਡਾਂ ਤੋਂ ਦੂਰ ਵੱਡੇ ਵੱਡੇ ਸ਼ਹਿਰਾਂ ਵੱਲ ਆਏ ਹੋਏ ਹਨ ਸਰਕਾਰਾਂ ਦੇ ਪ੍ਰਬੰਧਾਂ ਤੋਂ ਦੁਖੀ ਹੁਣ ਅਪਣੇ ਘਰਾਂ ਨੂੰ ਵਾਪਸ ਜਾ ਰਹੇ ਹਨ। ਸਰਕਾਰ ਵਲੋਂ ਇਸ ਵਾਇਰਸ ਦੇ ਬਚਾਓ ਅਤੇ ਇਸਦੇ ਇਲਾਜ ਸਬੰਧੀ ਕਿਸੇ ਵੀ ਤਰਾਂ ਦੀ ਗੱਲਤ ਫਹਿਮੀ ਵਾਲੀ ਜਾਣਕਾਰੀ ਅਤੇ ਅੰਧਵਿਸ਼ਵਾਸ਼ ਫੈਲਾਉਣ ਵਾਲਿਆਂ ਖਿਲਾਫ ਕਨੂੰਨੀ ਕਾਰਵਾਈ ਕਰਨ ਦੇ ਹੁਕਮ ਜਾਰੀ ਕੀਤੇ ਗਏ ਹਨ ਪਰ ਪਿਛਲੇ ਕੁੱਝ ਦਿਨਾਂ ਤੋਂ ਸੋਸ਼ਲ ਮੀਡੀਆ ਤੇ ਕੁੱਝ ਸਮਾਜਿਕ ਅਤੇ ਧਾਰਮਿਕ ਆਗੂਆਂ ਵਲੋਂ ਜਾਰੀ ਅਜਿਹੇ ਮੈਸੇਜ ਜਿਨ੍ਹਾਂ ਵਿੱਚ ਗਾਂ ਦੇ ਮੂਤਰ ਅਤੇ ਗੋਹੇ ਸਮੇਤ ਕੁੱਝ ਵਿਸੇਸ ਵਸਤਾਂ ਲਗਾਣ ਅਤੇ ਖਾਣ ਨਾਲ ਇਸ ਵਾਇਰਸ ਦੇ ਇਲਾਜ ਬਾਰੇ ਕਿਹਾ ਗਿਆ ਹੈ ਆਦਿ ਲੋਕਾਂ ਨੂੰ ਭੰਬਲਭੂਸੇ ਵਿੱਚ ਪਾ ਰਹੇ ਹਨ। ਇੱਕ ਪਾਸੇ ਲੋਕ ਇਸ ਵਾਇਰਸ ਤੋਂ ਦੁਖੀ ਹੋ ਰਹੇ ਹਨ ਦੂਜੇ ਪਾਸੇ ਕੁੱਝ ਰਾਜਨੀਤਿਕ ਆਗੂਆਂ ਵਲੋਂ ਭੀੜ ਇਕੱਠੀ ਕਰਨਾ ਲੋਕਾਂ ਨੂੰ ਕੀ ਸੁਨੇਹਾ ਦੇ ਰਹੇ ਹਨ। ਦੇਸ਼ ਵਿੱਚ ਉਪਲੱਭਦ ਨਿਗੂਣੀਆਂ ਸਿਹਤ ਸਹੂਲਤਾਂ ਨੂੰ ਵੇਖਦੇ ਹੋਏ ਸਰਕਾਰ ਨੂੰ ਇਸ ਕੋਰੋਨਾ ਵਾਇਰਸ ਤੋਂ ਦੇਸ਼ ਵਾਸੀਆਂ ਨੂੰ ਬਚਾਉਣ ਲਈ ਠੋਸ ਪ੍ਰਬੰਧ ਕਰਨੇ ਚਾਹੀਦੇ ਹਨ ਅਤੇ ਸਰਕਾਰ ਦੇ ਹੁਕਮਾਂ ਨੂੰ ਲਾਗੂ ਨਾਂ ਕਰਨ ਵਾਲੇ ਅਧਿਕਾਰੀਆਂ ਅਤੇ ਇਨ੍ਹਾਂ ਦੀ ਉਲਘੰਣਾਂ ਕਰਨ ਵਾਲੇ ਵਿਅੱਕਤੀਆਂ ਅਤੇਰਾਜਨੇਤਾਵਾਂ ਵਿਰੁੱਧ ਠੋਸ ਕਨੂੰਨੀ ਕਾਰਵਾਈ ਕਰਨੀ ਚਾਹੀਦੀ ਹੈ।

# ਕਰੋਨਾ ਮਹਾਂਮਾਰੀ ਅਤੇ ਗੁਆਚ ਰਹੇ ਵਿਦਿਆਰਥੀ ਸੁਪਨੇ



ਕੁਲਵੀਰ ਸਿੰਘ
91-94179-35101

ਕਰੋਨਾ ਮਹਾਂਮਾਰੀ ਕਾਰਨ ਮਾਰਚ 2020 ਵਿੱਚ ਕੀਤੇ ਗਏ ਦੇਸ਼ ਭਰ ਦੇ ਲਾਕਡਾਊਨ ਨੇ ਜਿੱਥੇ ਦੇਸ਼ ਦੀ ਆਰਥਿਕ ਅਤੇ ਸਮਾਜਿਕ ਹਾਲਤ ਨੂੰ ਤਹਿਸ ਨਹਿਸ ਕਰਕੇ ਰੱਖ ਦਿੱਤਾ ਉੱਥੇ ਹੀ ਇਸਦਾ ਵਿਦਿਆਰਥੀ ਜੀਵਨ ਦੇ ਉੱਪਰ ਡੂੰਘਾਂ ਅਸਰ ਪਿਆ ਹੈ।  ਵਿਦਿਆਰਥੀ ਜੀਵਨ ਵਿੱਚ ਯੂਨੀਵਰਸਿਟੀ, ਕਾਲਜਾਂ ਦੌਰਾਨ ਗੁਜ਼ਾਰੇ ਸਾਲਾਂ ਦੇ ਦੌਰਾਨ ਵਿਦਿਆਥੀ ਸਮਾਜ ਅਤੇ ਅਗਲੇਰੇ ਜੀਵਨ ਨੂੰ ਸਮਝਣ ਵਿੱਚ ਜੋ ਸਿੱਖਿਆ ਪ੍ਰਾਪਤ ਕਰਦੇ ਹਨ ਉਸਨੂੰ ਇਹਨਾਂ ਦੋ ਸਾਲਾ ਦੌਰਾਨ ਦਾਖਲ ਹੋਏ ਵਿਦਿਆਰਥੀ ਸ਼ਾਇਦ ਪ੍ਰਾਪਤ ਨਾ ਕਰ ਸਕਣ 2020-21 ਸੈਸ਼ਨ ਦੌਰਾਨ ਪਹਿਲੇ ਸਾਲਾਂ ਵਿੱਚ ਦਾਖਲ ਹੋਏ ਵਿਦਿਆਰਥੀਆਂ ਨੂੰ ਕਾਲਜ ਅਤੇ ਯੂਨੀਵਰਸਿਟੀ ਦੇ ਵਿੱਚ ਕਲਾਸ ਲਗਾਉਣ ਦਾ ਮੌਕਾ ਹੀ ਨਹੀਂ ਮਿਲਿਆ ਜੋ ਸਿੱਖਿਆ ਉਹਨਾਂ ਆਪਣੇ ਅਧਿਆਪਕਾਂ ਤੋਂ ਪ੍ਰਾਪਤ ਕਰਨੀ ਸੀ ਉਸਦੀ ਬਜਾਏ ਉਹਨਾਂ ਦਾ ਸਾਰਾ ਸਮਾਂ ਆਨਲਾਈਨ ਸਿੱਖਿਆ ਪ੍ਰਾਪਤ ਕਰਨ ਵਿੱਚ ਚਲਾ ਗਿਆ। ਹਰ ਮਨੁੱਖ ਆਪਣੀ ਜਿੰਦਗੀ ਦੇ ਕਾਲਜ ਅਤੇ ਯੂਨੀਵਰਸਿਟੀ ਦੇ ਵਿੱਚ ਗੁਜ਼ਾਰੇ ਸਾਲਾਂ ਨੂੰ ਹਮੇਸ਼ਾ ਯਾਦ ਰੱਖਦਾ ਹੈ ਅਤੇ ਇਸ ਪੜਾਅ ਦੇ ਉੱਪਰ ਬਣਾਏ ਗਏ ਦੋਸਤ ਅਤੇ ਪਾਈਆਂ ਗਈਆਂ ਸਾਝਾਂ ਸਦੀਵੀ ਹੋ ਨਿੱਬੜਦੀਆਂ ਹਨ। ਪਰ ਉਹ ਵਿਦਿਆਰਥੀ ਜਿਹਨਾਂ ਦੀ ਇਹ ਪੜਾਈ ਘਰ ਬੈਠੇ ਹੀ ਹੋ ਜਾਣੀ ਹੈ ਅਤੇ ਕੁਝ ਕੋਰਸ ਬਿਨਾਂ ਇਮਤਿਹਾਨ ਪਾਸ ਕੀਤੇ ਹੋ ਜਾਣਗੇ ਇਹ ਜਿੱਥੇ ਇੱਕ ਪਾਸੇ ਸਖਤ ਮਿਹਨਤ ਕਰਨ ਵਾਲੇ ਵਿਦਿਆਰਥੀਆਂ ਦੇ ਮਨੋਬਲ ਨੂੰ ਗੇਰਦੀ ਹੈ ਉੱਥੇ ਹੀ ਸਮਾਜ ਵਿੱਚ ਇਹੋ ਜਿਹੇ ਪੜ੍ਹੇ ਲਿਖੇ ਬੇਰੁਜ਼ਗਾਰਾਂ ਦੀ ਫੌਜ਼ ਖੜੀ ਕਰੇਗੀ ਜਿਹਨਾਂ ਨੂੰ ਵਿਸ਼ੇ ਦੀ ਜਾਣਕਾਰੀ ਬਿਲਕੁਲ ਨਹੀਂ ਹੋਵੇਗੀ।ਬਹੁਤ ਸਾਰੇ ਨੌਜਵਾਨ ਆਪਣੀ ਕਾਲਜ ਅਤੇ ਯੂਨੀਵਰਸਿਟੀ ਦੀ ਪੜ੍ਹਾਈ ਪੂਰੀ ਕਰਕੇ ਨੌਕਰੀ ਦੀ ਤਲਾਸ਼ ਵਿੱਚ ਕੋਚਿੰਗ ਸੈਂਟਰਾ ਵਿੱਚ ਤਿਆਰੀ ਕਰਦੇ ਹਨ ਅਤੇ ਕੁਝ ਆਈ.ਏ.ਐੱਸ, ਪੀ.ਸੀ.ਐੱਸ. ਐੱਸ.ਐੱਸ.ਸੀ. ਅਤੇ ਹੋਰ ਵੱਖ-2 ਤਰਾਂ ਦੇ ਇਮਤਿਹਾਨਾਂ ਦੀ ਤਿਆਰੀ ਕਰਦੇ ਹਨ ਪਰ ਇਸ ਸਮੇਂ ਦੌਰਾਨ ਨਾਂ ਤਾ ਕੋਚਿੰਗ ਸੈਂਟਰ ਚੱਲ ਰਹੇ ਹਨ ਅਤੇ ਨਾਂ ਹੀ ਲਾਇਬ੍ਰੇਰੀਆਂ ਖੁੱਲੀਆਂ ਹਨ ਜਿੱਥੇ ਕਿ ਬੈਠ ਕੇ ਉਹ ਆਪਣੇ ਇਮਤਿਹਾਨਾਂ ਦੀ ਤਿਆਰੀ ਕਰਦੇ ਹਨ। ਵੱਖ-ਵੱਖ ਤਰਾਂ ਦੀਆਂ ਕਿਤਾਬਾਂ ਅਤੇ ਮੈਗਜ਼ੀਨ ਜੋ ਕਿ ਉਹਨਾਂ ਨੂੰ ਲਾਇਬ੍ਰੇਰੀ ਦੇ ਵਿੱਚ ਪੜਨ ਲਈ ਮਿਲ ਜਾਂਦੇ ਹਨ ਉਹਨਾਂ ਨੂੰ ਘਰ ਵਿੱਚ ਖਰੀਦ ਕੇ ਪੜ੍ਹਨ ਲਈ ਵਿਦਿਆਰਥੀਆਂ ਉੱਪਰ ਇਸਦਾ ਬਹੁਤ ਸਾਰਾ ਆਰਥਿਕ ਬੋਝ ਵੀ ਪਵੇਗਾ ਅਤੇ ਘਰ ਵਿੱਚ ਲਾਇਬ੍ਰੇਰੀ ਵਿੱਚ ਪੜਨ ਜਿਹੇ ਮਾਹੌਲ ਨੂੰ ਬਣਾਉਣਾ ਵੀ ਅਸੰਭਵ ਹੈ ।

ਕਰੋਨਾ ਦੇ ਚਲਦਿਆਂ ਵੱਖ-ਵੱਖ ਨੌਕਰੀਆਂ ਲਈ ਕੱਢੇ ਗਏ ਇਮਤਿਹਾਨ ਮੁਲਤਵੀ ਕਰ ਦਿੱਤੇ ਗਏ ਹਨ ਜਾਂ ਅੱਗੇ ਪਾ ਦਿੱਤੇ ਗਏ ਹਨ । ਇਸ ਸਮੇਂ ਦੌਰਾਨ ਬਹੁਤ ਸਾਰੇ ਨੌਜ਼ਵਾਨ ਨੌਕਰੀ ਲਈ ਆਪਣੀ ਉਮਰ ਦੀ ਹੱਦ ਪੂਰੀ ਕਰ ਚੁੱਕੇ ਹੋਣਗੇ



।ਬਹੁਤ ਸਾਰੇ ਵਿਦਿਆਰਥੀਆਂ ਲਈ ਸਕਾਰਲਸ਼ਿਪ ਅਜਿਹਾ ਵਰਦਾਨ ਹੈ ਜਿਸ ਨਾਲ ਨਾ ਸਿਰਫ ਉਹ ਆਪਣੀ ਪੜ੍ਹਾਈ ਪੂਰੀ ਕਰਦੇ ਹਨ ਬਲਕਿ ਇੱਕ ਸਨਮਾਨ ਭਰਿਆ ਸਥਾਨ ਸਮਾਜ ਵਿੱਚ ਪ੍ਰਾਪਤ ਕਰਦੇ ਹਨ ਜੇ.ਆਰ.ਐੱਫ., ਐੱਨ.ਟੀ.ਐੱਸ.ਈ., ਐੱਨ.ਐੱਮ.ਐੱਸ. ਵਰਗੀਆਂ ਹੋਰ ਬਹੁਤ ਸਾਰੀਆਂ ਸਕਾਲਰਸ਼ਿਪਸ ਦੇ ਪੇਪਰ ਦੋ ਸਾਲਾਂ ਵਿੱਚ ਨਹੀਂ ਹੋ ਸਕੇ।

ਇਸ ਮਹਾਂਮਾਰੀ ਦੌਰਾਨ ਸਕੂ.ਲੀ ਸਿੱਖਿਆ ਪੂਰੀ ਤਰਾਂ ਤਹਿਸ ਨਹਿਸ ਹੋ ਗਈ ਹੈ। ਛੋਟੇ ਵਿਦਿਆਰਥੀ ਜਿਹਨਾਂ ਦੁਆਰਾ ਸਕੂਲਾ ਵਿੱਚ ਜਾਕੇ ਆਪਣੇ ਵਿਦਿਆਰਥੀ ਜੀਵਨ ਦੀ ਸ਼ੁਰੂਆਤ ਕੀਤੀ ਜਾਣੀ ਸੀ ਸਿੱਖਿਆ ਦੇ ਨਾਮ ਉੱਪਰ ਉਹਨਾਂ ਦੇ ਹੱਥਾਂ ਵਿੱਚ ਮੋਬਾਈਲ ਆ ਗਏ ਹਨ ਜੋ ਉਹਨਾਂ ਦੀ ਨਾ ਸਰੀਰਕ ਸਿਹਤ ਲਈ ਚੰਗੇ ਹਨ ਅਤੇ ਨਾ ਹੀ ਮਾਨਸਿਕ ਸਿਹਤ ਲਈ। ਸਕੂਲਾਂ ਵਿੱਚ ਜਾ ਕੇ ਉਹਨਾਂ ਨੇ ਅਜੇ ਦੋਸਤਾਂ ਨਾਲ ਵਿਚਰਣਾ ਅਤੇ ਸਕੂਲੀ ਜੀਵਨ ਦੀ ਸ਼ੁਰੂਆਤ ਹੀ ਕਰਨੀ ਸੀ ਉਹਨਾਂ ਲਈ ਸਕੂਲਾਂ ਦੇ ਖੁੱਲਣ ਬਾਰੇ ਅਜੇ ਸੋਚਿਆ ਵੀ ਨਹੀਂ ਜਾ ਸਕਦਾ ਕਿਉਕਿ ਇਸ ਬਿਮਾਰੀ ਦੇ ਰੂਪ ਜਿੱਥੇ ਲਗਾਤਾਰ ਬਦਲ ਰਹੇ ਹਨ ਅਤੇ ਕੀਤੀ ਜਾ ਰਹੀ

ਵੈਕਸੀਨੇਸ਼ਨ ਛੋਟੇ ਬੱਚਿਆਂ ਲਈ ਸ਼ੁਰੂ ਵੀ ਨਹੀਂ ਕੀਤੀ ਗਈ। ਦਸਵੀਂ ਅਤੇ ਬਾਰਵੀਂ ਜਮਾਤਾਂ ਦੇ ਵਿਦਿਆਰਥੀ ਬਿਨਾਂ ਇਮਤਿਹਾਨਾਂ ਤੋ ਆਪਣੀਆਂ ਜਮਾਤਾਂ ਪਾਸ ਕਰ ਚੁੱਕੇ ਹਨ । ਇਸ ਸ਼ੈਸ਼ਨ ਵਿੱਚ ਵੀ ਵਿਦਿਆਰਥੀ ਆਪਣੀ ਸਿੱਖਿਆ ਆਨਲਾਈਨ ਪ੍ਰਾਪਤ ਕਰ ਰਹੇ ਹਨ । ਪਰ ਸਮਾਜ ਦੇ ਉਸ ਵਰਗ ਲਈ ਇਹ ਇੱਕ ਮੁਸੀਬਤ ਬਣ ਗਿਆ ਹੈ ਜੋ ਆਪਣੇ ਬੱਚਿਆਂ ਲਈ ਸਮਾਰਟ ਮੋਬਾਈਲ ਖਰੀਦਣ ਦੀ ਸਮਰੱਥਾ ਨਹੀਂ ਰੱਖਦੇ ਜੇਕਰ ਉਸ ਪਰਿਵਾਰ ਦੋ ਜਾਂ ਤਿੰਨ ਬੱਚੇ ਹੋਣ ਤਾਂ ਉਹਨਾਂ ਲਈ ਇਹ ਸਮੱਸਿਆ ਹੋਰ ਵੀ ਗੰਭੀਰ ਬਣ ਜਾਂਦੀ ਹੈ। ਪ੍ਰਾਈਵੇਟ ਸਕੂਲ ਜੋ ਇਸ ਸਮੇਂ ਬੰਦ ਪਏ ਹਨ ਉਹਨਾਂ ਸਕੂਲਾਂ ਦੀਆਂ ਮਹਿੰਗੀਆਂ ਫੀਸਾਂ ਭਰਨੀਆਂ  ਮਾਪਿਆਂ ਲਈ ਇੱਕ ਸਿਰਦਰਦੀ ਬਣ ਗਈਆਂ ਹਨ ਦੂਸਰੇ ਪੱਖ ਤੋਂ ਪ੍ਰਾਈਵੇਟ ਸਕੂਲਾਂ ਦੇ ਅਧਿਆਪਕ ਜੋ ਪਹਿਲਾਂ ਹੀ ਨਿਗੂਣੀਆਂ ਤਨਖਾਹਾਂ ਤੇ ਕੰਮ ਕਰ ਰਹੇ ਹਨ ਇਸ ਸਮੇਂ ਦੌਰਾਨ ਉਹਨਾਂ ਲਈ ਆਪਣੇ ਪਰਿਵਾਰਾਂ ਦਾ ਖਰਚਾ ਚਲਾਉਣਾ ਵੀ ਔਖਾ ਹੋ ਰਿਹਾ ਹੈ।

ਆਨਲਾਈਨ ਸਿੱਖਿਆ ਕਾਰਨ ਵਿਦਿਆਰਥੀਆਂ ਵਿੱਚ ਸਿਰਦਰਦ, ਪਿੱਠ ਦਰਦ ਅਤੇ ਸਰਵਾਈਕਲ ਵਰਗੀਆਂ ਬਿਮਾਰੀਆਂ ਸਰੀਰਕ ਤੌਰ ਤੇ ਉਹਨਾਂ ਨੂੰ ਕਮਜ਼ੋਰ ਕਰ ਰਹੀਆਂ ਹਨ ਅਤੇ ਉਹ ਮਾਨਸਿਕ ਤੌਰ ਤੇ ਵੀ ਕਮਜ਼ੋਰ ਹੁੰਦੇ ਜਾ ਰਹੇ ਹਨ । ਆਪਣੇ ਸਕੂਲਾਂ ਅਤੇ ਕਾਲਜਾਂ ਵਿੱਚੋ ਦੋਸਤੀ, ਸਹਿਣਸ਼ੀਲਤਾ, ਆਪਸੀ ਮਿਲਵਰਤਨ, ਸਹਿਜਤਾ ਦੇ ਜੋ ਗੁਣ ਸਮਾਜ ਵਿੱਚੋਂ ਪ੍ਰਾਪਤ ਕਰਨੇ ਸਨ ਉਹਨਾਂ ਨੂੰ ਪ੍ਰਾਪਤ ਕਰਨ ਲਈ ਕਿੰਨਾ ਸਮਾਂ ਹੋਰ ਇੰਤਜ਼ਾਰ ਕਰਨਾ ਪਵੇਗਾ ਇਸ ਬਾਰੇ ਅਜੇ ਕੁਝ ਕਹਿਣਾ ਮੁਸ਼ਕਿਲ ਜਾਪਦਾ ਹੈ।

ਖੇਡਾਂ ਦਾ ਵਿਦਿਆਰਥੀ ਜੀਵਨ ਅਤੇ ਇਨਸਾਨੀ ਜੀਵਨ ਵਿੱਚ ਵੱਡਾ ਯੋਗਦਾਨ ਹੁੰਦਾ ਹੈ। ਸਿੱਖਿਆਂ ਤੋ ਇਲਾਵਾ ਇਸ ਮਹਾਂਮਾਰੀ ਦੌਰਾਨ ਸਭ ਤੋਂ ਵੱਧ ਨੁਕਸਾਨ ਖਿਡਾਰੀ ਵਿਦਿਆਰਥੀਆਂ ਦਾ ਖੇਡਾਂ ਨਾ ਹੋਣ ਕਾਰਨ ਹੋਇਆ ਹੈ।ਇਸ ਸਮੇਂ ਦੌਰਾਨ ਕਿਸੇ ਵੀ ਪੱਧਰ ਓੁਪਰ ਹੋਣ ਵਾਲੀਆਂ ਖੇਡਾ ਬਾਰੇ ਸੋਚਿਆ ਨਹੀਂ ਜਾ ਸਕਦਾ।

ਖੇਡਾਂ ਦੇ ਵਿਕਾਸ ਲਈ ਹਰ ਖਿਡਾਰੀ ਵਿਦਿਆਰਥੀ ਜੀਵਨ ਤੋਂ ਸ਼ੁਰੂਆਤ ਕਰਦਾ ਹੈ ਅਤੇ ਇਸ ਸਮੇਂ ਦੌਰਾਨ ਸਕੂਲ ਪੱਧਰ ਤੋਂ ਲੈਕੇ ਨੈਸ਼ਨਲ ਪੱਧਰ ਤੱਕ ਵਿਦਿਆਰਥੀ ਭਾਗ ਲੈਂਦੇ ਹਨ । ਜਿਹਨਾਂ ਵਿਦਿਆਰਥੀਆਂ ਨੂੰ ਸਕੂਲ ਪੱਧਰ ਓੁਪਰ ਨਿਖਾਰਿਆ ਜਾਣਾ ਸੀ ਉਹਨਾਂ ਲਈ ਇਹ ਸਮਾਂ ਘਰ ਬੈਠ ਕੇ ਮੋਬਾਈਲ ਓੁਪਰ ਖੇਡੀਆਂ ਜਾਣ ਵਾਲੀਆਂ ਗੇਮਾਂ ਦੇ ਵਿੱਚ ਬੇਕਾਰ ਜਾ ਰਿਹਾ ਹੈ ਜੋ ਕਿ ਵਿਦਿਆਰਥੀਆਂ ਨੂੰ ਮਾਨਸਿਕ ਰੋਗੀ ਬਣਾ ਰਹੀਆਂ ਹਨ । ਉਮੀਦ ਕਰਦੇ ਹਾਂ ਕਿ ਇਹ ਸਮਾਂ ਜਲਦੀ ਖਤਮ ਹੋਵੇਗਾ ਅਤੇ ਸਾਡੀਆਂ ਸਿੱਖਿਆਂ ਸੰਸਥਾਵਾ ਵਿੱਚ ਵਿਦਿਆਰਥੀਆਂ ਦੀ ਰੌਣਕ ਦੁਬਾਰਾ ਪਰਤੇਗੀ ਜਿਥੋਂ ਸਿੱਖਿਆ ਪ੍ਰਪਾਤ ਕਰਕੇ ਵਿਦਿਆਰਥੀ ਆਪਣੀ ਜ਼ਿੰਦਗੀ ਨੂੰ ਸਫਲਤਾ ਵੱਲ ਲੈਕੇ ਜਾਣਗੇ।

# ਬਾਬਾ ਸਾਹਿਬ ਡਾ: ਅੰਬੇਡਕਰ ਦਾ ਮੁਸਲਿਮ ਅਤੇ ਪਾਕਿਸਤਾਨ ਵੰਡ ਤੇ ਨਜ਼ਰੀਆ



ਕੁਸ਼ਲ ਕੁਮਾਰ
91-97807-78062

ਬਾਬਾ ਸਾਹਿਬ ਡਾ: ਅੰਬੇਡਕਰ ਵਲੋਂ ਮੁਸਲਿਮ ਅਤੇ ਪਾਕਿਸਤਾਨ ਅਤੇ ਭਾਰਤ ਦੀ ਵੰਡ ਨਾਮਕ ਇਕ ਕਿਤਾਬਚਾ ਇਤਿਹਾਸਕ ਪੱਖੋਂ ਨਿਵੇਕਲਾ ਦ੍ਰਿਸ਼ਟੀਕੋਣ ਪੇਸ਼ ਕਰਦਾ ਹੈ। ਜਿਸ ਦੀ ਉਸ ਵੇਲੇ ਦੇ ਇਤਿਹਾਸਕਾਰਾਂ ਵਲੋਂ ਕੋਈ ਵੀ ਟੀਕਾ ਟਿੱਪਣੀ ਅਤੇ ਅਲੋਚਨਾ ਨਹੀਂ ਕੀਤੀ ਗਈ।

ਅੱਜ ਕੱਲ ਸੰਘ ਪਰਿਵਾਰ ਵਲੋਂ ਬਾਬਾ ਸਾਹਿਬ ਨੂੰ ਮੁਸਲਿਮ ਵਿਰੋਧੀ ਅਤੇ ਹਿੰਦੂ ਹਿਤੈਸ਼ੀ ਗਰਦਾਨਿਆ ਜਾ ਰਿਹਾ ਹੈ। ਇਹ ਲਗਭਗ 30 ਸਾਲ ਤੋਂ ਅਜਿਹਾ ਕੀਤਾ ਜਾ ਰਿਹਾ ਹੈ। ਕਿਉਂਕਿ ਸੰਘ ਦੇ ਕਾਰਕੁੰਨਾ ਜਿਹਨਾਂ ਵਿਚ ਅਰੁਣ ਸ਼ੋਰੀ ਅਤੇ ਵਿਨੈ ਕਟਿਆਰ ਵਲੋਂ ਡਾ: ਅੰਬੇਡਕਰ ਦੀ ਅਲੋਚਨਾ ਕੀਤੀ ਜਾ ਰਹੀ ਹੈ . ਪਰ ਜਦ ਬਹੁਜਨ ਸਮਾਜ ਦੇ ਲੋਕਾਂ ਤੱਕ ਇਹ ਸਭ ਕੁਝ ਪਹੁੰਚਿਆ ਤਾਂ ਸੰਘ ਨੂੰ ਹਿੰਦੂ ਦੇ ਨਾਂਅ ਤੇ ਤਿਆਰ ਕੀਤੀ ਵੋਟ ਬੈਂਕ ਖੁੱਸਣ ਦੀ ਚਿੰਤਾ ਸਤਾਉਣ ਲੱਗ ਪਈ . ਫਿਰ ਕੀ ਸੀ? ਡਾ: ਅੰਬੇਡਕਰ ਨੂੰ ਹਿੰਦੂ ਹਿਤੈਸ਼ੀ, ਪ੍ਰਤਾ: ਸਮਰਨੀਏ, ਮੁਸਲਿਮ ਵਿਰੋਧੀ, ਸਭਿਆਚਾਰਕ ਰਾਸ਼ਟਰਵਾਦੀ, ਭਾਵ ਭਗਵੇ ਰੰਗਤ ਵਿਚ ਰੰਗਣਾ ਸ਼ੁਰੂ ਕਰ ਦਿੱਤਾ ਗਿਆ . ਜਿਸਦੇ ਇਵਜ਼ ਵਿਚ ਸੰਘ ਪਰਿਵਾਰ ਵਲੋਂ ਬਾਬਾ ਸਾਹਿਬ ਡਾ: ਅੰਬੇਡਕਰ ਦੇ ਨਾਮ ਤੇ ਵਿਚਾਰ ਗੋਸ਼ਠੀਆਂ ਕਾਰਜਕ੍ਰਮ, ਰਸਾਲੇ, ਪੰਜ ਜਨਯ ਵਿਚ 125ਵੀਂ ਜਨਮ ਜਯੰਤੀ ਸਮਰਪਿਤ ਪ੍ਰੋਗਰਾਮ, ਏ.ਬੀ.ਵੀ.ਪੀ. ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਵਲੋਂ ਪ੍ਰੋਗਰਾਮ ਕੀਤੇ ਗਏ . ਜਿਸਦਾ ਉਦੇਸ਼ ਸਿਰਫ਼ ਤਾਂ ਸਿਰਫ਼ ਇਹੀ ਦਰਸਾਉਣਾ ਸੀ ਕਿ ਬਾਬਾ ਸਾਹਿਬ ਡਾ: ਅੰਬੇਡਕਰ ਵਲੋਂ, ਮੁਸਲਿਮ ਅਤੇ ਈਸਾਈ ਧਰਮ ਨਾ ਅਪਣਾ ਕੇ ਬੁੱਧ ਧਰਮ ਅਪਣਾ ਕੇ ਹਿੰਦੂਮਤ ਦਾ ਹਿਤੈਸ਼ੀ ਹੋਣਾ ਹੈ. ਪਰ ਬਾਬਾ ਸਾਹਿਬ ਡਾ: ਅੰਬੇਡਕਰ ਨੇ ਬੁੱਧ ਮਤ ਨੂੰ ਇਸ ਲਈ ਅਪਣਾਇਆ ਕਿਉਂਕਿ ਇਹ ਬ੍ਰਾਹਮਣਵਾਦ ਵਿਰੋਧੀ ਹੈ, ਈਸ਼ਵਰ ਦੀ ਹੋਂਦ ਨਕਾਰਦਾ ਹੈ, ਵਿਗਿਆਨਿਕ ਹੈ, ਮਾਨਵਤਾਵਾਦੀ, ਬਰਾਬਰਤਾ ਭਾਈਚਾਰਾ ਅਤੇ ਸਮਾਜਿਕ ਨਿਆਂ ਦਾ ਧਾਰਨੀ ਹੈ। ਪਰ ਮੂਲ ਨਿਵਾਸੀ ਬਹੁਜਨ ਸਮਾਜ ਬਹੁਤਾਤ ਵਿਚ ਘੱਟ ਪੜ੍ਹਿਆ, ਬੁੱਧੀਜੀਵੀਆਂ ਦੀ ਘਾਟ ਅਤੇ ਸੈਂਕੜੇ ਧਾਰਮਿਕ ਅਤੇ ਸਮਾਜਿਕ ਸੰਗਠਨਾਂ 'ਚ ਵੰਡਿਆ ਹੋਇਆ ਹੈ। ਜਿਸ ਕਰਕੇ ਬਾਬਾ ਸਾਹਿਬ ਦੇ ਵਿਚਾਰ ਉਨ੍ਹਾਂ ਦੀ ਪਕੜ ਵਿਚੋਂ ਬਾਹਰ ਹਨ। ਸੰਘ ਪਰਿਵਾਰ ਵਲੋਂ ਆਪਣਾ ਏਜੰਡਾ ਹੈ ਜੋ ਵੇਦਾਂ, ਸਮ੍ਰਿਤੀਆਂ ਤੇ ਆਧਾਰਿਤ ਹੈ ਅਤੇ ਉਹ ਭਾਰਤੀ ਲੋਕਤੰਤਰ, ਭਾਰਤੀ ਸੰਵਿਧਾਨ ਅਤੇ ਸੰਘੀ ਢਾਂਚੇ ਨੂੰ ਆਪਣੇ ਏਜੰਡੇ ਮੁਤਾਬਿਕ ਬਦਲਣਾ ਚਾਹੁੰਦੇ ਹਨ. ਕਿਉਂਕਿ ਭਾਰਤੀ ਸੰਵਿਧਾਨ ਬ੍ਰਾਹਮਣੀ ਵਿਵਸਥਾ ਦੀ ਵਰਣ ਅਤੇ ਜਾਤੀ ਉਚਤਾਂ ਨੂੰ ਖ਼ਤਮ ਕਰਦਾ ਹੈ. ਇਸ ਦੀ ਥਾਂ ਹਰੇਕ ਭਾਰਤੀ ਨਾਗਰਿਕ ਨੂੰ ਬਿਨਾ ਲਿੰਗ, ਨਸਲ, ਜਨਮ, ਜਾਤੀ ਆਦਿ ਭੇਦ ਤੋਂ ਸਾਰਿਆ ਨੂੰ ਬਰਾਬਰ ਸਮਝਦਾ ਹੈ। ਦੂਸਰਾ ਬਹੁਜਨਾ, ਮਜ਼ਦੂਰਾਂ, ਕਾਮਿਆਂ ਨੂੰ ਜਾਗਰੂਕ ਕਰਨਾ ਕਿ ਉਨ੍ਹਾਂ ਦਾ ਉਜਲਾ ਭਵਿੱਖ ਲੋਕਤੰਤਰ ਦੀ ਮਜ਼ਬੂਤੀ 'ਚ ਹੀ ਸੁਰੱਖਿਅਤ ਰਹਿ ਸਕਦਾ ਹੈ. ਇਸ ਲਈ ਬਾਬਾ ਸਾਹਿਬ ਨੇ ਲੋਕ ਰਾਜ ਦੇ ਸੰਕਲਪ ਨੂੰ ਵਿਸਥਾਰ ਵੀ ਦਿੱਤਾ ਤੇ ਸਾਹਿਤ ਨੂੰ ਵੀ ਅਮੀਰ ਬਣਾਇਆ। ਡਾ: ਅੰਬੇਡਕਰ ਦੀ ਵਿਚਾਰਧਾਰਾ ਉਹ ਵਿਚਾਰਧਾਰਾ ਹੈ, ਜਿਸ ਨੇ ਇਸ ਧਰਤੀ ਤੇ ਸਮੱਸਿਆਵਾਂ ਦਾ ਦੁੱਖ ਦਾ ਦੁੱਖ ਭੋਗਿਆ ਅਤੇ ਵਿਸ਼ਵ ਪੱਧਰ ਦੇ ਨਜ਼ਰੀਏ ਨਾਲ ਭਾਰਤ ਅੰਦਰ ਜਾਤੀ, ਲਿੰਗ, ਨਸਲ ਅਤੇ ਜਨਮ ਦੀ ਸ੍ਰੇਸ਼ਟਤਾ ਸਮੱਸਿਆ ਦਾ ਨਿਪਟਾਰਾ ਕਰਨ ਦੀ ਕੋਸਿਸ਼ ਕੀਤੀ। ਇਸ ਲਈ ਡਾ: ਅੰਬੇਡਕਰ ਦੀ ਵਿਚਾਰਧਾਰਾ ਦਾ ਨਿਰੰਤਰ ਪ੍ਰਚਾਰ ਪ੍ਰਸਾਰ ਕਰਨ ਲਈ ਬਹੁਜਨ ਮੂਵਮੈਂਟ ਵਿਚ ਬੋਧ ਭਿਖਸ਼ੂਆਂ ਦੀ ਤਰ੍ਹਾਂ ਪ੍ਰਚਾਰਕ ਪੈਦਾ ਕਰਨੇ ਪੈਣਗੇ ਅਤੇ ਗਲੀ-ਗਲੀ ਕੂਚੇ-ਕੂਚੇ, ਫੂਲੇ, ਸ਼ਾਹੂ, ਅੰਬੇਡਕਰ ਵਿਚਾਰਧਾਰਾ ਦਾ ਪ੍ਰਚਾਰ ਕਰਨਾ ਪਵੇਗਾ। ਸੰਘ ਪਰਿਵਾਰ ਬਾਬਾ ਸਾਹਿਬ ਨੂੰ ਮੁਸਲਿਮ ਵਿਰੋਧੀ ਪੇਸ਼ ਕਰਨ ਵਿਚ ਯਥਾ ਸ਼ਕਤੀ ਲਗਾ ਰਿਹਾ ਹੈ। ਸਵਾਲ ਇਹ ਉੱਠਦਾ ਹੈ ਕਿ ਡਾ: ਅੰਬੇਡਕਰ ਮੁਸਲਿਮ ਵਿਰੋਧੀ ਸਨ? ਤਾਂ ਇਸ ਦਾ ਜਵਾਬ ਹੈ ਉਨ੍ਹਾਂ ਦੀ ਆਪਣੀ ਲਿਖਤ 'ਪਾਕਿਸਤਾਨ ਅਤੇ ਭਾਰਤ ਦੀ ਵੰਡ' ਔਖਆਈਆਂ ਦੇ ਬਾਵਜੂਦ, ਕੋਈ ਵੀ ਉਹਨਾਂ ਦੀ ਲਿਖਤਾਂ ਦੇ ਭੰਡਾਰ 'ਚੋਂ ਇਕ ਵੀ ਵਾਕ ਅਜਿਹਾ ਨਹੀਂ ਚੁੱਕ ਸਕਿਆ ਜੋ ਇਹ ਸੰਕੇਤ ਕਰਦਾ ਹੋਵੇ ਕਿ ਬਾਬਾ ਸਾਹਿਬ ਮੁਸਲਮਾਨ ਵਿਰੋਧੀ ਸਨ। ਬਸ਼ਰਤੇ ਕਿ ਉਹ ਵਿਨੈ ਕਟਿਆਰ ਅਤੇ ਅਰੁਣ ਸ਼ੋਰੀ ਦੀ ਤਰ੍ਹਾਂ ਖੋਟੀ ਨੀਅਤ ਤੋਂ ਪ੍ਰੇਰਿਤ ਨਾ ਹੋਵੇ. ਬ੍ਰਿਸ਼ਿ ਸ਼ਾਸਨ ਕਾਲ ਦੌਰਾਨ ਜਦ ਭਾਰਤ 'ਚ ਭਾਰਤੀਆਂ ਦੇ ਹਿੱਸੇਦਾਰੀ ਦੀ ਗੱਲ ਆਈ ਤਾਂ ਹਿੰਦੂ ਤੇ ਮੁਸਲਮਾਨ ਦੋਨੋਂ ਹੀ ਮੁਕਾਬਲੇ 'ਚ ਸਨ. ਦੋਨਾਂ ਵਿਚ ਸੱਤਾਧਾਰੀ ਜਮਾਤ ਬਣਨ ਦੀਆਂ ਖ਼ਾਹਿਸ਼ਾਂ ਸਨ। ਰਾਜਨੀਤੀ ਖੇਤਰ ਵਿਚ ਡਾ: ਅੰਬੇਡਕਰ ਦੇ ਉਥਾਨ ਪ੍ਰਤੀ ਹਿੰਦੂਆਂ ਨੂੰ ਰੰਜ ਹੋਇਆ. ਜਿਨ੍ਹਾਂ ਦੀ ਨੁਮਾਇੰਦਗੀ ਗਾਂਧੀ ਕਰਦਾ ਸੀ।



ਜਦੋਂ ਸੱਤਾ ਦੀ ਤਬਦੀਲੀ ਲਈ ਅਸਲ ਸਮਾਂ ਆਇਆ ਤਾਂ ਡਾ: ਅੰਬੇਡਕਰ ਆਪਣੇ ਆਪ ਨੂੰ ਪੂਰੀ ਤਰ੍ਹਾਂ ਮਨਫ਼ੀ ਕੀਤਾ ਹੋਇਆ ਮਹਿਸੂਸ ਕਰਦੇ ਸਨ . ਉਹ ਇਕ ਤਰ੍ਹਾਂ ਨਾਲ ਰਾਜਨੀਤਿਕ ਅਧਰੰਗ ਨਾਲ ਘੁਲ ਰਹੇ ਸਨ . ਉਹਨਾਂ ਦੀ ਜਿੰਦਗੀ ਭਰ ਦੇ ਯਤਨ ਸਿਫਰ ਜਾਪੇ . ਉਹ ਵਿਧਾਨ ਮੰਡਲ ਅਤੇ ਕਾਰਜਪਾਲਕਾ ਵਿਚ ਅਨੁਸੂਚਿਤ ਜਾਤੀਆਂ ਅਤੇ ਜਨਜਾਤੀਆਂ ਦੀ ਨੁਮਾਇੰਦਗੀ ਲਈ ਸੰਵਿਧਾਨਕ ਜਗ੍ਹਾ ਬਣਾਉਣ ਲਈ ਚਿੰਤਾਤੁਰ ਸਨ . ਪਰ ਬੰਬਈ ਅਸੈਂਬਲੀ 'ਚ ਪ੍ਰਸਤਾਵਿਤ ਸੰਵਿਧਾਨ ਅਸੰਬਲੀ 'ਚ ਉਨ੍ਹਾਂ ਲਈ ਕੋਈ ਮਦਦਗਾਰ ਨਹੀਂ ਸੀ . ਉਹ ਨਿਰਾਸ਼ ਅਤੇ ਉਦਾਸ ਸਨ, ਉਹਨਾਂ ਦੀ ਸਿਹਤ ਡਿਗਦੀ ਜਾ ਰਹੀ ਸੀ। ਅਜਿਹੀ ਨਾਜ਼ੁਕ ਸਥਿਤੀ ਵਿਚ ਮੁਸਲਮਾਨ ਹੀ ਉਨ੍ਹਾਂ ਲਈ ਬਹੁੜੇ ਸਨ। ਜੋਗਿੰਦਰ ਨਾਥ ਮੰਡਲ ਜੋ ਕਿ ਬੰਗਾਲ ਅਸੰਬਲੀ 'ਚ ਡਾ: ਅੰਬੇਡਕਰ ਦੀ, ਦੀ ਸ਼ਡਿਊਲ ਕਾਸ਼ਟ ਫੈਡਰੇਸ਼ਨ ਦੇ ਮੈਂਬਰ ਸੀ, ਵਲੋਂ ਉਭਾਰਿਆ ਅਤੇ ਮੁਸਲਿਮ ਲੀਗ ਦੀ ਇਮਦਾਦ ਨਾਲ ਬਾਬਾ ਸਾਹਿਬ ਸੰਵਿਧਾਨ ਸਭਾ ਦੇ ਮੈਂਬਰ ਚੁਣੇ ਗਏ। ਸੰਵਿਧਾਨਿਕ ਸਭਾ ਦੇ ਮੈਂਬਰ ਵਜੋਂ ਬਾਬਾ ਸਾਹਿਬ ਨੇ ਧਾਰਮਿਕ ਘੱਟ ਗਿਣਤੀਆਂ ਦੇ ਅਧਿਕਾਰਾਂ ਲਈ ਡਟੇ ਰਹੇ . ਉਹਨਾਂ ਇਹ ਮਹਿਸੂਸ ਕੀਤਾ ਕਿ ਭਾਰਤ ਦਾ ਭਵਿੱਖ ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ, ਪਛੜੀਆਂ ਸ਼੍ਰੇਣੀਆਂ ਅਤੇ ਧਾਰਮਿਕ ਘੱਟ ਗਿਣਤੀਆਂ ਦੇ ਲੋਕਾਂ ਲਈ ਉੱਜਲ ਅਤੇ ਚੰਗੇਰਾ ਹੋਵੇਗਾ। ਇਸੇ ਹੀ ਬਦਲੇ ਉਹਨਾਂ ਨੇ ਮੁਸਲਿਮ ਮੰਗਾਂ ਜਿਵੇਂ ਕਿ ਕਸ਼ਮੀਰ ਦੀ ਵੰਡ ਅਤੇ ਮੁਸਲਮਾਨਾਂ ਲਈ ਵੱਖਰੇ ਚੋਣ ਪ੍ਰਬੰਧ ਦੀ ਹਮਾਇਤ ਕੀਤੀ ਸੀ . ਜਿਸਦੇ ਇਵਜ਼ ਵਜੋਂ 1952-53 ਦੀਆਂ ਆਮ ਚੋਣਾਂ ਵਿਚ ਕਾਂਗਰਸੀ ਉਮੀਦਵਾਰ ਐਨ. ਐਸ. ਕਾਜਰੋਲਕਰ ਹੱਥੋਂ ਪਾਰਲੀਮੈਂਟ ਚੋਣਾਂ ਹਾਰ ਕੇ ਇਸਦੀ ਕੀਮਤ ਵੀ ਚੁਕਾਈ . ਇੰਜ: ਡਾ: ਅਸਗਰ ਅਲੀ ਮੰਨੇ ਪ੍ਰਮੰਨੇ ਇਸਲਾਮੀ ਵਿਦਵਾਨ ਅਤੇ ਵਰਤਮਾਨ ਫਿਰਕੂਵਾਦ ਦੇ ਟਿੱਪਣੀਕਾਰ ਵਲੋਂ ਸਾਫ਼ ਸਾਫ਼ ਦਰਸਾਇਆ ਗਿਆ ਕਿ ਡਾ: ਅੰਬੇਡਕਰ ਮੁਸਲਿਮ ਹਿਤੈਸ਼ੀ ਸਨ. ਆਨੰਦ ਤੇਲ ਤੁੰਬੜੇ, ਗੇਲ ਮੂਵਮੈਂਟ ਅਤੇ ਕਾਂਚਾ ਇਲੈਯਾ ਵਰਗੇ ਕਈ ਬੁੱਧੀਜੀਵੀਆਂ ਵਲੋਂ ਸੰਘ ਪਰਿਵਾਰ ਦੀ ਇਸ ਟਿੱਪਣੀ ਦੀ ਅਲੋਚਨਾ ਕੀਤੀ . ਡਾ: ਅੰਬੇਡਕਰ ਦੇ ਅਨੁਸਾਰ ਉਚ ਜਾਤੀ ਹਿੰਦੂਆਂ ਦੀ ਜਿੱਤ ਦੋ ਕਾਰਨਾ ਕਰਕੇ ਬਣੀ ਪਹਿਲਾ, ਕਿਉਂਕਿ ਕੌਮੀਅਤ ਜਾਂ ਕੌਮਵਾਦ ਲੋਕਾਂ ਅੰਦਰ ਵਿਸ਼ੇਸ਼ ਗੁਣ ਸਮਝਿਆ ਜਾਂਦਾ ਸੀ. ਹਿੰਦੂ ਇਸਤੋਂ ਸੱਖਣੇ ਹੋਣ ਤੇ ਸ਼ਰਮਿੰਦਗੀ ਮਹਿਸੂਸ ਕਰਦੇ ਸਨ। ਦੂਸਰਾ 19ਵੀਂ ਸਦੀ ਦੇ ਅੰਤ ਤੱਕ ਇਹ ਸਿਧਾਂਤ ਸਵੀਕਾਰਿਆ ਗਿਆ ਸੀ ਕਿ ਜਿਹੜੇ ਲੋਕ ਕੌਮ ਬਣਦੇ ਹਨ, ਉਹ ਸਵੈ ਸ਼ਾਸ਼ਕ ਲਈ ਯੋਗ ਹਨ. ਤਾਂ ਹੀ ਆਪਣਾ ਰਾਜ ਪ੍ਰਾਪਤ ਕਰਨ ਦੀ ਚਿੰਤਾ ਕਾਰਨ ਸਵਰਨ ਹਿੰਦੂ ਰਾਜਨੇਤਾਵਾਂ ਵਾਸਤੇ ਕੌਮੀਅਤ ਦਾ ਦਾਅਵਾ ਕਰਨਾ ਜ਼ਰੂਰੀ ਬਣ ਗਿਆ ਸੀ . ਦੁਨੀਆਂ ਅੰਦਰ ਜਿਉਂਦੀਆਂ ਜਾਗਦੀਆਂ ਮਿਸਾਲਾਂ ਹਨ ਕਿ ਇਕ ਦੇਸ਼ ਅੰਦਰ ਇਕ ਸਰਕਾਰ ਅਧੀਨ ਕਈ ਕੌਮੀਅਤਾਂ ਸਹਿ ਹੋਂਦ ਰੱਖ ਸਕਦੀਆਂ ਹਨ। ਸਗੋਂ ਇਸਦੇ ਉਲਟ ਵੀ ਕਿਹਾ ਜਾ ਸਕਦਾ ਹੈ ਕਿ ਇਕ ਦੇਸ਼ ਦੀ ਉਦਾਹਰਣ ਨਹੀਂ ਜਿਹੜਾ ਇਕ ਕੌਮੀਅਤ ਦਾ ਘਰ ਹੋਵੇ। ਡਾ: ਅੰਬੇਡਕਰ ਦੇ ਮੁਤਾਬਿਕ ਭਾਰਤ ਵਿਚ ਮੁਸਲਮਾਨ ਸਹੀ ਅਰਥਾਂ ਵਿਚ ਇਕ ਕੌਮ ਨਹੀਂ ਹੈ। ਪਰ ਇਕ ਕੌਮ ਬਣਨ ਲਈ ਉਨ੍ਹਾਂ ਪਾਸ ਬੁਨਿਆਦੀ ਤੱਤ ਹਨ। ਸੰਸਾਰ 'ਚ ਅਜਿਹੇ ਕਈ ਦੇਸ਼ ਹਨ ਜਿੱਥੇ ਇਕ ਤੋਂ ਵੱਧ ਕੌਮ ਇਕ ਸੰਵਿਧਾਨ ਅਧੀਨ ਰਹਿ ਰਹੀਆਂ ਹਨ। ਅੰਗਰੇਜ਼ੀ ਅਤੇ ਫ਼ਰਾਂਸੀਸੀ ਦੋ ਪ੍ਰਮੁੱਖ ਕੌਮਾਂ ਵਾਲਾ ਦੇਸ਼ ਕੈਨੇਡਾ ਹੈ। ਅੰਗਰੇਜ਼ਾਂ ਅਤੇ ਡੱਚਾਂ ਵਾਲਾ ਦੱਖਣ ਅਫ਼ਰੀਕਾ ਹੈ ਅਤੇ ਤਿੰਨ ਕੌਮਾਂ ਵਾਲਾ ਦੇਸ਼ ਜਰਮਨ, ਫਰਾਂਸੀਸੀ ਅਤੇ ਇਟਾਲੀਅਨ ਵਾਲਾ ਸਵਿਟਜ਼ਰਲੈਂਡ ਹੈ। ਸਵਿਟਜ਼ਰ ਲੈਂਡ ਵਾਲਾ ਮਾਮਲਾ ਧਿਆਨ ਵਿਚ ਰੱਖਣ ਵਾਲਾ ਹੈ। ਇਹ ਉਨ੍ਹਾਂ ਦੇਸ਼ਾਂ ਨਾਲ ਘਿਰਿਆ ਹੋਇਆ ਹੈ, ਜਿਨ੍ਹਾਂ ਦੀ ਕੌਮੀਅਤਾਂ ਧਾਰਮਿਕ ਰਸਤੇ ਨਸਲ ਪੱਖੋਂ ਸਵਿਟਜ਼ਰਲੈਂਡ ਦੀਆਂ ਕੌਮੀਅਤਾਂ ਨਾਲ ਸਮਰੂਪਤਾ ਰੱਖਦੀਆਂ ਹਨ। ਅਜਿਹੀਆਂ ਸਮਰੂਪਤਾ ਦਾ ਧਿਆਨ ਰੱਖਦਿਆਂ ਸਵਿਟਜ਼ਰਲੈਂਡ ਦੀਆਂ ਕੌਮੀਅਤਾਂ ਸਵਿੱਸ ਪਹਿਲਾ ਹਨ, ਜਰਮਨੀ, ਇਟਾਲੀਅਨ ਅਤੇ ਫਰਾਂਸੀਸੀ ਬਾਅਦ 'ਚ. ਹਿੰਦੂ ਰਾਜ ਦੇ ਸਬੰਧ ਵਿਚ ਮੁਸਲਮਾਨ ਦੀਆਂ ਗਲਤ ਫਹਿਮੀਆਂ ਦੇ ਆਧਾਰ ਨੂੰ ਰੱਦ ਕਰਦਿਆਂ ਬਾਬਾ ਸਾਹਿਬ ਭਵਿੱਖ ਬਾਣੀ ਕਰਦੇ ਹਨ ਕਿ "ਜੇ ਹਿੰਦੂ ਰਾਜ ਇਕ ਅਸਲੀਅਤ ਬਣ ਗਿਆ ਤਾਂ ਇਹ ਬਿਨਾ ਸ਼ੱਕ ਇਸ ਦੇਸ਼ ਲਈ ਬਹੁਤ ਵੱਡੀ ਦੁਰਘਟਨਾ ਹੋਵੇਗੀ। ਹਿੰਦੂ ਭਾਵੇਂ ਕੁਝ ਵੀ ਕਹਿਣ, ਹਿੰਦੂਵਾਦ, ਸੁਤੰਤਰਤਾ, ਬਰਾਬਰੀ ਅਤੇ ਭਾਈਚਾਰੇ ਲਈ ਖ਼ਤਰਾ ਹੈ"।

ਇਸ ਮਾਮਲੇ 'ਚ ਇਹ ਕਹਿਣਾ ਕਿ ਹਿੰਦੂ-ਮੁਸਲਿਮ ਤਣਾਓ 'ਚ ਡਾ: ਅੰਬੇਡਕਰ ਹਿੰਦੂਆਂ ਵੱਲ ਸੀ, ਸਰਾਸਰ ਇਕ ਸ਼ਰਾਰਤ ਹੈ . ਇਹ ਸੋਚਣਾ ਹੀ ਵਿਅਰਥ ਹੈ ਕਿ ਉਹ ਪੱਖ ਲੈ ਕਸਦੇ ਸੀ . ਡਾ: ਅੰਬੇਡਕਰ ਯੋਗਤਾ, ਸਮਰੱਥਾ ਵਾਲੇ ਬੇਬਾਕ ਆਗੂ ਸਨ ਜੋ ਘਟਨਾਵਾਂ ਰਾਹੀਂ ਵੇਖਣ, ਸਮਝਣ ਅਤੇ ਜੋ ਮਹਿਸੂਸ ਕਰਦੇ ਸੀ, ਬੇਖੌਫ ਕਹਿਣ ਦੇ ਕਾਬਲ ਸਨ. ਸੰਘ ਪਰਿਵਾਰ ਦਾ ਜਾਣਿਆ ਪਹਿਚਾਣਿਆ ਖੇਲ ਹੈ ਕਿ ਡਾ: ਅੰਬੇਡਕਰ ਨੂੰ ਇਕ ਕੌਮਪ੍ਰਸਤ ਵਜੋਂ ਪੇਸ਼ ਕਰਨਾ। ਕੁਝ ਤਰਕਸ਼ੀਲ ਬੁੱਧੀਜੀਵੀਆਂ ਵਲੋਂ ਫੈਲਾਈ ਗਈ ਅਫ਼ਵਾਹ ਕਿ ਡਾ: ਅੰਬੇਡਕਰ ਬਰਤਾਨਵੀ ਸਰਕਾਰ ਦੀ ਕੱਠਪੁਤਲੀ ਸੀ ਅਤੇ ਭਾਰਤ ਦੀ ਆਜ਼ਾਦੀ ਦੇ ਸੰਗਰਾਮ ਦਾ ਵਿਰੋਧੀ ਸੀ। ਇਸ ਨੂੰ ਗੁਪਚੁਪ ਸਮਰਥਣ ਦੇਣ ਦੇ ਇਸ ਪਹਿਲੇ ਪੈਂਤੜੇ ਦਾ ਦਰਅਸਲ ਇਹ ਉਲਟ ਅਸਰ ਹੈ ਕਿ ਉਹ ਇਸ ਦੀ ਵਿਰੋਧਤਾ ਜਾਰੀ ਨਹੀਂ ਰੱਖ ਸਕੇ।

ਅਸਲੀਅਤ ਇਹ ਹੈ ਕਿ ਡਾ: ਅੰਬੇਡਕਰ ਨੇ ਬੁੱਧ ਧਰਮ ਇਸ ਲਈ ਅਪਣਾਇਆ, ਕਿਉਂਕਿ ਉਹ ਬ੍ਰਾਹਮਣਵਾਦ ਜਿਸ ਨੂੰ ਸੰਘ ਮੁੜ ਲਿਆਉਣਾ ਚਾਹੁੰਦਾ ਹੈ ਦੇ ਖਿਲਾਫ਼ ਇਕ ਜ਼ਬਰਦਸਤ ਵਿਦਰੋਹ ਦਾ ਦ੍ਰਿਸ਼ ਹੈ।

# ਕੋਰੋਨਾਵਾਇਰਸ ਦੀ ਦੂਜੀ ਲਹਿਰ ਹੁਣ ਪੇਂਡੂ ਖੇਤਰਾਂ ਵਿੱਚ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਲਗਭਗ 900 ਕਰੋੜ ਲੋਕਾਂ (ਭਾਰਤ ਦੀ 65% ਆਬਾਦੀ) ਵਾਲੇ ਪੇਂਡੂ ਭਾਰਤ ਨੂੰ ਨਜ਼ਰ-ਅੰਦਾਜ਼ ਕਰਨਾ ਬਹੁਤ ਗੰਭੀਰ ਸਿੱਧਾ ਹੋ ਸਕਦਾ ਹੈ. ਦਿਹਾਤੀ ਭਾਰਤ ਦੀ ਦੂਜੀ ਲਹਿਰ ਦੀ ਅਣਦੇਖੀ ਕਰਨਾ ਜਿੰਦਗੀ ਅਤੇ ਜੀਵਣ ਦੇ ਮਾਮਲੇ ਵਿੱਚ ਇੱਕ ਗਲਤੀ ਹੋਵੇਗੀ ਜੋ ਖਤਮ ਹੋ ਜਾਵੇਗੀ. ਅਸੀਂ ਸੁਣਿਆ ਹੈ ਕਿ ਕੁਝ ਉੱਤਰੀ ਰਾਜਾਂ ਵਿੱਚ, ਹਰ ਦੂਜੇ ਜਾਂ ਤੀਜੇ ਪੇਂਡੂ ਘਰਾਂ ਵਿੱਚ ਕੋਵਿਡ -19 ਕਾਰਨ ਘੱਟੋ ਘੱਟ ਇੱਕ ਮੌਤ ਹੁੰਦੀ ਹੈ।

ਸਿਹਤ ਸੇਵਾਵਾਂ ਵਿਚ ਇਹ ਅਸਮਾਨਤਾ ਦਿਹਾਤੀ ਭਾਰਤ ਵਿਚ ਜਾਨ ਦੇ ਨੁਕਸਾਨ ਨੂੰ ਵਧਾਉਂਦੀ ਹੈ. ਸਾਨੂੰ ਪੇਂਡੂ ਭਾਰਤ ਵਿੱਚ ਬਿਮਾਰਾਂ ਦੀ ਦੇਖਭਾਲ ਲਈ ਅਸਥਾਈ ਸਿਹਤ ਸਹੂਲਤਾਂ ਬਣਾ ਕੇ ਤੇਜ਼ੀ ਨਾਲ ਫੈਲਣ ਤੋਂ ਬਚਾਅ ਅਤੇ ਜਾਨਾਂ ਬਚਾਉਣ ਲਈ ਬਹੁਤ ਜਲਦੀ ਕੰਮ ਕਰਨ ਦੀ ਲੋੜ ਹੈ।

ਦੂਜੀ ਲਹਿਰ ਦਾ ਪੇਂਡੂ ਹਿੱਸਾ ਇਕ ਵੱਡੀ ਡਾਕਟਰੀ ਆਫ਼ਤ ਬਣ ਜਾਣ ਤੋਂ ਕੁਝ ਦਿਨ ਪਹਿਲਾਂ ਸਾਡੇ ਲਈ ਇਕ ਮਹੱਤਵਪੂਰਨ ਦਿਨ ਹੈ- ਇਸ ਦੇ ਪੇਂਡੂ ਪ੍ਰਭਾਵਾਂ ਨੂੰ ਘਟਾਉਣ ਲਈ ਇਕ ਪ੍ਰਭਾਵਸ਼ਾਲੀ ਰੋਕਥਾਮ ਪ੍ਰੋਗਰਾਮ ਦੀ ਯੋਜਨਾ ਬਣਾਉਣ ਅਤੇ ਲਾਗੂ ਕਰਨ ਦਾ ਇਕ ਮੌਕਾ।

ਭਾਰਤ ਵਿੱਚ ਮਹਾਂਮਾਰੀ ਦੀ ਸ਼ੁਰੂਆਤ ਤੋਂ ਹੀ, ਸਾਡੀ ਸਭ ਤੋਂ ਵੱਡੀ ਅਸਫਲਤਾ ਇਹ ਰਹੀ ਹੈ ਕਿ ਸਾਰੇ ਭਾਰਤੀਆਂ ਨੂੰ ਪ੍ਰਭਾਵਸ਼ਾਲੀ ਸੰਚਾਰ ਰਣਨੀਤੀ ਰਾਹੀਂ ਖਾਸ ਸਿੱਖਿਆ ਦੀ ਜਾਣਕਾਰੀ ਅਤੇ ਮੁਹੱਈਆ ਕਰਵਾਉਣ ਲਈ ਇੱਕ ਸਧਾਰਣ, ਆਸਾਨੀ ਨਾਲ ਉਪਲਬਧ, ਲਗਾਤਾਰ-ਪ੍ਰਭਾਵਸ਼ਾਲੀ ਰੋਕਥਾਮ ਸਾਧਨ - ਸਮਾਜਿਕ ਟੀਕਾ - ਦੀ ਸਹੀ ਵਰਤੋਂ ਕਰਨ ਵਿੱਚ ਅਸਮਰੱਥਾ ਰਹੀ ਹੈ ਅਤੇ ਸਾਰਿਆਂ ਨੂੰ ਕੋਵਿਡ-ਉਚਿਤ ਵਿਵਹਾਰ ਅਪਣਾਉਣ ਦੇ ਯੋਗ ਬਣਾਓ. ਇਸਦਾ ਅਰਥ ਹੈ ਸਾਰੇ ਇਕੱਠਾਂ, ਸਭਾਵਾਂ ਅਤੇ ਇਕੱਠਾਂ ਦਾ ਪੂਰਾ ਅੰਤ ਹੁਣ ਵੀ, ਇਹ ਇਕੋ ਇਕ ਸਾਧਨ ਹੈ ਜੋ ਅਸੀਂ ਆਸਾਨੀ ਨਾਲ ਪੇਂਡੂ ਫੈਲਣ ਨੂੰ ਘਟਾਉਣ ਅਤੇ ਜਾਨਾਂ ਬਚਾਉਣ ਲਈ ਲਗਾ ਸਕਦੇ ਹਾਂ।

ਇਸ ਲਈ ਸਾਡੀ ਸਾਰੀ ਆਬਾਦੀ ਨੂੰ ਜੁਟਾਉਣ ਦੀ ਜ਼ਰੂਰਤ ਹੈ, ਸਾਰੇ ਪ੍ਰਭਾਵਸ਼ਾਲੀ ਲੋਕਾਂ - ਸਿਆਸਤਦਾਨਾਂ, ਅਦਾਕਾਰਾਂ, ਖਿਡਾਰੀਆਂ, ਪ੍ਰਸ਼ੰਸਾਯੋਗ ਮੈਡੀਕਲ ਪੇਸ਼ੇਵਰਾਂ ਅਤੇ ਪ੍ਰਸ਼ਾਸਕਾਂ ਦੁਆਰਾ ਇੱਕ ਵਿਸ਼ਾਲ ਪ੍ਰਚਾਰ ਧਮਾਕੇ ਦੀ ਸ਼ੁਰੂਆਤ. ਹਰੇਕ ਭਾਰਤੀ ਭਾਸ਼ਾ ਦੇ ਹਰ ਟੀਵੀ ਚੈਨਲ ਨੂੰ ਸੁਨੇਹੇ ਨੂੰ ਘਰ ਤਕ ਪਹੁੰਚਾਉਣ ਲਈ ਪ੍ਰਾਈਮ ਟਾਈਮ ਦੇ ਦੌਰਾਨ ਇਹਨਾਂ ਸੰਦੇਸ਼ਾਂ ਨੂੰ ਬਾਰ ਬਾਰ ਲੈਣਾ ਚਾਹੀਦਾ ਹੈ. ਜਨਤਾ ਦੀ ਸਿੱਖਿਆ ਜਿਲਾ ਪ੍ਰਸ਼ਾਸਨ, ਗ੍ਰਾਮ ਪੰਚਾਇਤਾਂ, ਸਿਹਤ ਸੇਵਾਵਾਂ ਕਰਮਚਾਰੀਆਂ, ਸਿਵਲ ਸੁਸਾਇਟੀ ਦੇ ਵਿਚਾਰਾਂ ਵਾਲੇ ਨੇਤਾਵਾਂ, ਅਧਿਆਪਕਾਂ, ਸਵੈ-ਸੇਵੀ ਸੰਸਥਾਵਾਂ ਅਤੇ ਪਰਉਪਕਾਰੀ ਸੰਸਥਾਵਾਂ ਦੀ ਜਿੰਮੇਵਾਰੀ ਹੋਣੀ ਚਾਹੀਦੀ ਹੈ। ਮੋਬਾਈਲ ਫੋਨ, ਜਿਹਨਾਂ ਦੀ ਪੇਂਡੂ ਭਾਰਤ ਵਿੱਚ ਵਿਆਪਕ ਪਹੁੰਚ ਹੈ, ਦੀ ਵਰਤੋਂ ਖੇਤਰੀ ਭਾਸ਼ਾਵਾਂ ਵਿੱਚ ਕੋਵਿਡ-ਰੋਕਥਾਮ ਰਣਨੀਤੀਆਂ ਬਾਰੇ ਸੰਦੇਸ਼ਾਂ ਅਤੇ ਛੋਟੇ ਵਿਦਿਅਕ ਵੀਡੀਓ ਕਲਿੱਪਾਂ ਨੂੰ ਫੈਲਾਉਣ ਲਈ ਕੀਤੀ ਜਾ ਸਕਦੀ ਹੈ। ਇਸ ਕਦਮ ਦਾ ਵੱਡਾ ਪ੍ਰਭਾਵ ਹੋਏਗਾ।

ਪਹਿਲੀ ਲਹਿਰ ਤੋਂ ਬਾਅਦ ਸ਼ਹਿਰਾਂ ਅਤੇ ਕਸਬਿਆਂ ਵਿਚ ਪਰਤ ਰਹੇ ਵੱਡੀ ਗਿਣਤੀ ਪਰਵਾਸੀ ਮਜ਼ਦੂਰ, ਪੇਂਡੂ ਰੁਜ਼ਗਾਰ ਦੀ ਭਾਲ ਵਿਚ, ਵਾਪਸ ਪਰਵਾਸ ਕਰ ਰਹੇ ਹਨ, ਜਿਸ ਨੂੰ ਮਨਰੇਗਾ ਪ੍ਰੋਗਰਾਮ ਵਿਚ ਸ਼ਾਮਲ ਕਰਨ ਦੀ ਵੱਡੀ ਮੰਗ ਮੰਨਿਆ ਜਾਂਦਾ ਹੈ। ਇਹ ਹੁਣ ਇਕ ਸ਼ਾਂਤ ਪ੍ਰਕਿਰਿਆ ਹੈ - ਮਾਰਚ-ਅਪ੍ਰੈਲ 2020 ਦੌਰਾਨ ਸ਼ੁਰੂਆਤੀ ਤਾਲਾਬੰਦੀ ਤੋਂ ਬਾਅਦ ਜੋ ਹੋਇਆ ਉਸ ਤੋਂ ਬਿਲਕੁਲ ਵੱਖਰਾ. ਇਹ ਪ੍ਰਵਾਸ ਦੂਸਰੀ ਲਹਿਰ ਦੇ ਬਹੁਤ ਹੀ ਛੂਤ ਵਾਲੇ ਰੂਪਾਂ ਦੁਆਰਾ ਪੇਂਡੂ ਭਾਰਤ ਵਿਚ ਵਾਇਰਸ ਫੈਲਣ ਸ਼ੁਰੂ ਕਰ ਦਿੱਤਾ ਸੀ ਹੋਰ ਸ਼ਹਿਰੀ ਤੋਂ ਪੇਂਡੂ ਪ੍ਰਸਾਰਣ ਲਈ ਅਸਥਾਈ ਤੌਰ 'ਤੇ ਅਲੱਗ ਅਲੱਗ ਪ੍ਰਸਥਿਤੀਆਂ ਅਤੇ ਪ੍ਰਵਾਸੀ ਮਜ਼ਦੂਰਾਂ ਲਈ ਭੋਜਨ ਮੁਹੱਈਆ ਕਰਵਾਉਣਾ ਚਾਹੀਦਾ ਹੈ, ਜਿਥੇ ਉਹ ਪੇਂਡੂ ਲੋਕਾਂ ਨਾਲ ਰਲਣ ਤੋਂ ਪਹਿਲਾਂ ਦੋ ਹਫ਼ਤੇ ਰਹਿ ਸਕਦੇ ਹਨ. ਇਸ ਸਮੇਂ ਦੀ ਵਰਤੋਂ ਇਸ ਕਮਜ਼ੋਰ ਸਮੂਹ ਨੂੰ ਟੀਕਾ ਲਗਾਉਣ ਲਈ ਕੀਤੀ ਜਾ ਸਕਦੀ ਹੈ।

ਜੇ ਸ਼ਹਿਰੀ ਭਾਰਤ, ਆਪਣੀਆਂ ਬਹੁਤ ਸਾਰੀਆਂ ਜਨਤਕ ਅਤੇ ਨਿੱਜੀ ਸਿਹਤ ਸਹੂਲਤਾਂ ਦੇ ਨਾਲ, ਆਕਸੀਜਨ ਦੀ ਵੱਡੀ ਘਾਟ ਦਾ ਸਾਹਮਣਾ ਕਰਦਾ ਹੈ, ਤਾਂ ਕੋਈ ਵੀ ਆਪਣੇ ਛੋਟੇ ਢਾਂਚੇ ਨਾਲ ਪੇਂਡੂ ਭਾਰਤ ਦੀ ਦੁਰਦਸ਼ਾ ਦੀ ਕਲਪਨਾ ਕਰ ਸਕਦਾ ਹੈ. ਪੇਂਡੂ ਭਾਰਤ ਨੂੰ ਆਕਸੀਜਨ ਉਪਲਬਧ ਕਰਾਉਣ ਦੇ ਨਵੀਨਤਾਕਾਰੀ ਵਿਚਾਰਾਂ ਨੂੰ ਪਹਿਲ ਅਤੇ ਚੁਣੌਤੀ ਦਿੱਤੀ ਜਾਵੇਗੀ. ਵੱਡੀ ਗਿਣਤੀ ਵਿੱਚ ਪੋਰਟੇਬਲ ਆਕਸੀਜਨ ਸੰਕੇਤਕ, ਹਸਪਤਾਲਾਂ ਅਤੇ ਇੱਥੋਂ ਤਕ ਕਿ ਘਰਾਂ ਵਿੱਚ ਤਾਇਨਾਤ ਕੀਤੇ ਜਾਣ, ਜਦੋਂ ਜਰੂਰੀ ਹੋਵੇ, ਹਰੇਕ ਜਿਲ੍ਹਾ ਕੁਲੈਕਟਰ ਨੂੰ ਉਪਲਬਧ ਕਰਵਾਏ ਜਾਣੇ ਚਾਹੀਦੇ ਹਨ. ਜੀਵਨ ਬਚਾਉਣ ਵਾਲੇ ਡਾਕਟਰੀ ਉਪਕਰਣਾਂ ਦੇ ਨਿਰੰਤਰ ਕਾਰਜਸ਼ੀਲ ਕਰਨ ਲਈ ਨਿਰਵਿਘਨ ਬਿਜਲੀ ਸਪਲਾਈ ਨੂੰ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। ਦੂਜੀ ਲਹਿਰ ਨਾਲ ਜੁੜੇ ਪੈਨਿਕ ਨੇ ਪਹਿਲਾਂ ਹੀ ਲੋਕਾਂ ਨੂੰ ਟੀਕਾਕਰਨ ਦੀ ਮਹੱਤਤਾ ਨੂੰ ਸਮਝਾਇਆ ਹੈ. ਦੂਜੀ ਲਹਿਰ ਦੌਰਾਨ 16 ਕਰੋੜ ਪਹਿਲੀ ਖੁਰਾਕ ਟੀਕਾ ਗ੍ਰਹਿਣ ਕਰਨ ਵਾਲਿਆਂ, 2.5 ਕਰੋੜ ਸੈਕਿੰਡ ਦੂਜੀ ਖੁਰਾਕ ਪ੍ਰਾਪਤ ਕਰਨ ਵਾਲਿਆਂ, 1,05,69,113 ਸਿੱਧ ਹੋਈਆਂ ਲਾਗਾਂ ਅਤੇ 78,317 ਦਸਤਾਵੇਜ਼ਾਂ ਦੀ ਮੌਤ ਦਾ ਵੇਰਵਾ (14 ਫਰਵਰੀ 2021 ਤੋਂ 6 ਮਈ 2021 ਤੱਕ) - ਇਹ ਸਾਰੇ ਕੰਪਿਊਟਰਾਈਜ਼ੇਸ਼ਨ ਡਾਟਾਬੇਸ ਵਿੱਚ ਉਪਲਬਧ ਹਨ ਪਛਾਣਕਰਤਾ ਵਜੋਂ ਆਧਾਰ ਨੰਬਰ ਦੇ ਨਾਲ - ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ। ਨਵੇਂ ਇਨਫੈਕਸ਼ਨਾਂ, ਗੰਭੀਰ ਬਿਮਾਰੀ ਅਤੇ ਅੰਸ਼ਕ ਤੌਰ 'ਤੇ (ਇਕ ਖੁਰਾਕ) ਜਾਂ ਪੂਰੀ ਤਰਾਂ (ਦੋ ਖੁਰਾਕਾਂ) ਟੀਕੇ ਲਗਾਏ ਜਾਣ ਵਾਲੇ ਮੌਤਾਂ ਦੇ ਅਨੁਪਾਤ ਦੀ ਤੁਲਨਾ, ਬਿਨਾਂ ਰੁਕਾਵਟ ਵਿਅਕਤੀਆਂ ਵਿਚ ਇਕੋ ਅਨੁਪਾਤ, ਜੋ ਰੋਜ਼ਾਨਾ ਅਪਡੇਟ ਕੀਤੀ ਜਾਂਦੀ ਹੈ, ਆਮ ਲੋਕਾਂ ਨੂੰ ਦੱਸੀ ਜਾ ਸਕਦੀ ਹੈ ਅਸਾਨੀ ਨਾਲ ਸਮਝਣਯੋਗ ਸ਼ਬਦ। ਇਹ ਲੋਕਾਂ ਨੂੰ ਦੋਵਾਂ ਟੀਕਿਆਂ ਦੀ ਕਾਰਜ ਕੁਸ਼ਲਤਾ ਅਤੇ ਸੁਰੱਖਿਆ ਬਾਰੇ ਜਾਣਕਾਰੀ ਦੇਵੇਗਾ. ਇਹ ਇਕੋ ਕਦਮ ਟੀਕਾ ਝਿਜਕ ਨੂੰ ਦੂਰ ਕਰਨ ਵਿੱਚ ਸਹਾਇਤਾ ਕਰੇਗਾ। ਪੇਂਡੂ ਜਨਤਾ ਨੂੰ ਢੁਕਵੀਂ ਅਤੇ ਕੁਸ਼ਲ ਟੀਕਾਕਰਨ ਗ੍ਰਾਮ ਪੰਚਾਇਤਾਂ ਦੁਆਰਾ ਠੋਸ ਅਤੇ ਵਿਕੇਂਦਰੀਕਰਣ ਕਾਰਵਾਈ ਦੀ ਮੰਗ ਉਹਨਾਂ ਨੂੰ ਸਾਰੇ ਹਿੱਸੇਦਾਰਾਂ - ਸਿਹਤ ਸੰਭਾਲ ਕਰਮਚਾਰੀਆਂ, ਸਿਵਲ ਸੁਸਾਇਟੀ ਦੇ ਵਿਚਾਰਾਂ ਵਾਲੇ ਨੇਤਾਵਾਂ, ਉਦਯੋਗਾਂ, ਅਧਿਆਪਕਾਂ, ਸਵੈਇੱਛਕ ਅਤੇ ਪਰਉਪਕਾਰੀ ਸੰਗਠਨਾਂ ਨੂੰ ਸਰਗਰਮੀ ਨਾਲ ਸ਼ਾਮਲ ਕਰਨਾ ਚਾਹੀਦਾ ਹੈ ਅਤੇ ਹਰੇਕ ਪਿੰਡ ਵਿੱਚ ਜਲਦੀ ਟੀਕਾਕਰਨ ਕੈਂਪ ਲਗਾਉਣੇ ਚਾਹੀਦੇ ਹਨ। ਜਦੋਂ ਕਿ ਸਰਕਾਰਾਂ (ਰਾਜ ਅਤੇ ਕੇਂਦਰੀ) ਇਸ ਵਿਸ਼ਾਲ ਕਾਰਜ ਲਈ ਟੀਕਿਆਂ ਦੀ ਸਪਲਾਈ ਕਰਨ ਦਾ ਕੰਮ ਕਰਦੀਆਂ ਹਨ, ਹਰੇਕ ਪਿੰਡ ਦੀ ਪੰਚਾਇਤ ਨੂੰ ਚਾਹੀਦਾ ਹੈ ਕਿ ਉਹ ਬਿਨਾਂ ਕਿਸੇ ਸਮੇਂ ਦੀ ਬਰਬਾਦੀ ਦੇ ਟੀਕਾਕਰਨ ਪ੍ਰੋਗਰਾਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਨੂੰ ਯਕੀਨੀ ਬਣਾਉਣ। ਔਖੇ ਦਿਨ ਅੱਗੇ ਹਨ ਪਰ ਜੇ ਅਸੀਂ ਤੇਜ਼ੀ ਨਾਲ ਅਤੇ ਯੁੱਧ ਸੱਤਰ ਦੇ ਅਧਾਰ ਤੇ ਕੰਮ ਕਰਦੇ ਹਾਂ, ਤਾਂ ਵੀ ਅਸੀਂ ਪੇਂਡੂ ਭਾਰਤ ਵਿੱਚ ਇੱਕ ਵੱਡੀ ਡਾਕਟਰੀ ਬਿਪਤਾ ਦੇ ਪ੍ਰਭਾਵ ਨੂੰ ਘਟਾ ਸਕਦੇ ਹਾਂ।

# ਕੀ ਨਰਿੰਦਰ ਮੋਦੀ ਦੇ ਫ਼ੈਸਲਿਆਂ ਦਾ ਵਿਰੋਧ ਨਾ ਕਰਨਾ ਬੀ ਜੇ ਪੀ ਦੇ ਨੇਤਾਵਾਂ ਦੀ ਸਾਜ਼ਸ਼ ਹੈ?



ਉਜਾਗਰ ਸਿੰਘ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਹਰ ਫ਼ੈਸਲੇ ਬਾਰੇ ਬੀ ਜੇ ਪੀ ਦੇ ਸੀਨੀਅਰ ਨੇਤਾਵਾਂ ਦਾ ਵਿਰੋਧ ਵਿਚ ਕੋਈ ਪ੍ਰਤੀਕਰਮ ਨਾ ਆਉਣਾ, ਕਿਤੇ ਉਹਨਾਂ ਦੀ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਦੀ ਜੋੜੀ ਨੂੰ ਫ਼ੇਲ ਕਰਨ ਦੀ ਸਾਜ਼ਸ਼ ਤਾਂ ਨਹੀਂ? ਆਰ ਐਸ ਐਸ ਦੀ ਚੁੱਪ ਦੇ ਵੀ ਕੋਈ ਮਾਇਨੇ ਹੋ ਸਕਦੇ ਹਨ ਕਿਉਂਕਿ ਆਰ ਐਸ ਐਸ ਨੇ ਹੀ ਨਰਿੰਦਰ ਮੋਦੀ ਦੀ ਐਲ ਕੇ ਅਡਵਾਨੀ ਦੇ ਬਦਲ ਵਜੋਂ ਚੋਣ ਕੀਤੀ ਸੀ। ਉਹ ਆਪਣੀ ਚੋਣ ਨੂੰ ਗ਼ਲਤ ਕਹਿਣ ਤੋਂ ਝਿਜਕਦੀ ਹੈ। ਪੜਚੋਲਕਾਰ ਕਹਿੰਦੇ ਹਨ ਕਿ ਨਰਿੰਦਰ ਮੋਦੀ ਸਿਆਸੀ ਤਾਕਤ ਦੇ ਨਸ਼ੇ ਵਿਚ ਆਰ ਐਸ ਐਸ ਦੀਆਂ ਨਸੀਹਤਾਂ ਨੂੰ ਵੀ ਅਣਡਿਠ ਕਰ ਰਹੇ ਹਨ। ਖਾਸ ਤੌਰ ਤੇ ਤਿੰਨ ਖੇਤੀਬਾੜੀ ਕਾਨੂੰਨਾਂ ਬਾਰੇ ਗੱਲਬਾਤ ਕਰਕੇ ਹਲ ਕਰਨ ਲਈ ਆਰ ਐਸ ਐਸ ਨੇ ਕਿਹਾ ਸੀ। ਆਮ ਤੌਰ ਤੇ ਜਦੋਂ ਕੋਈ ਪਾਰਟੀ ਭਾਰੀ ਬਹੁਮਤ ਨਾਲ ਰਾਜ ਕਰ ਰਹੀ ਹੁੰਦੀ ਹੈ ਤਾਂ ਉਸ ਕੋਲੋਂ ਸਿਆਸੀ ਤਾਕਤ ਦੇ ਨਸ਼ੇ ਵਿਚ ਜਾਣੇ ਅਣਜਾਣੇ ਕਈ ਗ਼ਲਤ ਫ਼ੈਸਲੇ ਹੋ ਜਾਂਦੇ ਹਨ। ਅਜਿਹੇ ਮੌਕਿਆਂ 'ਤੇ ਪਾਰਟੀ ਵਿਚਲੇ ਸਿਆਣੇ ਨੇਤਾ ਪਾਰਟੀ ਪਲੇਟ ਫਾਰਮ ਜਾਂ ਕਈ ਵਾਰ ਪਬਲਿਕ ਵਿਚ ਵੀ ਗ਼ਲਤ ਫ਼ੈਸਲੇ ਵਿਰੁਧ ਆਵਾਜ਼ ਉਠਾਉਂਦੇ ਹਨ ਤਾਂ ਜੋ ਪਾਰਟੀ ਦਾ ਨੁਕਸਾਨ ਨਾ ਹੋ ਜਾਵੇ। ਪਰੰਤੂ ਹੈਰਾਨੀ ਦੀ ਗੱਲ ਹੈ ਕਿ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਨੂੰ ਵੀ ਅਣਡਿਠ ਕਰਕੇ ਮਨਮਰਜ਼ੀ ਦੇ ਨਾਲ ਪਿਛਲੇ 6 ਸਾਲ ਤੋਂ ਫ਼ੈਸਲੇ ਲੈ ਰਹੇ ਹਨ। ਭਾਰਤੀ ਜਨਤਾ ਪਾਰਟੀ ਦਾ ਕੋਈ ਵੀ ਸੀਨੀਅਰ ਤਾਂ ਕੀ ਜੂਨੀਅਰ ਨੇਤਾ ਵੀ ਕੁਸਕਦਾ ਨਹੀਂ। ਇਸ ਜੋੜੀ ਨੇ ਕੋਈ ਇੱਕ ਫ਼ੈਸਲਾ ਨਹੀਂ ਸਗੋਂ ਅਨੇਕਾਂ ਅਜਿਹੇ ਫ਼ੈਸਲੇ ਲਏ ਹਨ, ਜਿਹਨਾਂ ਬਾਰੇ ਪਾਰਟੀ ਕੇਡਰ ਭਾਵੇਂ ਬੋਲਦਾ ਤਾਂ ਨਹੀਂ ਪਰੰਤੂ ਨਿਰਾਸ਼ਾ ਵਿਚ ਹੈ। ਪਬਲਿਕ ਵਿਚ ਉਹਨਾਂ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਥੇ ਹੀ ਬਸ ਨਹੀਂ ਜਿਹੜੇ ਵਿਭਾਗ ਸੰਬੰਧੀ ਫ਼ੈਸਲਾ ਹੁੰਦਾ ਹੈ, ਉਸ ਵਿਭਾਗ ਦੇ ਮੰਤਰੀ ਕੋਲ ਤਾਂ ਫ਼ਾਈਲ ਸਿਰਫ਼ ਦਸਤਖ਼ਤ ਕਰਨ ਲਈ ਭੇਜੀ ਜਾਂਦੀ ਹੈ। ਫ਼ਾਈਲ ਭੇਜਣ ਸਮੇਂ ਉਹਨਾਂ ਨੂੰ ਸਿਰਫ਼ ਦਸਤਖ਼ਤ ਕਰਨ ਲਈ ਕਿਹਾ ਜਾਂਦਾ ਹੈ। ਉਹਨਾਂ ਨੂੰ ਤਾਂ ਉਸ ਤੋਂ ਪਹਿਲਾਂ ਪਤਾ ਵੀ ਨਹੀਂ ਹੁੰਦਾ ਕਿ ਜਿਹੜਾ ਫ਼ੈਸਲਾ ਕਰਨਾ ਹੈ, ਇਸਦੇ ਲੋਕਾਂ ਨੂੰ ਕੀ ਲਾਭ ਅਤੇ ਹਾਨੀ ਹੋ ਸਕਦੀ ਹੈ? ਵਿਭਾਗ ਦੇ ਅਧਿਕਾਰੀਆਂ ਤੋਂ ਗ੍ਰਹਿ ਵਿਭਾਗ ਸਾਰੀ ਕਾਗ਼ਜ਼ੀ ਕਾਰਵਾਈ ਕਰਵਾ ਲੈਂਦਾ ਹੈ। ਇਸ ਗੱਲ ਦਾ ਪ੍ਰਗਟਾਵਾ ਇਕ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਵਿਚ ਰਹੇ ਸਾਬਕਾ ਰਾਜ ਮੰਤਰੀ ਸੋਮਪਾਲ ਸ਼ਾਸ਼ਤਰੀ ਨੇ ਟੀ ਵੀ 'ਤੇ ਇਕ ਇੰਟਵਿਊ ਵਿਚ ਕੀਤਾ ਹੈ। ਉਹਨਾਂ ਦੱਸਿਆ ਕਿ ਵਰਤਮਾਨ ਸਰਕਾਰ ਦੇ ਬਹੁਤੇ ਮੰਤਰੀ ਉਹਨਾਂ ਨਾਲ ਸੰਪਰਕ ਵਿਚ ਹਨ, ਇਹ ਗੱਲ ਉਹਨਾਂ ਤੋਂ ਹੀ ਪਤਾ ਲੱਗੀ ਹੈ। ਸੀਨੀਅਰ ਨੇਤਾਵਾਂ ਦੀ ਚੁੱਪ ਕਿਸੇ ਮੌਕੇ ਵੀ ਪਾਣੀ ਦੇ ਉਬਾਲ ਵਾਂਗੂੰ ਵਿਸਫੋਟਕ ਬਣ ਸਕਦੀ ਹੈ। ਸਭ ਤੋਂ ਪਹਿਲਾ ਫ਼ੈਸਲਾ ਨੋਟ ਬੰਦੀ ਦਾ ਕੀਤਾ ਸੀ। ਉਸ ਫ਼ੈਸਲੇ ਬਾਰੇ ਵੀ ਸਿਰਫ਼ ਦੋ ਵਿਅਕਤੀਆਂ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਨੂੰ ਹੀ ਪਤਾ ਸੀ, ਅਰੁਣ ਜੇਤਲੀ ਨੂੰ ਤਾਂ ਮੌਕੇ ਤੇ ਫ਼ੈਸਲੇ ਬਾਰੇ ਬੁਲਾਕੇ ਦਸ ਦਿੱਤਾ ਸੀ। ਸਾਰੇ ਫ਼ੈਸਲੇ ਅਮਿਤ ਸ਼ਾਹ ਦੀ ਨਿਗਰਾਨੀ ਹੇਠ ਬਣਾਏ ਜਾਂਦੇ ਹਨ, ਵਿਸ਼ਵਾਸ ਪਾਤਰਾਂ ਦਾ ਥਿੰਕ ਟੈਂਕ ਕਰਦਾ ਹੈ। ਆਮ ਤੌਰ ਤੇ ਅਜਿਹੇ ਕੇਸਾਂ ਵਿਚ ਜਦੋਂ ਕਾਨੂੰਨ ਬਣਨ ਲਈ ਲੋਕ ਸਭਾ ਤੇ ਰਾਜ ਸਭਾ ਵਿਚ ਇਹ ਬਿਲ ਆਉਂਦੇ ਹਨ ਤਾਂ ਵਿਰੋਧੀ ਪਾਰਟੀਆਂ ਜਾਂ ਰਾਜ ਕਰ ਰਹੀ ਪਾਰਟੀ ਦੇ ਦਿੱਤੇ ਸੁਝਾਵਾਂ ਅਨੁਸਾਰ ਤਬਦੀਲੀਆਂ ਕੀਤੀਆਂ ਜਾਂਦੀਆਂ ਹਨ। ਹੈਰਾਨੀ ਇਸ ਗੱਲ ਦੀ ਹੈ ਕਿ ਰਾਜ ਕਰ ਰਹੀ ਪਾਰਟੀ ਦੇ ਨੇਤਾ ਤਾਂ ਸੋਧ ਕਰਨ ਲਈ ਕਹਿਣ ਦੀ ਹਿੰਮਤ ਹੀ ਨਹੀਂ ਰੱਖਦੇ ਵਿਰੋਧੀ ਪਾਰਟੀਆਂ ਦੀ ਤਾਂ ਕੋਈ ਸੁਣਦਾ ਹੀ ਨਹੀਂ ਕਿਉਂਕਿ ਕਿਸੇ ਪਾਰਟੀ ਕੋਲ ਵਿਰੋਧੀ ਧਿਰ ਦਾ ਨੇਤਾ ਬਣਨ ਲਈ ਲੋਕ ਸਭਾ ਮੈਂਬਰਾਂ ਦੀ ਗਿਣਤੀ ਹੈ ਹੀ ਨਹੀਂ, ਜਿਸ ਕਰਕੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਮਨਮਾਨੀਆਂ ਕਰਦੀ ਹੈ। ਦੋ ਤਿਹਾਈ ਬਹੁਮਤ ਦਾ ਘੁਮੰਡ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ



ਨੂੰ ਉਪਰਲੀਆਂ ਹਵਾਵਾਂ ਵਿਚ ਉਡਾਈ ਫਿਰਦਾ ਹੈ।

2014 ਵਿਚ ਨਰਿੰਦਰ ਮੋਦੀ ਦੀ ਅਗਵਾਈ ਵਿਚ ਸਰਕਾਰ ਬਣੀ ਸੀ। ਉਦੋਂ ਰਾਜਨਾਥ ਸਿੰਘ ਗ੍ਰਹਿ ਮੰਤਰੀ ਸਨ। ਰਾਜਨਾਥ ਸਿੰਘ ਨੂੰ ਭਾਵੇਂ ਆਪਣੀ ਪਾਰਟੀ ਵਿਚ ਸੀਨੀਅਰਿਟੀ ਕਰਕੇ ਗ੍ਰਹਿ ਮੰਤਰੀ ਬਣਾ ਦਿੱਤਾ ਸੀ ਪਰੰਤੂ ਭਾਰਤੀ ਜਨਤਾ ਪਾਰਟੀ ਦੀ ਧੜੇਬੰਦੀ ਵਿਚ ਉਹ ਐਲ ਕੇ ਅਡਵਾਨੀ ਧੜੇ ਦੇ ਗਿਣੇ ਜਾਂਦੇ ਹਨ। ਉਹਨਾਂ ਨੂੰ ਸੰਜੀਦਾ ਸਿਆਸਤਦਾਨ ਵੀ ਕਿਹਾ ਜਾਂਦਾ ਹੈ। ਉਹਨਾਂ ਦੇ ਗ੍ਰਹਿ ਮੰਤਰੀ ਹੁੰਦਿਆਂ ਜੋ ਫ਼ੈਸਲੇ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਕਰਨਾ ਚਾਹੁੰਦੇ ਸਨ, ਉਹ ਕਰ ਨਹੀਂ ਸਕੇ। 2019 ਵਿਚ ਜਦੋਂ ਦੁਬਾਰਾ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣੀ ਤਾਂ ਨਰਿੰਦਰ ਮੋਦੀ ਪਾਰਟੀ ਵਿਚ ਆਪਣਾ ਦਬਦਬਾ ਬਣਾ ਚੁੱਕੇ ਸਨ। ਇਸ ਲਈ ਉਹਨਾਂ ਆਪਣੇ ਸਭ ਤੋਂ ਵਿਸ਼ਵਾਸ ਪਾਤਰ ਅਮਿਤ ਸ਼ਾਹ ਨੂੰ ਗ੍ਰਹਿ ਮੰਤਰੀ ਅਤੇ ਰਾਜਨਾਥ ਸਿੰਘ ਨੂੰ ਡਿਫ਼ੈਂਸ ਮੰਤਰੀ ਬਣਾ ਦਿੱਤਾ। ਜਦੋਂ ਨਰਿੰਦਰ ਮੋਦੀ ਗੁਜਰਾਤ ਦੇ ਮੁੱਖ ਮੰਤਰੀ ਸਨ ਤਾਂ ਅਮਿਤ ਸ਼ਾਹ ਉਦੋਂ ਵੀ ਉਹਨਾਂ ਦੇ ਗ੍ਰਹਿ ਰਾਜ ਮੰਤਰੀ ਸਨ। ਹਾਲਾਂ ਕਿ ਰਾਜ ਸਰਕਾਰਾਂ ਵਿਚ ਆਮ ਤੌਰ ਤੇ ਗ੍ਰਹਿ ਮੰਤਰਾਲਾ ਮੁੱਖ ਮੰਤਰੀ ਆਪਣੇ ਕੋਲ ਰੱਖਦੇ ਹਨ। ਅਮਿਤ ਸ਼ਾਹ ਦੇ ਗ੍ਰਹਿ ਮੰਤਰੀ ਬਣਨ ਤੋਂ ਬਾਅਦ ਨਰਿੰਦਰ ਮੋਦੀ ਸਰਕਾਰ ਨੇ 5 ਬਹੁਤ ਹੀ ਵਾਦ ਵਿਵਾਦ ਵਾਲੇ ਫ਼ੈਸਲੇ ਕੀਤੇ ਹਨ, ਜਿਹਨਾਂ ਕਰਕੇ ਭਾਰਤੀ ਜਨਤਾ ਪਾਰਟੀ ਦਾ ਅਕਸ ਖ਼ਰਾਬ ਹੋਇਆ ਹੈ। ਲੋਕਾਂ ਵਿਚ ਸਰਕਾਰ ਵਿਰੋਧੀ ਭਾਵਨਾ ਪੈਦਾ ਹੋ ਗਈ ਹੈ। ਨੋਟਬੰਦੀ ਤੋਂ ਬਾਅਦ ਨਾਗਰਿਕ ਸੋਧ ਕਾਨੂੰਨ ਬਣਾਇਆ, ਜਿਸ ਨਾਲ ਮੁਸਲਮਾਨ ਸਮੁਦਾਏ ਅਰਥਾਤ ਘੱਟ ਗਿਣਤੀਆਂ ਦੇ ਮਨੁੱਖੀ ਹੱਕਾਂ ਤੇ ਇਕ ਕਿਸਮ ਨਾਲ ਡਾਕਾ ਹੀ ਪੈ ਗਿਆ। ਨਾਗਰਿਕ ਸੋਧ ਬਿਲ ਦੀ ਤਰ੍ਹੈਹਾਂ ਹੀ ਕੌਮੀ ਪਾਪੂਲੇਸ਼ਨ ਰਜਿਸਟਰ ਕਾਨੂੰਨ ਬਣਾ ਦਿੱਤਾ। ਇਹ ਕਾਨੂੰਨ ਵੀ ਘੱਟ ਗਿਣਤੀਆਂ ਦੇ ਮਨੁੱਖੀ ਹੱਕਾਂ 'ਤੇ ਸਿੱਧਾ ਹਮਲਾ ਹੈ। ਜੰਮੂ ਕਸ਼ਮੀਰ ਵਿਚ ਧਾਰਾ 370 ਨੂੰ ਖ਼ਤਮ ਕਰਕੇ ਇਤਨੀ ਵੱਡੇ ਰਾਜ ਦੇ ਦੋ ਹਿੱਸੇ ਕਰ ਦਿੱਤੇ। ਲਦਾਖ਼ ਨੂੰ ਕੇਂਦਰੀ ਸ਼ਾਸ਼ਤ ਪੈਰਦੇਸ਼ ਬਣਾ ਦਿੱਤਾ ਗਿਆ। ਇਸ ਫ਼ੈਸਲੇ ਨਾਲ ਵੀ ਰਾਜਾਂ ਦੇ ਅਧਿਕਾਰਾਂ ਨੂੰ ਸੀਮਤ ਕਰ ਦਿੱਤਾ ਗਿਆ। ਮੁਸਲਮਾਨ ਸਮੁਦਾਏ ਦੇ ਧਾਰਮਿਕ ਅਕੀਦਿਆਂ ਵਿਚ ਦਖ਼ਲ ਅੰਦਾਜ਼ੀ ਕਰਕੇ ਤਿੰਨ ਤਲਾਕ ਨੂੰ ਕਾਨੂੰਨ ਬਣਾਕੇ ਖ਼ਤਮ ਕਰ ਦਿੱਤਾ ਹੈ। ਅੱਤਵਾਦ ਦੀ ਆੜ ਵਿੱਚ ਅੱਤਵਾਦੀ ਸਰਗਰਮੀਆਂ ਨੂੰ ਰੋਕਣ ਲਈ ਕਾਨੂੰਨ ਬਣਾਇਆ, ਜਿਹੜਾ ਮੁਨੱਖੀ ਹੱਕਾਂ ਦੇ ਵਿਰੁਧ ਹੈ। ਇਸ ਕਾਨੂੰਨ ਅਧੀਨ ਪੁਲਿਸ ਕਿਸੇ ਵੀ ਵਿਅਕਤੀ ਨੂੰ ਗੈਰਫ਼ਤਾਰ ਕਰ ਸਕਦੀ ਹੈ। ਉਸਦੀ ਕਚਹਿਰੀ ਵਿਚ ਸੁਣਵਾਈ ਵੀ ਤਿੰਨ ਸਾਲ ਨਹੀਂ ਹੋ ਸਕਦੀ।

ਇਹਨਾਂ ਤੋਂ ਇਲਾਵਾ ਹੋਰ ਵਾਦ ਵਿਵਾਦ ਵਾਲੇ ਕਾਨੂੰਨਾਂ ਵਿਚ ਚੀਫ਼ ਆਫ਼ ਆਰਮੀ ਸਟਾਫ਼ ਬਣਾਉਣਾ, ਜਿਸ ਨਾਲ ਫ਼ੌਜ ਦੇ ਅਧਿਕਾਰੀਆਂ ਵਿਚ ਘਬਰਾਹਟ ਪੈਦਾ ਹੋ ਗਈ ਕਿਉਂਕਿ ਆਰਮੀ, ਏਅਰ ਫ਼ੋਰਸ ਅਤੇ ਸਮੁੰਦਰੀ ਫ਼ੌਜ ਦੇ ਮੁੱਖੀ ਆਜ਼ਾਦ ਤੌਰ ਤੇ ਆਪਣੇ ਫ਼ਰਜ਼ ਨਹੀਂ ਨਿਭਾ ਸਕਣਗੇ। ਉਹਨਾਂ ਉਪਰ ਇਕ ਚੀਫ ਆਫ਼ ਆਰਮੀ ਸਟਾਫ਼ ਬਿਠਾ ਦਿੱਤਾ ਗਿਆ ਹੈ। ਜਾਣੀ ਕਿ ਸਾਰੀ ਤਾਕਤ ਸਰਕਾਰ ਨੇ ਆਪਣੇ ਕੋਲ ਲੈ ਲਈ ਹੈ। ਮੋਟਰ ਵਹੀਕਲ ਕਾਨੂੰਨ ਬਣਾਕੇ ਜੁਰਮਾਨੇ ਬਹੁਤ ਜ਼ਿਆਦਾ ਕਰ ਦਿੱਤੇ ਗਏ ਹਨ, ਜਿਹਨਾਂ ਨੂੰ ਆਮ ਨਾਗਰਿਕ ਲਈ ਭਰਨਾ ਅਸੰਭਵ ਹੋ ਗਿਆ ਹੈ। ਬਾਲਕੋਟ ਏਅਰ ਸਟਰਾਈਕ ਫ਼ੋਕੀ ਵਾਹਵਾ ਸ਼ਾਹਵਾ ਲੈਣ ਲਈ ਕੀਤਾ ਗਿਆ, ਜਿਸਦਾ ਮਾੜਾ ਪੈਰਭਾਵ ਪਿਆ ਕਿਉਂਕਿ ਪਾਕਿਸਤਾਨ ਫ਼ੌਜ ਨੇ ਤਸਵੀਰਾਂ ਜਾਰੀ ਕਰਕੇ ਇਸ ਸਟਰਾਈਕ ਦਾ ਖ਼ੰਡਨ ਕਰ ਦਿੱਤਾ ਸੀ। ਹੁਣ ਤੱਕ ਦਾ ਸਭ ਤੋਂ ਵੱਡਾ ਵਾਦ ਵਿਵਾਦ ਤਿੰਨ ਖੇਤੀਬਾੜੀ ਕਾਨੂੰਨਾਂ ਦੇ ਬਣਨ ਨਾਲ ਹੋਇਆ ਹੈ। ਜਿਹਨਾਂ ਕਿਸਾਨਾ ਵਾਸਤੇ ਇਹ ਕਾਨੂੰਨ ਬਣਾਏ ਗਏ ਹਨ, ਉਹ ਕਿਸਾਨਾਂ ਨੂੰ ਪੈਰਵਾਨ ਨਹੀਂ। ਜਦੋਂ ਜਿਹਨਾਂ ਨੂੰ ਸਰਕਾਰ ਲਾਭ ਦੇਣਾ ਚਾਹੁੰਦੀ ਹੈ, ਉਹ ਇਨੈਹਾਂ ਕਾਨੂੰਨਾਂ ਨੂੰ ਆਪਣੇ ਲਈ ਨੁਕਸਾਨਦਾਇਕ ਕਹਿ ਰਹੇ ਹਨ, ਫਿਰ ਇਹ ਕਾਨੂੰਨ ਰੱਦ ਕਿਉਂ ਨਹੀਂ ਕੀਤੇ ਜਾ ਰਹੇ। ਖੇਤੀਬਾੜੀ ਰਾਜ ਦਾ ਵਿਸ਼ਾ ਹੈ, ਕੇਂਦਰ ਸਰਕਾਰ ਖੇਤੀ ਨਾਲ ਸੰਬੰਧਤ ਕਾਨੂੰਨ ਬਣਾ ਹੀ ਨਹੀਂ ਸਕਦੀ। ਕੇਂਦਰ ਸਰਕਾਰ ਨੇ ਕਮਰਸ ਵਿਭਾਗ ਰਾਹੀਂ ਕਾਨੂੰਨ ਬਣਾ ਦਿੱਤੇ ਜੋ ਬਿਲਕੁਲ ਹੀ ਗ਼ੈਰਕਾਨੂੰਨੀ ਹਨ। ਕਾਮਰਸ ਵਿਭਾਗ ਵਿਓਪਾਰੀਆਂ ਲਈ ਕਾਨੂੰਨ ਬਣਾ ਸਕਦਾ ਹੈ ਪਰੰਤੂ ਸਰਕਾਰ ਕਹਿ ਰਹੀ ਹੈ ਕਿ ਕਿਸਾਨਾ ਦੀ ਆਮਦਨ ਵਧਾਉਣ ਲਈ ਖੇਤੀਬਾੜੀ ਕਾਨੂੰਨ ਬਣਾਏ ਹਨ। ਸਰਕਾਰ ਨੇ ਕਾਨੂੰਨਾਂ ਦੇ ਨਾਮ ਵੀ ਖੇਤੀਬਾੜੀ ਨਾਲ ਸੰਬੰਧਤ ਰੱਖੇ ਹਨ। ਇਸ ਲਈ ਸਰਕਾਰ ਇਹ ਨਹੀਂ ਕਹਿ ਸਕਦੀ ਕਿ ਇਹ ਕਾਨੂੰਨ ਵਿਓਪਾਰੀਆਂ ਲਈ ਹਨ। ਵੈਸੇ ਅਸਲ ਵਿਚ ਸਰਕਾਰ ਨੇ ਵਿਓਪਾਰੀਆਂ ਨੂੰ ਲਾਭ ਪਹੁੰਚਾਉਣ ਲਈ ਇਹ ਕਾਨੂੰਨ ਬਣਾਏ ਹਨ, ਜਿਹਨਾਂ ਨੇ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਦਾ ਭਾਰ ਝੱਲਿਆ ਹੈ। ਖੇਤੀਬਾੜੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਦੇਸ਼ ਦੇ ਕਿਸਾਨ ਦਿੱਲੀ ਦੀਆਂ ਸਰਹੱਦਾਂ 'ਤੇ ਪਿਛਲੇ ਤਿੰਨ ਮਹੀਨੇ ਤੋਂ ਵੱਧ ਸਮੇਂ ਬੈਠੇ ਹਨ। ਸਾਰੇ ਦੇਸ਼ ਵਿਚ ਭਾਰਤੀ ਜਨਤਾ ਪਾਰਟੀ ਦੇ ਵਿਰੁਧ ਲੋਕ ਲਾਮਬੰਦ ਹੋ ਗਏ ਹਨ। ਜਿਤਨੇ ਹੁਣ ਤੱਕ ਭਾਰਤੀ ਜਨਤਾ ਪਾਰਟੀ ਨੇ ਕਾਨੂੰਨ ਬਣਾਏ ਹਨ, ਖੇਤੀਬਾੜੀ ਕਾਨੂੰਨਾਂ ਜਿਤਨਾ ਵਿਰੋਧ ਨਹੀਂ ਹੋਇਆ।

ਇਸ ਅੰਦੋਲਨ ਨੂੰ ਭਾਰਤ ਦੇ ਲੋਕਾਂ ਵਿਚ ਸਰਕਾਰ ਵਿਰੁਧ ਜਾਗੈਰਤੀ ਪੈਦਾ ਕਰਨ ਵਾਲਾ ਅੰਦੋਲਨ ਗਿਣਿਆਂ ਜਾਂਦਾ ਹੈ। ਇਹ ਸਾਰੇ ਕਾਨੂੰਨ ਵਾਦ ਵਿਵਾਦ ਵਾਲੇ ਹਨ। ਇਹਨਾਂ ਕਾਨੂੰਨਾਂ ਦੇ ਹੱਕ ਵਿਚ ਸਿਰਫ ਉਸ ਵਿਭਾਗ ਦਾ ਮੰਤਰੀ ਹੀ ਉਹਨਾਂ ਨੂੰ ਜ਼ਾਇਜ਼ ਠਹਿਰਾ ਰਹੇ ਹਨ। ਹੋਰ ਕੇਂਦਰੀ ਮੰਤਰੀ ਅਤੇ ਭਾਰਤੀ ਜਨਤਾ ਪਾਰਟੀ ਦੇ ਐਲ ਕੇ ਅਡਵਾਨੀ ਵਰਗੇ ਸੀਨੀਅਰ ਨੇਤਾ ਚੁਪ ਕਰਕੇ ਤਮਾਸ਼ਾ ਵੇਖ ਰਹੇ ਹਨ। ਉਹ ਅੰਦਰਖਾਤੇ ਸਰਕਾਰ ਦੀ ਬਦਨਾਮੀ ਤੋਂ ਖ਼ੁਸ਼ ਹਨ ਤਾਂ ਜੋ ਪ੍ਰਧਾਨ ਮੰਤਰੀ ਵਿਰੁਧ ਆਵਾਜ਼ ਉਠ ਖੜੈਹੇ। ਹੁਣ ਤੇਲ ਵੇਖੋ ਅਤੇ ਤੇਲ ਦੀ ਧਾਰ ਵੇਖੋ, ਊਂਟ ਕਿਸ ਕਰਵਟ ਬੈਠਦਾ ਹੈ। ਸੀਨੀਅਰ ਨੇਤਾਵਾਂ ਦੀ ਕਥਿਤ ਸਾਜ਼ਸ਼ ਸਿਰੇ ਚੜੈਹਦੀ ਹੈ ਜਾਂ ਇਸੇ ਤਰਾ ਸਰਕਾਰ ਡਿਕ ਡੋਲੇ ਖਾਂਦੀ ਪੰਜ ਸਾਲ ਕੱਢ ਜਾਵੇਗੀ।

# ਮਾਸਟਰ ਰਣਜੀਤ ਸਿੰਘ ਸਾਰੀ ਸੇਵਾ ਛਾਜਲਾ ਵਿਖੇ ਕਰਕੇ ਸੇਵਾ ਮੁਕਤ ਹੋਏ



ਮੇਜਰ ਸਿੰਘ ਨਾਭਾ
91-94635-53962

ਸ੍ਰ. ਰਣਜੀਤ ਸਿੰਘ ਆਰਟ / ਕਰਾਫਟ ਅਧਿਆਪਕ (ਡਰਾਇੰਗ ਮਾਸਟਰ ) ਆਪਣੀ ਸਾਰੀ ਸੇਵਾ ਇੱਕੋ ਥਾਂ ਸਰਕਾਰੀ ਹਾਈ ਸਕੂਲ ਛਾਜਲਾ (ਸੰਗਰੂਰ) ਵਿਖੇ ਕਰ ਕੇ 30 ਅਪ੍ਰੈਲ 2021 ਨੂੰ ਰਿਟਾਇਰ ਹੋ ਚੁੱਕੇ ਹਨ।ਲੰਬੇ ਸ਼ੰਘਰਸ਼ ਬਾਅਦ ਸਿੱਖਿਆ ਵਿਭਾਗ ਵਿੱਚ ਬਤੌਰ ਆਰਟ ਐਂਡ ਕਰਾਫਟ ਟੀਚਰ ਨਿਯੁਕਤੀ ਹੋਣ ਉਪਰੰਤ ਰਣਜੀਤ ਸਿੰਘ ਨੇ ਪਹਿਲੀ ਹਾਜ਼ਰੀ 17 ਮਈ 1997 ਨੂੰ ਸ.ਮਿ.ਸ. ਛਾਜਲਾ (ਸੰਗਰੂਰ) ਵਿਖੇ ਦੇ ਕੇ ਸਰਕਾਰੀ ਅਧਿਆਪਕ ਬਣਨ ਦਾ ਸੁਪਨਾ ਪੂਰਾ ਕਰ ਲਿਆ।ਜਦੋਂ ਉਹ ਸਕੂ.ਲ ਵਿੱਚ ਆਏ ਤਾਂ ਦੋ ਕਮਰਿਆਂ ਦੀ ਬਿਲਡਿੰਗ ਸੀ।ਜਦੋਂ 2000 'ਚ ਸਕੂਲ ਅਪਗ੍ਰੇਡ ਹੋ ਗਿਆ ਤਾਂ ਕਮਰਿਆ ਦੀ ਡਾਢੀ ਲੋੜ ਸੀ।ਰਣਜੀਤ ਸਿੰਘ 1997 ਤੋਂ ਹੀ ਪਹਿਲਾਂ ਤਾਂ ਕਿਰਾਏ 'ਤੇ ਛਾਜਲਾ ਵਿਖੇ ਰਹਿੰਦੇ ਰਹੇ ਅਤੇ 2014'ਚ ਇਥੇ ਹੀ ਸ੍ਰ. ਸੁਖਦੇਵ ਸਿੰਘ ਢੀਂਡਸਾ ਨਾਲ ਰਾਜਨੀਤਕ ਨੇੜ੍ਹਤਾ ਹੋਣ ਕਰਕੇ ਪੱਕੀ ਰਿਹਾਇਸ ਬਣਾ ਕੇ ਇਸ ਪਿੰਡ ਨੂੰ ਹੀ ਆਪਣੀ ਕਰਮ ਭੂਮੀ ਬਣਾ ਲਿਆ।ਇਸੇ ਕਰਕੇ ਵਿਭਾਗੀ ਸਹਿਯੋਗ,ਸਕੂਲ ਸਟਾਫ ਅਤੇ ਪਿੰਡ ਦੇ ਸਹਿਯੋਗ ਨਾਲ ਸਕੂਲ ਲਈ ਪੰਦਰਾਂ ਕਮਰੇ ਬਣ ਗਏ,ਜਿਸ ਵਿੱਚ ਰਣਜੀਤ ਸਿੰਘ ਦੇ ਅਸਰ ਰਸੂਖ ਨੇ ਪਿੰਡ ਵਾਸੀਆਂ ਤੋਂ ਵੱਧ ਤੋਂ ਵੱਧ ਸਹਿਯੋਗ ਲਿਆ।ਉਨ੍ਹਾਂ ਨੇ ਸਕੂਲ ਦਾ ਸੁੰਦਰੀਕਰਣ ਕਰਨ ਲਈ ਪਿੰਡ ਦੇ ਪੜ੍ਹ ਚੁੱਕੇ ਵੱਖ-ਵੱਖ ਵਿਭਾਗਾਂ 'ਚ ਡਿਊਟੀ ਕਰ ਰਹੇ ਵਿਦਿਆਰਥੀਆਂ ਤੋਂ 35000 ਰੁ: ਦੀ ਰਾਸ਼ੀ ਦਾ ਸਹਿਯੋਗ ਲਿਆ।ਸਕੂਲ ਲਈ ਉਨ੍ਹਾਂ ਨੇ ਇਸ ਕਾਰਜ ਲਈ ਆਪਣੇ ਵਲੋਂ ਵੀ 10000 ਰੁ: ਦਾਨ ਵਜੋਂ ਦਿੱਤੇ।

ਲੋੜਵੰਦਾਂ ਦੀ ਸੇਵਾ ਕਰਨਾ ਉਨ੍ਹਾਂ ਨੇ ਮਾਤਾ ਪਿਤਾ ਦੇ ਦਿੱਤੇ ਪਰਿਵਾਰਕ ਸੰਸਕਾਰਾਂ ਤੋਂ ਬਚਪਨ 'ਚ ਹੀ ਗ੍ਰਹਿਣ ਕਰ ਲਿਆ ਸੀ।ਇਸੇ ਕਰਕੇ ਉਹ ਲੋੜਵੰਦ ਬੱਚਿਆਂ ਦੀ ਮਦਦ ਕਰਨ ਲਈ ਹਮੇਸ਼ਾ ਤੱਤਪਰ ਰਹਿੰਦੇ ਰਹੇ ਹਨ। ਸਕੂਲ ਪ.ਸ.ਵ.ਕ.



ਦੇ ਇੰਚਾਰਜ ਹੋਣ ਕਰਕੇ ਸਕੂਲ ਦੇ ਵਿਕਾਸ ਦਾ ਕੰਮ ਇਮਾਨਦਾਰੀ ਅਤੇ ਜ਼ਿੰਮੇਵਾਰੀ ਨਾਲ ਕਰਵਾਉਂਦੇ ਰਹੇ।ਮਿਡ ਡੇ ਮੀਲ ਦੇ ਕੰਮ ਨੂੰ ਵਧੀਆ ਤਰੀਕੇ ਨਾਲ ਨਿਭਾਉਂਦੇ ਰਹੇ। ਉਸ ਸਮੇਂ ਦੇ ਡੀ.ਸੀ. ਸ਼੍ਰੀ ਵੀ.ਕੇ.ਓਹਰੀ ਵਲੋਂ ਸ੍ਰ. ਰਣਜੀਤ ਸਿੰਘ ਨੂੰ 2009 ਦੀਆਂ ਲੋਕ ਸਭਾ ਚੋਣਾਂ ਅਤੇ 2017 ਵਿੱਚ ਵਿਧਾਨ ਚੋਣਾਂ ਦੌਰਾਨ ਵਧੀਆ ਸੇਵਾਵਾਂ ਬਦਲੇ ਰਿਟਰਨਿੰਗ ਅਫਸਰ ਦਿੜ੍ਹਬਾ ਵਲੋਂ ਪ੍ਰਸ਼ੰਸ਼ਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ।

ਉਨ੍ਹਾਂ ਨੇ ਆਪਣੀ ਵਿਸ਼ੇ ਪ੍ਰਤੀ ਜ਼ਿੰਮੇਵਾਰੀ ਨੂੰ ਹੋਰ ਵਧੇਰੇ ਮਿਹਨਤ,ਲਗਨ ਅਤੇ ਇਮਾਨਦਾਰੀ ਨਾਲ ਪੜ੍ਹਾਉਣ ਸਦਕਾ ਹਮੇਸ਼ਾ ਸੌ ਪ੍ਰਤੀਸ਼ਤ ਨਤੀਜਾ ਆਉਣ ਨਾਲ ਬੱਚਿਆਂ ਦੇ ਦਿਲਾਂ ਅੰਦਰ ਨਿਵੇਕਲੀ ਥਾਂ ਬਣਾ ਲਈ।ਉਨ੍ਹਾਂ ਨੇ ਆਪਣੇ ਅਧਿਆਪਨ ਸਫਰ ਦੌਰਾਣ ਸਕੂਲ ਦੀਆਂ ਹੋਰ ਵਾਧੂ ਡਿਊਟੀਆਂ ਨੂੰ ਹਮੇਸ਼ਾਂ ਇਮਾਨਦਾਰੀ ਨਾਲ ਖਿੜੇ ਮੱਥੇ ਨਿਭਾਇਆ ਹੈ।ਸਕੂਲ ਦੇ ਹਰ ਕੰਮ ਨੂੰ ਮੂਹਰੇ ਹੋ ਕੇ ਕਰਨ ਕਾਰਨ ਸਕੂਲ ਮੁੱਖੀਆਂ ਨਾਲ ਅਤੇ ਸਟਾਫ ਨਾਲ ਵਧੀਆ ਸਬੰਧ ਰਹੇ ।ਇੱਕ ਨੇਕ ਵਿਲੱਖਣ ਸਖਸ਼ੀਅਤ ਹੋਣ ਦੇ ਨਾਤੇ ਉਹ ਅਧਿਆਪਕ, ਵਿਦਿਆਰਥੀ ਅਤੇ ਸਮਾਜ ਲਈ ਰੋਲ ਮਾਡਲ ਹਨ।ਉਨ੍ਹਾਂ ਨੇ ਤਕਰੀਬਨ 24 ਸਾਲ ਇੱਕੋ ਹੀ ਸਕੂਲ 'ਚ ਈਮਾਨਦਾਰੀ ਨਾਲ ਬੇਦਾਗ਼ ਸੇਵਾ ਨਿਭਾ ਕੇ ਸੇਵਾ ਮੁਕਤੀ ਪ੍ਰਾਪਤ ਕੀਤੀ ।

ਮੁੱਖ ਅਧਿਆਪਕ ਸ੍ਰ. ਭੂਪਾਲ ਸਿੰਘ ਚੰਨ ਅਤੇ ਸਮੂਹ ਸਕੂਲ ਸਟਾਫ ਵਲੋਂ ਸੇਵਾ ਮੁਕਤੀ ਸਮੇਂ ਸਾਦੀ ਅਤੇ ਪ੍ਰਭਾਵਸ਼ਾਲੀ ਵਿਦਾਇਗੀ ਪਾਰਟੀ 'ਚ ਸਨ੍ਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ।ਪਰਿਵਾਰਵਿਕ ਮੈਂਬਰਾਂ ਸੁਪਤਨੀ ਸ਼੍ਰੀਮਤੀ ਨਰਿੰਦਰ ਕੌਰ ,ਬੇਟੇ ਜਸਕੀਰਤ ਸਿੰਘ, ਨੂੰਹ ਸ਼੍ਰੀ-ਮਤੀ ਕਮਲਜੀਤ ਕੌਰ ਦਾ ਵੀ ਸਨਮਾਨ ਕੀਤਾ ਗਿਆ। ਸਕੂਲ ਮੁੱਖੀ ਨੇ ਸ੍ਰ. ਰਣਜੀਤ ਸਿੰਘ ਦੀਆਂ ਸਕੂ.ਲ ਪ੍ਰਤੀ ਕੀਤੀਆਂ ਬੇਦਾਗ ਸੇਵਾਵਾਂ ਦੀ ਸਰਾਹਨਾ ਕੀਤੀ ਜਿਨ੍ਹਾਂ ਨੇ ਸਾਰੀ ਸੇਵਾ ਇੱਕੋ ਸਕੂਲ 'ਚ ਕਰਕੇ ਆਪਣੀ ਇਲਾਕੇ 'ਚ ਇੱਕ ਵੱਖਰੀ ਪਹਿਚਾਣ ਬਣਾ ਕੇ ਵਿਚਰਨ ਕਾਰਨ ਅਧਿਆਪਕਾਂ 'ਚ ਨਿਵੇਕਲੀ ਥਾਂ ਬਣਾ ਕੇ ਸਕੂਲ ਦੀ ਵੀ ਸ਼ਾਨ ਵਧਾਈ।

ਉਨ੍ਹਾਂ ਕਿਹਾ ਕਿ ਉਹ ਮਿੱਠਬੋਲੜੇ ਅਤੇ ਮਿਲਣਸਾਰ ਸੁਭਾਅ ਵਾਲੇ ਇਨਸਾਨ ਹਨ। ਇਸ ਸਮੇਂ ਜਥੇਦਾਰ ਹਰੀ ਨੰਦ ਸਿੰਘ ਛਾਜਲਾ, ਸ੍ਰ. ਬਲਵਿੰਦਰ ਸਿੰਘ, ਸ਼ੀਮਤੀ ਸਰਬਜੀਤ ਕੌਰ (ਦੋਨੋਂ ਸਾਬਕਾ ਚੇਅਰਮੈਨ), ਸ੍ਰ. ਪਰਮਜੀਤ ਸਿੰਘ ਪੰਜਾਬੀ ਮਾਸਟਰ, ਸ਼੍ਰੀ ਰਵੀ ਸ਼ੰਕਰ ਕੰਪ: ਫੈਕਲਟੀ ,ਸ੍ਰ. ਕੁਲਵੰਤ ਸਿੰਘ, ਸ੍ਰ. ਕੁਲਵੀਰ ਸਿੰਘ,ਮਾ: ਦਰਬਾਰਾ ਸਿੰਘ ਛਾਜਲੀ, ਸ੍ਰ. ਨੇਤਰ ਸਿੰਘ, ਸ਼ੀਮਤੀ ਬਲਵਿੰਦਰ ਕੌਰ, ਸ਼ੀਮਤੀ ਅਨੀਤਾ ਬੱਤਰਾ ,ਸ਼ੀਮਤੀ ਬਿਮਲਾ ਸ਼ਰਮਾ ਮੈਥ ਮਿਸਟ੍ਰੈਸ, ਸ਼ੀਮਤੀ ਰਜਿੰਦਰ ਕੌਰ, ਮੈਡਮ ਮੇਘਨਾ ਗਰੋਵਰ ਨੇ ਸ੍ਰ, ਰਣਜੀਤ ਸਿੰਘ ਨੂੰ ਸੇਵਾ ਮੁਕਤੀ 'ਤੇ ਵਧਾਈ ਦਿੱਤੀ ਅਤੇ ਕਾਮਨਾ ਕੀਤੀ ਕਿ ਪਰਮਾਤਮਾ ਉਨ੍ਹਾਂ ਨੂੰ ਹਮੇਸ਼ਾਂ ਚੜ੍ਹਦੀਕਲਾ ਅਤੇ ਸਮਾਜ ਦੀ ਹੋਰ ਵਧੇਰੇ ਸੇਵਾ ਕਰਨ ਦਾ ਬਲ ਬਖਸ਼ੇ।

# ਛੋਟਾ ਘੱਲੂਘਾਰਾ- 17 ਮਈ, 1746 ’ਤੇ ਵਿਸ਼ੇਸ਼



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਸਿੱਖ ਧਰਮ ਅਤੇ ਰਾਜਨੀਤੀ ਸੰਸਾਰ ਵਿਚ ਹਮੇਸ਼ਾ ਚਰਚਾ ਦੇ ਵਿਸ਼ੇ ਰਹੇ ਹਨ। ਸਿੱਖ ਧਰਮ ਮੂਲ ਰੂਪ ਵਿਚ ਇਕ ਸਮਾਜ ਸੁਧਾਰ ਦੀ ਇਨਕਲਾਬੀ ਲਹਿਰ ਹੈ। ਇਹ ਇਕ ਮਾਨਵਤਾਵਾਦੀ ਧਰਮ ਹੈ, ਜਿਸਨੇ ਸਦਾ ਹੀ ਸਮਾਜ ਨੂੰ ਪ੍ਰਭਾਵਿਤ ਕੀਤਾ ਹੈ। ਜੋ ਹਰ ਮਨੁੱਖ ਦੀ ਪੂਰਨ ਆਜ਼ਾਦੀ ਦਾ ਸੰਕਲਪ ਦ੍ਰਿੜ੍ਹ ਕਰਵਾਉਂਦਾ ਹੈ। ਹਕੂਮਤਾਂ ਨੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਲਈ ਹਰ ਹਰਬਾ ਵਰਤਿਆ। ਦੂਸਰੇ ਪਾਸੇ ਜ਼ੁਲਮਾਂ ਦਾ ਟਾਕਰਾ ਕਰਦੇ, ਮਨੁੱਖੀ ਕਦਰਾਂ-ਕੀਮਤਾਂ, ਹੱਕ-ਸੱਚ, ਨਿਆਂ ਅਤੇ ਸਵੈ-ਰੱਖਿਆ ਆਜ਼ਾਦੀ ਵਾਸਤੇ ਫੌਜੀ ਖਾਲਸਾ ਤਿਆਰ ਹੋਇਆ, ਜਿਸਨੇ ਹਮੇਸ਼ਾ ਹੱਸ-ਹੱਸ ਕੇ ਕੁਰਬਾਨੀਆਂ ਦਿੱਤੀਆਂ। ਇਤਿਹਾਸ ਦਾ ਪੰਨਾ ਪੰਨਾ ਸਿੱਖ ਸ਼ਹਾਦਤਾਂ ਦਾ ਗਵਾਹ ਹੈ। ਕਈ ਖੂਨੀ ਮੁਹਿੰਮਾਂ ਵਿਚੋਂ ਲੰਘ ਕੇ ਆਪਣਾ ਖਾਲਸਾ ਰਾਜ ਸਥਾਪਤ ਕੀਤਾ। ਹਕੂਮਤਾਂ ਨਾਲ ਟੱਕਰ ਲੈਂਦੇ ਹੋਏ ’ਛੋਟਾ ਘੱਲੂਘਾਰਾ’ ਵੀ ਵਾਪਰਿਆ। ਜੋ ਇਤਿਹਾਸ ਵਿਚ ਮਹੱਤਵਪੂਰਨ ਸਥਾਨ ਰੱਖਦਾ ਹੈ। ਜੋ ਸਿੰਘਾਂ ਅਤੇ ਮੁਗਲਾਂ ਵਿਚਕਾਰ 17 ਮਈ 1746 ਨੂੰ ਜ਼ਿਲ੍ਹਾ ਗੁਰਦਾਸਪੁਰ ਦੇ ਕਾਹਨੂੰਵਾਨ ਛੰਬ ’ਚ ਵਾਪਰਿਆ। ਕਾਹਨੂੰਵਾਨ ਛੰਬ ਜੋ ਗੁਰਦਾਸਪੁਰ ਤੋਂ ਮੁਕੇਰੀਆਂ ਜਾਂਦੀ ਸੜਕ ਉੱਤੇ 8 ਕਿਲੋਮੀਟਰ ਦੂਰ ਫੌਜੀ ਛਾਉਣੀ ਤਿੱਬਤ ਤੋਂ ਸੱਜੇ ਪਾਸੇ 4 ਕਿਲੋਮੀਟਰ ’ਤੇ ਸਥਿਤ ਹੈ। ਦੂਸਰੇ ਘੱਲੂਘਾਰੇ ਵੇਲੇ ਸਿੱਖਾਂ ਦਾ ਵੱਡਾ ਕਤਲੇਆਮ ਹੋਇਆ ਸੀ। ਇਸ ਲਈ ਉਸਨੂੰ ਵੱਖਰਾ ਦਰਸਾਉਣ ਲਈ ਇਸਨੂੰ ‘ਛੋਟਾ ਘੱਲੂਘਾਰਾ’ ਕਿਹਾ ਜਾਂਦਾ ਹੈ।

2 ਜੁਲਾਈ 1745 ਈ: ਜਕਰੀਆ ਖਾਨ ਦੀ ਮੌਤ ਤੇ ਉਸਦਾ ਲੜਕਾ ਯਹੀਆ ਖਾਨ ਲਾਹੌਰ ਦਾ ਸੂਬੇਦਾਰ ਬਣਿਆ। ਉਸਨੇ ਲੱਖਪਤ ਰਾਏ ਨੂੰ ਆਪਣਾ ਗਵਰਨਰ ਨਿਯੁਕਤ ਕੀਤਾ। ਮਈ 1746 ਵਿਚ ਐਮਨਾਬਾਦ ਸੈਦਪੁਰ ਪੱਛਮੀ ਪੰਜਾਬ ਪਾਕਿਸਤਾਨ ਨੇੜੇ ਗੁਰਦੁਆਰਾ ’ਰੋੜੀ ਸਾਹਿਬ’ ਦੇ ਦਰਸ਼ਨ ਲਈ ਸਿੱਖ ਜਥੇ ਆਉਣ ਦੀ ਖ਼ਬਰ ਜਦ ਲੱਖਪੱਤ ਰਾਏ ਨੂੰ ਮਿਲੀ, ਉਸਨੇ ਸਿੰਘਾਂ ਨੂੰ ਦਰਸ਼ਨ ਤੋਂ ਰੋਕਣ ਲਈ ਆਪਣੇ ਭਰਾ ਜਸਪੱਤ ਦੀ ਅਗਵਾਈ ਹੇਠ ਫੌਜ ਲਾਹੌਰ ਭੇਜੀ। ਜਥੇ ਨੂੰ ਐਮਨਾਬਾਦ ਤੋਂ 25 ਕਿਲੋਮੀਟਰ ਦੂਰ ਪਿੰਡ ਗੁਸਾਈਆਂ ਨੇੜੇ ਰੋਕਿਆ ਗਿਆ। ਸਿੰਘ ਲੰਮੇ ਸਫ਼ਰ ਤੋਂ ਭੁੱਖਣਭਾਣੇ ਸਨ। ਉਹ ਸਿਰਫ਼ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਜਨਮ ਅਸਥਾਨ ਦੇ ਦਰਸ਼ਨ ਕਰਨਾ ਚਾਹੁੰਦੇ ਸਨ। ਲੰਗਰ ਪਾਣੀ ਛਕ ਕੇ ਆਰਾਮ ਲਈ ਰਾਤ ਕੱਟਣੀ ਚਾਹੁੰਦੇ ਸਨ। ਪਰ ਜਸਪੱਤ ਨੇ ਉਹਨਾਂ ਦੀ ਇਕ ਨਾ ਸੁਣੀ। ਇਸ ਝੜੱਪ ਵਿਚ ਨਿਭਾਹੂ ਸਿੰਘ ਯੋਧੇ ਨੇ ਹਾਥੀ ਤੇ ਬੈਠੇ ਜਸਪੱਤ ਦਾ ਸਿਰ ਲਾਹ ਦਿੱਤਾ।

ਲਖਪੱਤ ਰਾਏ ਨੂੰ ਜਦੋਂ ਆਪਣੇ ਭਰਾ ਦੇ ਮਾਰੇ ਜਾਣ ਦੀ ਖ਼ਬਰ ਮਿਲੀ, ਉਸ ਕ੍ਰੋਧ ਵਿਚ ਆ ਕੇ ਫੌਜਦਾਰ ਯਹੀਆ ਖਾਨ ਦੀ ਹਾਜ਼ਰੀ ਵਿਚ ਪੱਗ ਲਾਹ ਕੇ ਸਹੁੰ ਖਾਧੀ ਕਿ ਹੁਣ ਉਹ ਸਿੱਖੀ ਦਾ ਨਾਮੋ-ਨਿਸ਼ਾਨ ਮਿਟਾ ਦੇਵੇਗਾ। ਉਸਨੇ ਲਾਹੌਰ ਦੇ ਗਵਰਨਰ ਯਹੀਆ ਖਾਨ ਤੋਂ ਫੌਜ ਮੰਗੀ। ਅਗਲੇ ਹੀ ਦਿਨ ਲਾਹੌਰ ਵਿਚ ਮੱਸਿਆ ਤੇ ਉਸਨੇ ਬਜ਼ਾਰ ਜਾਂਦੇ ਹਰ ਸਿੱਖ ਨੂੰ ਕਤਲ ਕਰਨਾ ਸ਼ੁਰੂ ਕਰ ਦਿੱਤਾ। ਇਸ ਦਰਦਨਾਕ ਘਟਨਾ ਦੀ ਦੁਖਦਾਈ ਖ਼ਬਰ ਜਰਨੈਲ ਨਵਾਬ ਕਪੂਰ ਸਿੰਘ ਜੀ ਨੂੰ ਮਿਲੀ। ਉਹਨਾਂ ਨੇ ਸਾਰੇ ਜਰਨੈਲਾਂ ਨੂੰ ਸੁਨੇਹੇ ਭੇਜ ਕੇ ਫੌਜਾਂ ਲੈ ਕੇ ਕਾਹਨੂੰਵਾਨ ਪਹੁੰਚਣ। ਜਰਨੈਲ 25000 ਦੀ ਫੌਜ ਨਾਲ ਪਹੁੰਚੇ। ਦੂਸਰੇ ਪਾਸੇ ਦੀਵਾਨ ਲਖਪਤ ਰਾਏ ਨੇ ਲੱਖਾਂ ਦੀ ਫੌਜ ਨਾਲ ਘੇਰਾ ਪਾ ਲਿਆ। ਸ਼ਾਹੀ ਫੌਜ ਨੇ ਕਾਹਨੂੰਵਾਨ, ਹਰਿਗੋਬਿੰਦਪੁਰ, ਗੁਰਦਾਸਪੁਰ, ਬਿਆਸ ਦਰਿਆ ਨਾਲ ਜੁੜੇ ਵਿਸ਼ਾਲ ਛੰਬ ਵਿਚ ਫੌਜੀ ਚੌਕੀਆਂ ਬਣਾ ਲਈਆਂ। ਤੋਪਾਂ ਬੀੜ ਦਿੱਤੀਆਂ। ਛੰਬ ਨੇੜਲੇ ਲੋਕਾਂ ਨੂੰ ਸਿੱਖਾਂ ਦੀ ਜਾਣਕਾਰੀ ਦਿੰਦੇ ਰਹਿਣ ਲਈ ਕਿਹਾ। ਪਹਾੜੀ ਰਾਜਿਆਂ ਨਾਲ ਸੰਪਰਕ ਬਣਾ ਕੇ ਸਿੱਖਾਂ ਨੂੰ ਮੁਕਾਉਣਾ ਸ਼ੁਰੂ ਕਰ ਦਿੱਤਾ।

ਇਹ ਛੰਬ ਦਾ ਸੰਘਣੇ ਜੰਗਲਾਂ ਦਾ ਇਲਾਕਾ ਪਹਿਲਾਂ ਵੀ ਮੁਸੀਬਤ ਵੇਲੇ ਸਿੰਘਾਂ ਦੀ ਪਨਾਹਗਾਹ ਸੀ। ਸਿੰਘ ਜੰਗਲ ਵਿਚ ਰਹਿਣ ਕਰਕੇ ਫੌਜੀ ਸਿਖਲਾਈ ਦੇ ਦਾਅ-ਪੇਚ ਸਭ ਜਾਣਦੇ ਸਨ। ਸਿੰਘ ਰਾਤ ਨੂੰ ਜੰਗਲ ਤੋਂ ਬਾਹਰ ਨਿਕਲਦੇ। ਲਖਪਤ ਰਾਏ ਦੀਆਂ ਫੌਜਾਂ ਦਾ ਕਤਲੇਆਮ ਕਰਕੇ ਰਾਸ਼ਨ ਅਤੇ ਹਥਿਆਰ ਲੁੱਟ ਕੇ ਟਿਕਾਣਿਆਂ ’ਤੇ ਚਲੇ ਜਾਂਦੇ।ਇਸ ਕੰਡਿਆਲੀਆਂ ਝਾੜੀਆਂ ਦੇ ਜੰਗਲ ਵਿਚ ਸਿੰਘ ਭੁੱਖਣ-ਭਾਣੇ ਗੁਰੀਲਾ ਢੰਗ ਨਾਲ ਯੁੱਧ ਦੀ ਰਣਨੀਤੀ ਵਰਤਦੇ ਰਹੇ। ਲਖਪਤ ਰਾਏ ਆਪਣੀ ਇਸ ਹਾਰ ਨੂੰ ਵੇਖ ਕੇ ਘਟੀਆਪਣ ’ਤੇ ਉਤਰ ਆਇਆ। ਉਸਨੇ ਨੇੜਲੇ ਪਿੰਡਾਂ ਦੇ ਲੁਹਾਰ ਤਰਖਾਣ ਮੰਗਵਾ ਕੇ ਜੰਗਲ ਦੇ ਹੀ ਰੁੱਖ ਕਟਵਾ ਕੇ ਚੁਫੇਰਿਓਂ ਅੱਗ ਲਗਵਾ ਦਿੱਤੀ। ਲੱਗਭੱਗ 5 ਹਜ਼ਾਰ ਸਿੰਘਾਂ ਦੀ ਫੌਜ ਨੂੰ ਮੁਸੀਬਤ ਪੈ ਗਈ।

ਸਿੰਘਾਂ ਵਾਸਤੇ ਇਹ ਘੋਰ ਬਿਪਤਾ ਦਾ ਸਮਾਂ ਸੀ। ਫਿਰ ਵੀ ਉਹਨਾਂ ਨੇ ਮੁਗਲ ਫੌਜ ਦਾ ਟਾਕਰਾ ਬੜੀ ਬਹਾਦਰੀ ਨਾਲ ਕੀਤਾ। ਇਕ ਤਾਂ ਅਤਿ ਦੀ ਗਰਮੀ, ਦੂਸਰਾ ਜੰਗਲ ਦੀ ਭਿਆਨਕ ਅੱਗ, ਤੀਸਰਾ ਉੱਚਾ ਸਿੱਧਾ ਪਹਾੜ ਤੇ ਵਿਰੋਧੀ ਰਾਜੇ, ਚੌਥਾ ਚੜ੍ਹਦੇ ਪਾਸੇ ਸ਼ੂਕਦਾ ਬਿਆਸ ਦਰਿਆ। ਛੰਬ ਛੱਡ ਕੇ ਜਾਣ ਦਾ ਕੋਈ ਰਸਤਾ ਨਹੀਂ ਸੀ। ਲਖਪਤ ਦੀਆਂ ਫੌਜਾਂ ਬੜੀ ਤੇਜ਼ੀ ਨਾਲ ਮਾਰੋ-ਮਾਰ ਕਰਦੀਆਂ ਵੱਧ ਰਹੀਆਂ ਸਨ। ਇਸ ਵਿਸ਼ਾਲ ਜੰਗੀ ਘੇਰੇ ਵਿਚ ਨਵਾਬ ਕਪੂਰ ਸਿੰਘ, ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਸੁੱਖਾ ਸਿੰਘ ਮਾੜੀ ਕੰਬੋਕੀ, ਸਰਦਾਰ ਗੁਰਦਿਆਲ ਸਿੰਘ ਡਲੇਵਾਲ ਅਗਵਾਈ ਕਰ ਰਹੇ ਸਨ।

ਕੁਝ ਸਿੰਘਾਂ ਨੇ ਇਹ ਬਿਖੜਾ ਪੈਂਡਾ ਤਹਿ ਕਰਕੇ ਰਾਵੀ ਦਰਿਆ ਪਾਰ ਕਰਕੇ ਕਠੂਆ ਤੇ ਬਸੌਲੀ ਵੱਲ ਚਾਲੇ ਪਾ ਦਿੱਤੇ। ਅੱਗੋਂ ਪਹਾੜੀ ਰਾਜਿਆਂ ਨੇ ਗੋਲੀਆਂ ਦੀ ਬੁਛਾੜ ਕਰ ਦਿੱਤੀ। ਸਿੰਘ ਫਿਰ ਵੀ ਚੜ੍ਹਦੀ ਕਲਾ ਵਿਚ ਜੈਕਾਰੇ ਲਾਉਂਦੇ ਦੁਸ਼ਮਣ ’ਤੇ ਟੁੱਟ ਪਏ। ਉਹ ਰਣਭੂਮੀ ਵਿਚ ਜੂਝ ਰਹੇ ਸਨ। ਇਸ ਘਮਸਾਨ ਦੇ ਗਹਿਗੱਚ ਯੁੱਧ ਵਿਚ 7000 ਸਿੰਘ ਸ਼ਹੀਦੀ ਪਾ ਗਏ। ਲਖਪਤ ਰਾਏ ਦੀ ਫੌਜ ਦੇ ਨਾਮੀ ਜਰਨੈਲ ਵੀ ਮਾਰੇ ਗਏ। ਲੱਗਭੱਗ 3000 ਸਿੰਘਾਂ ਨੂੰ ਫੜ ਕੇ ਲਾਹੌਰ ਦੇ ਨਖਾਸ ਚੌਂਕ ਵਿਚ ਸ਼ਹੀਦ ਕਰ ਦਿੱਤਾ ਗਿਆ।

ਕਈ ਸਿੰਘ ਜੰਗਲ ਦੀ ਅੱਗ ਤੇ ਦਰਿਆ ਦੀ ਮਾਰ ਹੇਠ ਸ਼ਹੀਦੀਆਂ ਪਾ ਗਏ। ਪਹਿਲਾਂ ਇਸ ਯੁੱਧ ਨੂੰ ਸਿਰਫ਼ ਘੱਲੂਘਾਰਾ ਹੀ ਕਿਹਾ ਜਾਂਦਾ ਸੀ। ਮੁਗਲਾਂ ਦੇ ਦੋ ਦਹਾਕੇ ਚੱਲੇ ਇਸ ਤਸ਼ੱਦਦ ਵਿਚ। ਫਿਰ 1762 ਈ: ਵਿਚ ਕੁੱਪ-ਰਹੀੜੇ ਦੇ ਅਸਥਾਨ ’ਤੇ ਹੋਏ ਸਿੱਖਾਂ ਦੇ ਭਾਰੀ ਕਤਲੇਆਮ ਤੋਂ ਬਾਅਦ ਇਸ ਨੂੰ ’ਛੋਟਾ ਘੱਲੂਘਾਰਾ’ ਕਿਹਾ ਜਾਣ ਲੱਗ ਪਿਆ। ਘੱਲੂਘਾਰੇ ਦਾ ਮਤਲਬ ਹੈ- ’ਸਭ ਕੁਝ ਬਰਬਾਦ ਹੋ ਜਾਣਾ’। ਘੱਲੂਘਾਰਾ ਅਫਗਾਨੀ ਬੋਲੀ ਵਿਚੋਂ ਹੈ।

**ਅੰਤਿਕਾ:-** ਇਤਿਹਾਸ ਗਵਾਹ ਹੈ ਕਿ ਸਿੰਘ ਜਦ ਵੀ ਯੁੱਧ ਵਿਚ ਜੂਝੇ, ਉਹਨਾਂ ਆਪਣੀ ਨਿੱਜੀ ਹੋਂਦ ਨੂੰ ਧਰਮ ਯੁੱਧ ਵਿਚ ਸਮਰਪਣ ਕੀਤਾ ਹੈ। ਉਹਨਾਂ ਕਦੇ ਮੌਤ ਨਾਲ ਸਮਝੌਤਾ ਨਹੀਂ ਕੀਤਾ। ਜੂਝ ਕੇ ਮਰਨ ਮਿਟਣ ਵਿਚ ਵਿਸ਼ਵਾਸ ਰੱਖਦੇ ਸਨ ਅਤੇ ਗਾਉਂਦੇ ਸਨ:

ਸਿਰੁ ਜਾਵੇ ਤਾ ਜਾਵੇ ਮੇਰਾ ਸਿਖੀ ਸਿਦਕ ਨਾ ਜਾਵੇ
ਸਮੂਹ ਸ਼ਹੀਦਾਂ ਨੂੰ ਕੌਮ ਦਾ ਪ੍ਰਣਾਮ।



# ਸਿਆਸੀ ਚੀਕੂ (A Political Love Story)



ਮਿੰਟੂ ਬਰਾੜ, ਆਸਟ੍ਰੇਲੀਆ
+61-434-289-905

ਚੀਕੂ ਦਾ ਇਤਿਹਾਸ ਕੀ ਹੈ ਇਹ ਕਿਥੋਂ ਆਇਆ, ਦੁਨੀਆ ਦੇ ਕਿਹੜੇ ਖਿੱਤੇ 'ਚ ਇਸ ਦੀ ਕਾਸ਼ਤ ਹੁੰਦੀ ਹੈ ਤੇ ਕਿੱਥੇ ਨਹੀਂ ਹੁੰਦੀ ਅਤੇ ਕਿਹੜੇ ਮੌਸਮ 'ਚ ਹੁੰਦਾ ਆਦਿ। ਇਹਨਾਂ ਸਾਰੀਆਂ ਗੱਲਾਂ ਤੇ ਸਮਾਂ ਜਾਇਆ ਨਹੀਂ ਕਰਾਂਗਾ ਇਹ ਤੁਸੀਂ ਆਪ ਗੂਗਲ ਤੋਂ ਪੜ ਲਓ ਕਿਉਂਕਿ ਮੈਂ ਵੀ ਉੱਥੋਂ ਹੀ ਨਕਲ ਮਾਰ ਕੇ ਆਪਣੇ ਆਪ ਨੂੰ ਵਿਦਵਾਨ ਦਰਸਾਉਣ ਦੀ ਅਸਫਲ ਕੋਸ਼ਿਸ਼ ਕਰਨੀ ਸੀ।

ਬੱਸ ਚੀਕੂ ਬਾਰੇ ਜੋ ਹੁਣ ਤੱਕ ਸੱਚ ਦਾ ਗਿਆਨ ਮੇਰੇ ਜ਼ੇਹਨ 'ਚ ਹੈ ਉਹ ਸਿਰਫ਼ ਇਕ ਲਾਈਨ ਦਾ ਹੈ ਕਿ ਜਦੋਂ ਕਦੇ ਬਚਪਨ 'ਚ ਤਾਪ ਚੜ ਜਾਂਦਾ ਤਾਂ ਚਾਅ ਨਹੀਂ ਸੀ ਚੁੱਕਿਆ ਜਾਂਦਾ। ਇਸ ਪਿੱਛੇ ਕਾਰਨ ਹੁੰਦਾ ਸੀ ਕਿ ਇਕ ਤਾਂ ਗੁਲੂਕੋਸ ਦੇ ਬਿਸਕੁਟ ਖਾਣ ਨੂੰ ਮਿਲਣਗੇ, ਦੂਜੀ ਡਬਲਰੋਟੀ ਅਤੇ ਤੀਜੇ ਚੀਕੂ। ਸੋ ਇਸ ਦਾ ਮਤਲਬ ਇਹ ਹੋਇਆ ਕਿ ਚੀਕੂ ਬਿਮਾਰਾਂ ਦੇ ਲਈ ਕਾਫ਼ੀ ਲਾਹੇਵੰਦ ਫਲ ਹੈ।

ਕੱਲ ਦਾ ਚੀਕੂ ਇਕ ਬਾਰ ਫੇਰ ਚਰਚਾ 'ਚ ਹੈ। ਸੋਚਿਆ ਚਰਚਾ ਛੇੜਨ ਵਾਲੇ ਤਾਂ ਬਿਮਾਰ ਵੀ ਨਹੀਂ ਜਾਪਦੇ! ਫੇਰ ਹੁਣ ਅਚਾਨਕ ਇਹ ਚੀਕੂ ਹਰ ਇਕ ਦੀ ਜ਼ੁਬਾਨ ਤੇ ਕਿਵੇਂ ਆ ਚੜਿਆ। ਹਰ ਕੋਈ ਇਸ ਤੇ ਵਿਅੰਗ ਕਰਨ ਲਈ ਕਾਹਲਾ, ਵੀ ਕੀਤੇ ਮੈਂ ਨਾ ਪਿੱਛੇ ਰਹਿ ਜਾਵਾਂ।

ਬਹੁਤ ਸਾਰੇ ਸੱਜਣ ਕਹਿ ਰਹੇ ਹਨ ਕਿ ਰਾਜਾ ਸਾਹਿਬ ਦੀ ਫ਼ੋਨ ਕਾਲ ਲੀਕ ਹੋ ਗਈ। ਬੜੀ ਤੇਜ਼ੀ ਨਾਲ ਇਕ ਵੀਡੀਓ ਇਕ ਫ਼ੋਨ ਤੋਂ ਦੂਜੇ ਫ਼ੋਨ 'ਚ ਜਾ ਰਹੀ ਹੈ। ਪਰ ਮੇਰੀ ਪੁੱਠੀ ਖੋਪੜੀ ਦੂਜੇ ਪੱਖ ਲੱਭਣ ਤੁਰੀ ਹੋਈ ਆ। ਮੈਨੂੰ ਲਗਦਾ ਤੁਸੀਂ ਭੁੱਲ ਗਏ ਪਿਛਲੇ ਦਿਨੀਂ ਇਕ ਡਰਾਮਾ ਹੋਇਆ ਸੀ। ਜਿਸ 'ਚ ਕਪਤਾਨ ਦਾ ਨੀਤੀ ਘਾੜਾ ਕਾਫ਼ੀ ਚਰਚਾ 'ਚ ਰਿਹਾ।

ਸੋਚਣ ਵਾਲੀ ਗੱਲ ਹੈ ਕਿਤੇ ਇਹ ਵੀ ਇਕ ਚੋਣ ਨੀਤੀ ਤਾਂ ਨਹੀਂ? ਚੋਣਾਂ ਅਕਸਰ ਮੁੱਦਿਆਂ ਤੇ ਲੜੀਆਂ ਜਾਂਦੀਆਂ ਹਨ। ਜਦੋਂ ਜਨਤਾ ਰੋ ਪਿੱਟ ਕੇ ਕੋਈ ਮੁੱਦਾ ਚੁੱਕਦੀ ਹੈ ਤਾਂ ਫੇਰ ਸਿਆਸੀ ਲੋਕ ਉਸ ਦੇ ਮੂੰਹ 'ਚ ਚੁੰਘਣੀ ਪਾ ਦਿੰਦੇ ਹਨ। ਐਤਕੀਂ ਲਗਦਾ ਜਨਤਾ ਥੋੜੀ ਜਿਹੀ ਬਿਮਾਰ ਸੀ ਤੇ ਰਾਜੇ ਨੇ ਸੋਚਿਆ ਕਿ ਬਿਮਾਰਾਂ ਲਈ ਚੁੰਘਣੀ ਨਾਲੋਂ ਚੀਕੂ ਕਾਫ਼ੀ ਲਾਹੇਵੰਦ ਰਹੇਗਾ।

ਸੋ ਹੁਣ ਮੇਰੀ ਪਿਆਰੀ ਜਨਤਾ ਅਤੇ ਵਿਰੋਧੀਆਂ ਨੂੰ ਚੀਕੂ ਮਿਲ ਗਿਆ ਤੇ ਚੋਣਾਂ ਤੱਕ ਚੀਕੂ-ਚੀਕੂ ਦੀ ਆਵਾਜ਼ 'ਚ ਵਿਕਾਸ, ਵਾਅਦੇ ਅਤੇ ਮੁੱਦੇ ਵਿਚਾਰੇ ਖੁੱਡੇ ਲੱਗ ਜਾਣਗੇ। ਰਾਜੇ ਦੇ ਪਿਛਲੇ ਰਾਜ ਵੇਲੇ ਵੀ ਵਿਰੋਧੀਆਂ ਕੋਲ ਰਾਜੇ ਦੇ ਖਿਲਾਫ਼ ਸਿਰਫ਼ ਚੁਟਕਲੇ ਹੀ ਤਾਂ ਸੀ। ਕੋਈ ਰਾਜੇ ਦੀ ਪਜਾਮੀ 'ਚ ਚੂਹੇ ਛੱਡ-ਛੱਡ ਭੋਲੀ ਭਾਲੀ ਜਨਤਾ ਦੇ ਦਿਲ ਲੁੱਟੀ ਜਾਂਦਾ ਸੀ ਕੋਈ ਰਾਜੇ ਦੇ ਪਜਾਮੀ ਪਾਉਣ ਤੋਂ ਲੈ ਕੇ ਢਾਠੀ ਬੰਨਣ ਤੱਕ ਦੇ ਸੀਨ ਦੀ ਰਾਸ-ਲੀਲਾ ਸਟੇਜ 'ਤੇ ਪਰੋਸ ਰਿਹਾ ਸੀ। ਹੁਣ ਚੀਕੂ ਦੇ ਚਾਅ 'ਚ ਕਿਥੇ ਯਾਦ ਰਹਿਣਾ ਕਿ ਪੰਜਾਬ ਦਾ ਵਾਲ-ਵਾਲ ਕਰਜ਼ਾਈ ਹੈ, ਕਿਸ ਨੇ ਦਿੱਲੀ ਬੈਠੇ ਕਿਸਾਨਾਂ ਦੀ ਆਵਾਜ਼ ਬਣਨਾ, ਕਿਸ ਨੇ ਨਸ਼ਿਆਂ 'ਚ ਗ਼ਲਤਾਨ ਜਵਾਨੀ ਬਾਰੇ ਸੋਚਣਾ ਅਤੇ ਕਿਸ ਨੇ ਜਹਾਜ਼ ਚੜ ਰਹੀ ਜਵਾਨੀ ਨੂੰ ਰੋਕਣ ਦਾ ਉਪਰਾਲਾ ਕਰਨਾ? ਖੁਦਕੁਸ਼ੀਆਂ ਦੇ ਮਸਲੇ ਤਾਂ ਬੀਤੇ ਯੁੱਗ ਦੀਆਂ ਗੱਲਾਂ ਜਾਪਣ ਲੱਗ ਜਾਣੀਆਂ ਹਨ, ਇਸ ਚੀਕੂ ਕਾਂਡ ਮੂਹਰੇ।

ਹੁਣ ਛੋਟੇ ਬਾਦਲ ਸਾਹਿਬ ਸਟੇਜਾਂ ਤੇ ਲਲਕਾਰੇ ਮਾਰਨਗੇ ਕਿ ਭਾਵੇਂ ਕਿਹੋ ਜਿਹੇ ਮਰਜ਼ੀ ਕਾਂਡ ਅਸੀਂ ਕਿਤੇ ਪਰ ਕਦੇ ਪਰਾਈ ਜ਼ਨਾਨੀਆਂ ਲਈ ਚੀਕੂ ਨਹੀਂ ਤੋੜੇ। ਮਾਨ ਸਾਹਿਬ ਕੋਲੇ ਵੀ ਹੁਣ ਪੰਚ ਜਿਹੇ ਮੁੱਕੇ ਪਏ ਸੀ। ਚਲੋ ਚੀਕੂ ਨੇ ਉਹਨਾਂ ਦੇ ਚੁਟਕਲਿਆਂ ਦੀ ਪਟਾਰੀ ਵੀ ਫੇਰ ਭਰ ਦਿੱਤੀ। ਜਨਤਾ ਜਨਾਰਧਨ ਵਿਚਾਰੀ ਜੋ ਹਰ ਵਕਤ ਚੱਕੀ ਦੇ ਪੁੜਾਂ 'ਚ ਪਿਸਦੀ ਹੈ, ਚੀਕੂ ਕੁਝ ਦਿਨਾਂ ਲਈ ਉਹਨਾਂ ਦੇ ਚਿਹਰਿਆਂ ਤੇ ਮੁਸਕਾਨ ਲਿਆਉਣ 'ਚ ਜ਼ਰੂਰ ਕਾਮਯਾਬ ਹੋ ਜਾਣਾ। ਅੱਜ ਮੇਰਾ ਇਕ ਅਣਭੋਲ ਮਿੱਤਰ ਮੈਨੂੰ ਕਹਿੰਦਾ ਯਾਰ ਤੈਨੂੰ ਨਹੀਂ ਲਗਦਾ ਰਾਜੇ ਨੂੰ ਨੱਕ ਡਬੋ ਕੇ ਮਰ ਜਾਣਾ ਚਾਹੀਦਾ। ਮੈਂ ਪੁੱਛਿਆ ਕਾਹਦੇ ਲਈ? ਕਹਿੰਦਾ ਆਹ ਚੀਕੂ ਕਾਂਡ ਲਈ। ਹੁਣ ਉਸ ਭਲੇ ਮਾਣਸ ਨੂੰ ਕੀ ਦੱਸੀਏ! ਓਏ ਭਰਾਵਾ ਮੈਂ ਵੀ ਇਕ ਵਾਰ ਭਾਵੁਕ ਪਣੇ 'ਚ ਇਹ ਸਵਾਲ ਇਕ ਮੁਲਾਕਾਤ ਦੌਰਾਨ ਮਹਾਰਾਣੀ ਸਾਹਿਬਾ ਨੂੰ ਅਸਿੱਧੇ ਰੂਪ 'ਚ ਪੁੱਛ ਲਿਆ ਸੀ ਕਿ ਤੁਹਾਨੂੰ ਕੋਈ ਗਿਲਾ ਸਿਕਵਾ ਨਹੀਂ ਹੁੰਦਾ ਜਦੋਂ ਪੱਤਰਕਾਰ ਰਾਜਾ ਸਾਹਿਬ ਦਾ ਨਾਂ ਐਵੇਂ ਕਿਸੇ ਹੋਰ ਔਰਤ ਨਾਲ ਜੋੜਦੇ ਹਨ?

ਮੂਹਰੋਂ ਮਹਾਰਾਣੀ ਸਾਹਿਬਾ ਨੇ ਬੜੇ ਸਹਿਜਤਾ ਨਾਲ ਮੇਰੀ ਬੋਲਤੀ ਇਹ ਕਹਿ ਕੇ ਬੰਦ ਕਰ ਦਿੱਤੀ ਕਿ ਭਾਈ ਇਸ 'ਚ ਕੀ ਗ਼ਲਤ ਹੈ? ਇਹ ਤਾਂ ਰਾਜੇ ਮਹਾਰਾਜਿਆਂ ਦੇ ਮੁੱਢ ਕਦੀਮੋਂ ਸ਼ੌਕ ਰਹੇ ਹਨ। ਸੋ ਇਹ ਕੁਝ ਕਰਨ ਦੀ ਤਾਂ ਕਪਤਾਨ ਸਾਹਿਬ ਨੂੰ ਘਰੋਂ ਵੀ ਖੁੱਲ ਮਿਲੀ ਹੋਈ ਹੈ, ਤੂੰ ਨਾ ਫਿਕਰ ਕਰ।




ਰਾਜਾ ਤਾਂ ਕੱਲ ਦਾ ਮੁੱਛਾਂ ਥਾਣੀ ਹੱਸਦਾ ਹੋਣਾ। ਇਕ ਤਾਂ ਸੋਚਦਾ ਹੋਣਾ ਕਿ ਜਨਤਾ ਮੈਨੂੰ ਐਵੇਂ ਬੁੱਢਾ ਸਮਝੀ ਬੈਠੀ ਸੀ ਹੁਣ ਗੱਲਬਾਤ ਸੁਣ ਕੇ ਕਹਿੰਦੀ ਫਿਰਦੀ ਹੈ ਕਿ ਯਾਰ ਇਹ ਤਾਂ ਕਾਲਜਾਂ ਵਾਲੇ ਜੁਆਕਾਂ ਵਾਂਗੂ ਗੱਲ ਕਰਦੇ ਹਨ। ਦੂਜਾ ਰਾਜੇ ਦੇ ਖ਼ੁਸ਼ੀ ਦਾ ਕਾਰਨ ਇਹ ਵੀ ਹੋਣਾ ਕਿ ਜੋ ਲੋਕ ਕਹਿੰਦੇ ਸਨ ਕਿ ਰਾਜਾ ਐਵੇਂ ਸਲਾਹਕਾਰ ਤੇ ਪੈਸੇ ਬਰਬਾਦ ਕਰ ਰਿਹਾ। ਉਸ ਪਤੰਦਰ ਨੇ ਆਪਣੀ ਪਹਿਲੀ ਚਾਲ 'ਚ ਹੀ ਲੋਕਾਂ ਦੇ ਮੂੰਹ 'ਚ ਚੀਕੂ ਦੇ ਕੇ ਉਹਨਾਂ ਦੀ ਸਵਾਲ ਪੁੱਛਣ ਦੀ ਬਿਮਾਰੀ ਦਾ ਹੱਲ ਕਰ ਦਿੱਤਾ।

ਓਏ ਭਰਾਵੋ ਜਿਹੜੀਆਂ ਕਹਾਵਤਾਂ ਬਣਦੇ-ਬਣਦੇ ਯੁੱਗ ਲੱਗ ਜਾਂਦੇ ਆ, ਉਹਨਾਂ ਦਾ ਸਤਿਕਾਰ ਕਰ ਲਿਆ ਕਰੋ। ਸਾਡੀਆਂ ਕਹਾਵਤਾਂ 'ਲੰਡੇ' ਅਤੇ 'ਲੁੱਚੇ' ਨੂੰ ਚੌਧਰੀ ਦੱਸਦਿਆਂ। ਸੋ ਇਹੋ ਜਿਹੇ ਚੌਧਰੀਆਂ ਨੂੰ ਕੀ ਫ਼ਰਕ ਪੈਂਦਾ ਸਿਰਫ਼ ਇਕ ਆਵਾਜ਼ ਦੀ ਵੀਡੀਓ ਲੀਕ ਹੋਣ ਦਾ। ਜਿਹੜੇ ਲੋਕ ਗੁਟਕੇ ਫੜ ਕੇ ਸੌਂਹ ਖਾ ਕੇ ਉਸ ਤੇ ਪੂਰੇ ਨਹੀਂ ਉੱਤਰਦੇ। ਉਹਨਾਂ ਦੀ ਤਾਂ ਭਾਵੇਂ ਨਗਨ ਵੀਡੀਓ ਲੀਕ ਕਰ ਦਿਓ ਉਸ ਦਾ ਵੀ ਕੀ ਫ਼ਰਕ ਪੈਣਾ। ਆਹ ਸਾਲ ਕੁ ਪਹਿਲਾਂ ਉੱਤੋਂ ਫੜਿਆ ਗਿਆ ਅਕਾਲੀ ਮੰਤਰੀ ਕਿਹੜਾ ਚੱਪਣੀ ਭਾਲਦਾ ਫਿਰਦਾ ਨੱਕ ਡਬੋਣ ਨੂੰ।

ਚੀਕੂ ਵਾਲਾ ਕੜਾ ਵਿਰੋਧੀਆਂ ਦੇ ਵੀ ਸੂਤ ਆ ਗਿਆ। ਉਹ ਵੀ ਕਿਥੋਂ ਚਾਹੁੰਦੇ ਹਨ ਕਿ ਜਨਤਾ ਉਹਨਾਂ ਨੂੰ ਸਵਾਲ ਕਰੇ ਤੇ ਵੱਡੇ ਵੱਡੇ ਵਾਅਦੇ ਕਰਨੇ ਪੈਣ, ਜੋ ਬਾਅਦ 'ਚ ਉਹਨਾਂ ਦੀ ਗਲੇ ਦੀ ਹੱਡੀ ਬਣਨ। ਹੈਰਾਨ ਨਾ ਹੋਇਓ ਜੇ ਐਤਕੀਂ ਚੋਣਾਂ 'ਚ ਵਿਰੋਧੀ ਧਿਰ ਇਹ ਵਾਅਦਾ ਕਰੇ ਕਿ "ਸਾਨੂੰ ਰਾਜ ਦਿਓ ਅਸੀਂ ਇਕ ਵੀ ਚੀਕੂ ਬਾਰਡਰ ਨਹੀਂ ਟੱਪਣ ਦੇਵਾਂਗੇ।"

ਸਿਆਣੇ ਬਣੋ ਮਿੱਤਰੋ, ਉਹ ਰਾਜੇ ਦੀ ਨਿੱਜੀ ਜਿੰ-ਦਗੀ ਹੈ ਉਹ ਭਾਵੇਂ ਚੀਕੂ ਭੇਜੇ ਭਾਵੇਂ ਸੀਤਾ ਫਲ। ਉਹ ਜਨਤਾ ਦਾ ਪਤੀ ਨਹੀਂ ਕਿ ਅਸੀਂ ਉਸ ਦੀ ਰਾਖੀ ਰੱਖੀਏ ਤੇ ਏਧਰ ਉੱਧਰ ਮੂੰਹ ਮਾਰਨ ਤੋਂ ਰੋਕੀਏ। ਉਹ ਤਾਂ ਸਾਡਾ ਮੁੱਖ ਮੰਤਰੀ ਹੈ ਤੇ ਉਹ ਸਾਡੀ ਵੋਟ ਕੁਝ ਵਾਅਦਿਆਂ ਬਦਲੇ ਲੈ ਕੇ ਗਿਆ ਸੀ। ਬੱਸ ਥੋੜਾ ਜਿਹਾ ਚਿਰ ਰਹਿ ਗਿਆ, ਆਉਣਾ ਹੀ ਪੈਣਾ ਤੁਹਾਡੀ ਕਚਹਿਰੀ 'ਚ ਫੇਰ ਉਸ ਨੂੰ। ਸੋ ਹੁਣ ਸਮਾਂ ਹੈ ਆਪਣੇ ਸਵਾਲ ਸਾਣ 'ਤੇ ਲਾਉਣ ਦਾ।

ਦੰਦੇ ਕਢਾ ਲਵੋ ਸਵਾਲਾਂ ਰੂਪੀ ਦਾਤੀਆਂ ਦੇ। ਚੀਕੂ ਦੇ ਚੱਕਰ 'ਚ ਫੇਰ ਨਾ ਪੰਜ ਸਾਲ ਲਈ ਗੋਡਣੀਆਂ ਲਵਾ ਲਿਓ। ਇਹ ਨੀਲੇ ਚਿੱਟੇ ਅਤੇ ਪੀਲੇ ਤੁਹਾਡੀ ਵੋਟ ਦੇ ਯਾਰ ਹਨ, ਉਂਜ ਤਾਂ ਇਹਨਾਂ ਸਾਡਾ ਖ਼ੂਨ ਹੀ ਚੂਸਣਾ। ਜੇ ਕਰ ਤੁਸੀਂ ਰਾਜੇ ਨੂੰ ਇਸ ਬਾਰ ਸਿਰਫ਼ ਇਸ ਲਈ ਵੋਟ ਨਹੀਂ ਪਾਉਂਦੇ ਕਿ ਉਹਨੇ ਚੀਕੂ ਕਾਂਡ ਕੀਤਾ ਤਾਂ ਤੁਹਾਨੂੰ ਆਪਣੀ ਯਾਦਦਾਸ਼ਤ ਦਾ ਇਲਾਜ ਕਰਵਾਉਣਾ ਚਾਹੀਦਾ।

ਇਸ ਬਾਰ ਜਦੋਂ ਕੋਈ ਵੀ ਸਿਆਸੀ ਬੰਦਾ ਵੋਟ ਮੰਗਣ ਆਵੇ ਭੁੱਲ ਜਾਓ ਉਸ ਨੇ ਕੀ ਕੀਤਾ। ਬੱਸ ਸਿਰਫ਼ ਯਾਦ ਰੱਖਿਓ ਜੋ ਉਸ ਨੇ ਵਾਅਦਾ ਕਰ ਕੇ ਪੂਰਾ ਨਹੀਂ ਕੀਤਾ। ਯਾਦ ਰੱਖਿਓ ਬਰਗਾੜੀ ਕਾਂਡ। ਯਾਦ ਰੱਖਿਓ ਪੋਹ 'ਚ ਬਾਰਡਰ 'ਤੇ ਠਰੇ ਕਿਸਾਨ। ਪੁੱਛਿਓ ਇਹਨਾਂ ਨੂੰ ਜਹਾਜ਼ਾਂ 'ਚ ਚੜ੍ਹਦੀ ਜਵਾਨੀ ਨੂੰ ਠੱਲਣ ਲਈ ਕੀ ਸਕੀਮ ਹੈ ਤੁਹਾਡੇ ਕੋਲ। ਯਾਦ ਰੱਖਿਓ ਰੱਸਿਆਂ ਨਾਲ ਲਟਕਦੇ ਉਹ ਸਰੀਰ ਜੋ ਵੀ ਕਦੇ ਇਹਨਾਂ ਦੀ ਵੋਟ ਹੁੰਦੇ ਸਨ।

ਅੰਤ 'ਚ ਰਾਜਾ ਸਾਹਿਬ ਨੂੰ ਸਵਾਲ ਹੈ ਕਿ ਰਾਜਾ ਸਾਹਿਬ ਤੁਹਾਨੂੰ ਨਹੀਂ ਲਗਦਾ ਜੇ ਐਨਾ ਫਿਕਰ ਤੁਸੀਂ ਆਪਣੀ ਪਰਜਾ ਦਾ ਕਰ ਲੈਂਦੇ ਜਿੰਨਾਂ ਆਪਣੀ ਪਰਦੇਸਣ ਮਿੱਤਰ ਦਾ ਕਰ ਰਹੇ ਹੋ ਤਾਂ ਪਰਜਾ ਤੁਹਾਨੂੰ ਫੇਰ ਅੱਖਾਂ ਤੇ ਬਿਠਾ ਲੈਂਦੀ?

# ਬੋਤਾ ਫੌਜੀ



ਅਮਰ ਮੀਨੀਆਂ (ਗਲਾਸਗੋ)
00447868370984

ਦਸਵੀਂ ਪਾਸ ਕਰਨ ਤੋਂ ਬਾਅਦ ਨੌਕਰੀ ਲਈ ਭੱਜ ਨੱਠ ਸ਼ੁਰੂ ਹੋਈ। ਕਾਬਲੀਅਤ ਤਾਂ ਕੋਈ ਹੈ ਨਹੀਂ ਸੀ ਮੋਗੇ ਬਿਜਲੀ ਬੋਰਡ ਵਿੱਚ ਖੰਭੇ ਖਿੱਚਣ ਲੱਗ ਪਏ ਦਿਹਾੜੀ ਤੇ। ਕੱਦ ਕਾਠ ਬਥੇਰਾ ਸੀ ਪਰ ਸਰੀਰ ਕਮਜ਼ੋਰ, ਇਸ ਕਰਕੇ ਚੌਥੇ ਪੰਜਵੇਂ ਕੁ ਦਿਨ ਭਿਆਂ ਹੋ ਗਈ। ਸਾਡੇ ਪਿੰਡ ਦੇ ਦੋ ਤਿੰਨ ਮੇਰੇ ਸਾਥੀ ਖੰਭੇ ਖਿੱਚਦੇ ਖਿੱਚਦੇ ਬਿਜਲੀ ਬੋਰਡ ਵਿੱਚ ਪੱਕੇ ਹੋ ਗਏ ਸਨ ਤੇ ਅੱਜ ਤੱਕ ਨੌਕਰੀ ਕਰ ਰਹੇ ਹਨ। ਉਸ ਤੋਂ ਬਾਅਦ ਫੌਜ਼ ਵਿੱਚ ਭਰਤੀ ਹੋਣ ਦਾ ਜਨੂੰਨ ਚੜ੍ਹ ਗਿਆ। ਅਸੀਂ ਦਸ ਬਾਰਾਂ ਜਣੇ ਝੋਲਿਆਂ 'ਚ ਸਰਟੀਫਿਕੇਟ ਪਾ ਕੇ ਭਰਤੀ ਵੇਖਣ ਤੁਰੇ ਰਹਿੰਦੇ। ਫਿਰੋਜ਼ਪੁਰ, ਫਰੀਦਕੋਟ, ਮੁਕਤਸਰ, ਬਠਿੰਡਾ, ਲੁਧਿਆਣਾ ਤੇ ਚੰਡੀਗੜ੍ਹ ਤੱਕ ਕੋਈ ਭਰਤੀ ਨਹੀਂ ਛੱਡੀ ਪਰ ਮੈਂ ਤੇ ਮੇਰੇ ਦੋ ਤਿੰਨ ਹੋਰ ਸਾਥੀ ਕਿਸੇ ਨਾ ਕਿਸੇ ਕਮੀ ਕਾਰਨ ਭਰਤੀ ਨਾ ਹੋ ਸਕੇ। ਮੈਨੂੰ ਤਾਂ ਮਿਣਤੀ ਦੌਰਾਨ ਹੀ ਬਾਹਰ ਦਾ ਰਸਤਾ ਦਿਖਾ ਦਿੱਤਾ ਜਾਂਦਾ ਸੀ ਕਦੇ ਛਾਤੀ ਘੱਟ ਤੇ ਕਦੇ ਭਾਰ। ਇਸ ਸਫਰ ਦੌਰਾਨ ਵੀ ਸਾਡੇ ਨਾਲ ਦੇ ਅੱਠ ਨੌ ਮੁੰਡੇ ਭਰਤੀ ਹੋਏ। ਤਿੰਨ ਚਾਰ ਜਣੇ ਮਿਲਟਰੀ ਤੋਂ ਪੈਨਸ਼ਨ ਆ ਚੁੱਕੇ ਹਨ ਤੇ ਚਾਰ ਪੰਜ ਅਜੇ ਵੀ // ਜਾਂ ਪੰਜਾਬ ਪੁਲੀਸ ਵਿੱਚ ਨੌਕਰੀ ਕਰ ਰਹੇ ਹਨ।

ਲੁਧਿਆਣੇ ਭਰਤੀ ਸੀ ਤੇ ਅਸੀਂ ਪਿੰਡ ਤੋਂ ਸਵੇਰੇ ਛੇ ਵਾਲੀ ਬੱਸ ਚੜ੍ਹ ਗਏ। ਸੀਟਾਂ ਅਸੀਂ ਬਜ਼ੁਰਗਾਂ ਜਾਂ ਹੋਰ ਲੋੜਵੰਦਾਂ ਲਈ ਛੱਡ ਦਿੱਤੀਆਂ ਤੇ ਆਪ ਖੜ੍ਹੇ ਰਹੇ। ਬਾਕੀ ਭਰਤੀ ਵਾਲੇ ਮੁੰਡੇ ਤਾਂ ਅਸੀਂ ਇਕ-ਦੂਜੇ ਨੂੰ ਜਾਣਦੇ ਸੀ ਪਰ ਇੱਕ ਓਪਰਾ ਜਿਆ ਮੁੰਡਾ ਪਿਛਲੀ ਤਾਕੀ ਕੋਲ ਉਪਰਲੇ ਡੰਡੇ ਨੂੰ ਹੱਥ ਪਾਈ ਖੜ੍ਹਾ ਸੀ। ਕੱਦ ਉਸਦਾ ਸੱਤ ਫੁੱਟ ਦੇ ਨੇੜੇ ਤੇੜੇ ਹੋਣਾ। ਇਸ ਕਰਕੇ ਧੌਣ ਨੀਵੀਂ ਕਰਕੇ ਕੁੱਬਾ ਜਿਆ ਹੋਕੇ ਖੜ੍ਹਾ ਸੀ। ਹੌਲੀ-ਹੌਲੀ ਪਤਾ ਲੱਗਾ ਕਿ ਉਹ ਸਾਡੇ ਇਕ ਸਾਥੀ ਪੁਸ਼ਪਿੰਦਰ ਸਿੰਘ ਦੇ ਮਾਮੇ ਦਾ ਮੁੰਡਾ ਹੈ ਜੋ ਆਪਣੀ ਭੂਆ ਕੋਲ ਆਇਆ ਸੀ ਤੇ ਆਪਣੀ ਭੂਆ ਦੇ ਮੁੰਡੇ ਨਾਲ ਹੀ ਤੁਰ ਪਿਆ ਲੁਧਿਆਣਾ ਸ਼ਹਿਰ ਤੇ ਭਰਤੀ ਦਾ ਰੰਗ ਢੰਗ ਵੇਖਣ ਲਈ। ਭਰਤੀ ਇਕ ਸਕੂਲ ਵਿੱਚ ਹੋ ਰਹੀ ਸੀ ਜੋ ਤਿੰਨ ਦਿਨ ਚੱਲਣੀ ਸੀ। ਪਹਿਲੇ ਦਿਨ ਤਾਂ ਸਾਡੀ ਵਾਰੀ ਹੀ ਨਹੀਂ ਆਈ। ਰਾਤ ਅਸੀਂ ਦੁੱਖ ਨਿਵਾਰਨ ਗੁਰਦੁਆਰੇ ਕੱਟ ਲਈ। ਇਸ ਦੌਰਾਨ ਸਾਡੀ ਪੁਸ਼ਪਿੰਦਰ ਦੇ ਮਾਮੇ ਦੇ ਮੁੰਡੇ ਨਾਲ ਜਾਣ-ਪਛਾਣ ਹੋ ਗਈ। ਉਸ ਨੇ ਆਪ ਹੀ ਦੱਸਿਆ ਕਿ ਉਹ ਅੱਠ ਜਮਾਤਾਂ ਹੀ ਪੜਿਆ ਹੈ। ਕੱਦ ਲੰਬਾ ਹੋਣ ਕਰਕੇ ਸਕੂਲ ਵਿੱਚ ਮੁੰਡੇ ਪੁੱਠੇ ਨਾਮ ਲੈ ਕੇ ਛੇੜਦੇ ਸੀ ਇਸ ਕਰਕੇ ਪੜ੍ਹਾਈ ਛੱਡ ਦਿੱਤੀ। ਮੁੰਡਿਆਂ ਨੇ ਤਾਂ ਛੇੜਨਾ ਹੀ ਸੀ ਸਗੋਂ ਮਾਸਟਰ ਵੀ ਉਸ ਨੂੰ ਊਠ ਜਾਂ ਲਮਢੀਗਲ ਕਹਿ ਕੇ ਬੁਲਾਉਂਦੇ ਸਨ। ਉਸਨੇ ਆਪਣਾ ਅਸਲੀ ਨਾਂ ਗੁਰਮੇਲ ਸਿੰਘ ਦੱਸਿਆ। ਖੈਰ ਬੰਦਾ ਰੰਗੀਲਾ ਸੀ ਗੁਰਮੇਲ।

ਦੂਜੇ ਦਿਨ ਭਰਤੀ ਵਾਲੀ ਲਾਈਨ ਚ ਫਿਰ ਦਾਖਲ ਹੋ ਗਏ। ਦੋ ਕੁ ਘੰਟਿਆਂ ਵਿੱਚ ਸਾਰੇ ਹੀ ਕਿਸੇ ਨਾ ਕਿਸੇ ਘਾਟ ਕਾਰਨ ਬਾਹਰ ਕੱਢ ਦਿੱਤੇ। ਬਾਹਰ ਭੀੜ ਬਹੁਤ ਸੀ ਸਾਡੇ ਨਾਲ ਦਾ ਇੱਕ ਜਣਾ ਅਜੇ ਆਇਆ ਨਹੀਂ ਸੀ ਇਸ ਕਰਕੇ ਉਸਨੂੰ ਉਡੀਕ ਰਹੇ ਸੀ। ਸਾਡੇ ਖੜ੍ਹੇ ਖੜ੍ਹੇ ਹੀ ਫੌਜ਼ ਦਾ ਵੱਡਾ ਅਫਸਰ ਘੁੰਮਦਾ ਘੁੰਮਦਾ ਸਾਡੇ ਸਾਹਮਣੇ ਆ ਗਿਆ ਤੇ ਗੁਰਮੇਲ ਨੂੰ ਇਸ਼ਾਰਾ ਕਰਕੇ ਕੋਲ ਬੁਲਾਇਆ ਤੇ ਪੁੱਛਿਆ, "ਆਪ ਆਰਮੀ ਜੁਆਇਨ ਕਰਨੇ ਕੇ ਲੀਏ ਆਏ ਹੋ? ਗੁਰਮੇਲ ਨੇ ਟੁੱਟੀ ਫੁੱਟੀ ਹਿੰਦੀ ਵਿੱਚ ਆਪਣੀ ਰਾਮ ਕਹਾਣੀ ਸੁਣਾਈ," ਕਿ ਮੈਂ ਤਾਂ ਅੰਡਰ ਮੈਟ੍ਰਿਕ ਹਾਂ ਇਸ ਕਰਕੇ ਭਰਤੀ ਨਹੀਂ ਵੇਖ ਸਕਦਾ।" ਉਸ ਵੇਲੇ ਘੱਟੋ-ਘੱਟ ਦਸਵੀਂ ਪਾਸ ਹੋਣਾ ਲਾਜ਼ਮੀ ਸੀ ਭਰਤੀ ਹੋਣ ਲਈ। ਅਫ਼ਸਰ ਦੇ ਪਤਾ ਨਹੀਂ ਕੀ ਮਨ ਵਿੱਚ ਆਇਆ ਉਹ ਗੁਰਮੇਲ ਦੀ ਬਾਂਹ ਫੜ ਕੇ ਅੰਦਰ ਲੈ ਗਿਆ ਤੇ ਸਾਨੂੰ ਇੱਥੇ ਹੀ ਗੁਰਮੇਲ ਦੀ ਉਡੀਕ ਕਰਨ ਦਾ ਸੁਨੇਹਾ ਮਿਲ ਗਿਆ। ਦੋ ਕੁ ਘੰਟੇ ਬਾਅਦ ਇਕ ਫੌਜ਼ੀ ਸਾਡੇ ਕੋਲ ਆਇਆ ਤੇ ਚਿੱਠੀ ਫੜਾ ਕੇ ਵਾਪਸ ਚਲਾ ਗਿਆ। ਜਿਸ ਵਿੱਚ ਲਿਖਿਆ ਸੀ ਕਿ ਗੁਰਮੇਲ ਸਿੰਘ ਭਰਤੀ ਹੋ ਗਿਆ ਹੈ ਕੱਲ੍ਹ ਦਸ ਵਜੇ ਤੱਕ ਇਸ ਦਾ ਸਕੂਲ ਸਰਟੀਫਿਕੇਟ ਤੇ ਜ਼ਰੂਰੀ ਚੀਜ਼ਾਂ ਹਾਜ਼ਰ ਕੀਤੀਆਂ ਜਾਣ। ਪੁਸ਼ਪਿੰਦਰ ਤਾਂ ਲੁਧਿਆਣੇ ਤੋਂ ਹੀ ਨਾਨਕਿਆਂ ਦੀ ਬੱਸ ਬੈਠ ਗਿਆ। ਮਾਮੇ ਨੂੰ ਖੁਸ਼ਖਬਰੀ ਦੇਣ ਲਈ ਤੇ ਕਾਗਜ਼ ਪੱਤਰ ਲੈਣ ਲਈ ਤੇ ਅਸੀਂ ਪਿੰਡ ਨੂੰ ਤੁਰ ਪਏ।

ਬੇਸ਼ੱਕ ਗੁਰਮੇਲ ਆਪਣੇ ਕੱਦ ਕਾਠ ਦੀ ਬਦੌਲਤ ਭਰਤੀ ਹੋ ਗਿਆ ਸੀ ਤੇ ਅਸੀਂ ਕਿਸੇ ਨਾ ਕਿਸੇ ਕਮਜ਼ੋਰੀ ਕਰਕੇ ਬੇਰੰਗ ਵਾਪਸ ਜਾ ਰਹੇ ਸਾਂ ਪਰ ਸਾਰੇ ਰਾਹ ਅਸੀਂ ਜਲਨ ਦੇ ਮਾਰੇ ਹੋਏ ਉਸਨੂੰ ਗਾਲ਼ਾਂ ਕੱਢਦੇ ਆਏ। ਉਸ ਵਕਤ ਉਮਰ ਹੀ ਅਜਿਹੀ ਸੀ ਕਿ ਸਾਨੂੰ ਲੱਗਦਾ ਸੀ ਕਿ ਇਸ ਨੇ ਸਾਡਾ ਹੱਕ ਮਾਰ ਲਿਆ ਹੈ। ਜਦਕਿ ਉਸਦਾ ਤੁੱਕਾ ਲੱਗ ਗਿਆ ਜਾਂ ਰੱਬ ਛੱਤ ਪਾੜ ਕੇ ਪ੍ਰਗਟ ਹੋਇਆ ਸੀ ਉਹਦੇ ਲਈ। ਸਾਰਿਆਂ ਨੇ ਇੱਕ ਗੱਲ ਤੇ ਆਪਣੇ ਆਪ ਨੂੰ ਧਰਵਾਸਾ ਦਿੱਤਾ ਕਿ, "ਕੋਈ ਨਾ ਜਿਵੇਂ ਸਕੂਲ 'ਚੋਂ ਭੱਜਿਆ, ਇਵੇਂ ਹੀ ਫੌਜ਼ੀ ਭਜਾਉਣਗੇ ਇਹਨੂੰ ਲਮਢੀਗਲ, ਬੋਤਾ ਜਾਂ ਅੜਲਬੋਕ ਕਹਿ ਕੇ।" ਸਮਾ ਆਪਣੀ ਚਾਲ ਦੌੜਦਾ ਗਿਆ, ਉਸ ਵੇਲੇ ਦੇ ਬੇਰੁਜ਼ਗਾਰ ਦੋਸਤ ਹੌਲੀ-ਹੌਲੀ ਆਪਣੇ ਕੰਮਾਂ ਕਾਰਾਂ ਵਿੱਚ ਲੱਗ ਗਏ ਬਾਲ ਬੱਚਿਆਂ ਵਾਲੇ ਕਬੀਲਦਾਰ ਹੋ ਗਏ। ਗੁਰਮੇਲ ਦੀ ਭੂਆ ਦਾ ਪੁੱਤ ਪੁਸ਼ਪਿੰਦਰ ਹਾਂਗਕਾਂਗ ਵਸ ਗਿਆ। ਇੱਧਰ ਸਾਡਾ ਦਾਣਾ ਪਾਣੀ ਗੋਰਿਆਂ ਦੀ ਧਰਤੀ ਤੇ ਖਿਲਰਿਆ ਪਿਆ ਸੀ। ਕੁੱਝ ਕੁ ਸਾਲ ਪਹਿਲਾਂ ਪੁਸ਼ਪਿੰਦਰ ਨੇ ਘਰ ਅਖੰਡਪਾਠ ਕਰਵਾਇਆ ਤੇ ਮੈਂ ਵੀ ਪਿੰਡ ਗਿਆ ਹੋਇਆ ਸੀ।

ਭੋਗ ਤੋਂ ਬਾਅਦ ਪੁਸ਼ਪਿੰਦਰ ਨੇ ਇੱਕ ਲੰਬੀ ਦਾਹੜੀ ਵਾਲੇ ਸਰਦਾਰ ਜੀ ਨਾਲ ਮਿਲਾਇਆ। ਉਸਦਾ ਕੱਦ ਕਾਠ ਵੇਖ ਕੇ ਮੈਂ ਸਮਝ ਗਿਆ ਕਿ ਇਹ ਤਾਂ ਉਹੀ ਲੁਧਿਆਣੇ ਭਰਤੀ ਹੋਣ ਵਾਲਾ ਪੁਸ਼ਪਿੰਦਰ ਦੇ ਮਾਮੇ ਦਾ ਪੁੱਤ ਹੋਵੇਗਾ। ਜਿਸਦਾ ਮੈਂ ਨਾਂਅ ਤਾਂ ਭੁੱਲ ਚੁੱਕਾ ਸੀ ਪਰ ਤੀਹ ਪੈਂਤੀ ਸਾਲ ਪੁਰਾਣਾ ਲੁਧਿਆਣੇ ਵਾਲਾ ਸਾਰਾ ਸੀਨ ਮੇਰੀਆਂ ਅੱਖਾਂ ਅੱਗੇ ਘੁੰਮ ਗਿਆ। ਬੜੇ ਤਪਾਕ ਨਾਲ ਮਿਲਿਆ, ਘਰ ਪ੍ਰਵਾਰ ਤੇ ਫੌਜ਼ੀ ਜਿੰਦਗੀ ਬਾਰੇ ਢੇਰ ਸਾਰੀਆਂ ਗੱਲਾਂ ਹੋਈਆਂ। ਫੌਜ਼ ਵਿੱਚ ਉਹ ਬਾਸਕਟਬਾਲ ਵੀ ਖੇਡਿਆ ਤੇ ਬਹੁਤ ਸਾਰੇ ਇਨਾਮ ਵੀ ਜਿੱਤੇ।

ਹੁਣ ਉਹ ਪੈਨਸ਼ਨ ਆ ਗਿਆ ਸੀ ਤੇ ਬੈਂਕ ਵਿੱਚ ਸੁਰੱਖਿਆ ਕਰਮਚਾਰੀ ਦੀ ਨੌਕਰੀ ਕਰ ਰਿਹਾ ਸੀ। ਜਾਣ ਲੱਗਾ ਕਹਿੰਦਾ, "ਬਾਈ ਜੀ ਦਿੱਲੀ ਆਉਂਦੇ ਜਾਂਦੇ ਘਰ ਚਾਹ ਪਾਣੀ ਪੀਂਦੇ ਜਾਇਆ ਕਰੋ, ਪਿੰਡ ਵਿੱਚ ਦੀ ਹੀ ਲੰਘਦੇ ਹੋ। ਪਿੰਡ ਤਾਂ ਸਾਡਾ ਵੱਡਾ ਆ ਪਰ ਸਾਰੇ ਪਿੰਡ ਚ ਜਿੱਥੋਂ ਮਰਜ਼ੀ ਪੁੱਛ ਲਿਓ ਸਾਰੇ ਜਾਣਦੇ ਆ। ਵੈਸੇ ਮੇਰਾ ਸਹੀ ਨਾਂਅ ਗੁਰਮੇਲ ਤਾਂ ਬਹੁਤ ਘੱਟ ਲੋਕ ਜਾਣਦੇ ਆ।

"ਬੋਤਾ ਫੌਜੀ" ਕਹਿ ਦਿਉ ਘਰ ਤੱਕ ਛੱਡ ਕੇ ਆਉਣਗੇ। ਸਕੂਲ ਵੇਲੇ ਤਾਂ ਮੈਨੂੰ ਇਸ ਨਾਂਅ ਕੁਨਾਂਅ ਤੋਂ ਚਿੜ ਆਉਂਦੀ ਸੀ ਪਰ ਉਸ ਦਿਨ ਭਰਤੀ ਹੋਣ ਵੇਲੇ ਮੈਨੂੰ ਮੇਰੇ ਬੋਤੇ ਵਰਗੇ ਕੱਦ ਤੇ ਬਹੁਤ ਫਖ਼ਰ ਹੋਇਆ ਜਿਸਦੀ ਬਦੌਲਤ ਮੈਂ ਰੋਜ਼ੀ ਰੋਟੀ ਪੈ ਗਿਆ। ਨਹੀਂ ਤਾਂ ਮੇਰੇ ਨਾਲ ਦੇ ਬੀ ਏ, ਐਮ ਏ ਪੜ੍ਹੇ ਵੀ ਝੋਟਿਆਂ ਦੀਆਂ ਪੂਛਾਂ ਮਰੋੜਦੇ ਫਿਰਦੇ ਆ।"

# "ਆਜਾ ਵੇ ਪੁੱਤਰਾਂ ਆਜਾ" ਗੀਤ ਨਾਲ ਚਰਚਾ ਵਿੱਚ ਪ੍ਰਸਿੱਧ ਗਾਇਕਾ ਸਰਬਜੀਤ ਮੱਟੂ



ਪ੍ਰੀਤਮ ਲੁਧਿਆਣਵੀ
9876428641

ਆਪਣੀ ਮਾਂ ਦੀ ਮਿੱਠੀ ਯਾਦ ਵਿੱਚ ਮਾਹੀ ਮਿੱਠਾਪੁਰੀਆ ਕਨੇਡਾ ਦਾ ਲਿਖਿਆ ਗਿਆਂ ਗੀਤ"ਆਜਾ ਵੇ ਪੁੱਤਰਾਂ ਆਜਾ" ਮਾਤਾ ਦੇਬੋ ਮਹੇ ਅਤੇ ਪਿਤਾ ਲੈਬਰ ਸਿੰਘ ਮਹੇ ਜੀ ਨੂੰ ਸਮਰਪਿਤ ਕੀਤਾ ਗਿਆ ਹੈ। ਜਿਸ ਗੀਤ ਦੇ ਬੋਲ ਸੁਣਕੇ ਮੱਲੋ-ਮੱਲੀ ਦਿਲ ਭਰ ਆਉਂਦਾ ਹੈ। ਇਸ ਗੀਤ ਦੇ ਕੁਝ ਕੁ ਬੋਲ ਇਸ ਤਰਾਂ ਹਨ-

ਆਜਾ ਵੇ ਪੁੱਤਰਾਂ ਆਜਾ ਆਕੇ ਮਾਂ ਨੂੰ ਸ਼ਕਲ ਦਿਖਾ ਜਾ,
ਮਾਂ ਦੀਆਂ ਗੱਲਾਂ ਚੇਤੇ ਕਰਕੇ ਆਖਰ ਤੂੰ ਪਛਤਾਵੇਂਗਾ,
ਮਾਂ ਤੇਰੀ ਜਦੋਂ ਮਰ ਮੁੱਕ ਗਈ ਕੀ ਤੂੰ ਫਿਰ ਵਤਨਾਂ ਨੂੰ ਆਵੇਗਾ।।

ਗੀਤ ਸਭ ਨੂੰ ਭਾਵਕ ਕਰਨ ਵਾਲਾ ਹੈ ਪ੍ਰਦੇਸ਼ ਵਿੱਚ ਗਏ ਪੁੱਤ ਨੂੰ ਮਾਂ ਆਪਣੇ ਵਤਨਾਂ ਨੂੰ ਆਉਣ ਦਾ ਵਾਸਤਾ ਦਿੰਦੀ ਹੈ ਜੋ ਕਿ ਮਦਰ ਡੇ ਤੇ ਪੇਂਡੂ ਵੀਟਸ ਰਿਕਾਰਡ ਕੰਪਨੀ ਅਤੇ ਮਿਸਟਰ ਪਾਲ ਵੱਲੋਂ ਵਿਸ਼ਵ ਪੱਧਰ ਤੇ ਰਲੀਜ਼ ਕੀਤਾ ਗਿਆ। ਗੀਤ ਵਾਰੇ ਜਾਣਕਾਰੀ ਦਿੰਦੇ ਹੋਏ ਗਾਇਕ ਰਾਜ ਦਦਰਾਲ ਜੀ ਨੇ ਦੱਸਿਆ ਕਿ ਜਿਸ ਗੀਤ ਦੀ ਕਪੋਜੀਸ਼ਨ ਅਤੇ ਮਿਊਜ਼ਿਕ ਸੰਗੀਤ ਸਮਰਾਟ ਬੀ. ਆਰ. ਡਿਮਾਣਾ ਜੀ ਨੇ ਤਿਆਰ ਕੀਤਾ ਹੈ ਅਤੇ ਬਹੁਤ ਹੀ



ਮਿੱਠੀ ਅਵਾਜ਼ ਦੀ ਮਾਲਿਕਾ ਪ੍ਰਸਿੱਧ ਗਾਇਕਾ ਸਰਬਜੀਤ ਮੱਟੂ ਨੇ ਇਸ ਮਾਂ ਵਾਲੇ"ਆਜਾ ਵੇ ਪੁੱਤਰਾਂ ਆਜਾ ਗੀਤ ਨੂੰ ਆਪਣੇ ਦਿਲੋਂ ਬਹੁਤ ਸੁਰੀਲੀ ਅਵਾਜ਼ ਵਿੱਚ ਵਧੀਆਂ ਤਰੀਕੇ ਨਾਲ ਗਾਇਆ ਹੈ ਅਤੇ ਗੀਤ ਨਾਲ ਪੂਰਾ ਇਨਸਾਫ਼ ਕੀਤਾ ਹੈ ਵੀਡੀਓ ਡਾਇਰੈਕਟਰ ਮਨਦੀਪ ਰੰਧਾਵਾ ਨੇ ਗੀਤ ਵਿੱਚ ਦਿਲ ਨੂੰ ਝੰਜੋੜਨ ਵਾਲੀ ਸਟੋਰੀ ਕਰਕੇ ਗੀਤ ਵਿੱਚ ਪੂਰੀ ਜਾਨ ਪਾ ਦਿੱਤੀ ਹੈ ਹਰ ਇੱਕ ਆਰਟਿਸਟ ਨੇ ਆਪਣੀ ਵਧੀਆਂ ਭੂਮਿਕਾ ਨਿਭਾਈ ਹੈ ਤੇ ਗੀਤ ਸ੍ਰੋਤਿਆਂ ਦੀ ਕਚਹਿਰੀ ਵਿੱਚ ਪੇਸ ਕੀਤਾ ਗਿਆ।

ਇਸ ਗੀਤ ਵਿੱਚ ਐਡਵੋਕੇਟ ਰੌਸ਼ਨ ਲਾਲ ਮਹੇ,ਗਾਇਕ ਰਾਜ ਦਦਰਾਲ ਤੇ ਕਮਲ ਮੇਹਟਾਂ . ਨੇ ਬਣਦੀਆਂ ਸੇਵਾਵਾਂ ਦਿੱਤੀਆਂ ਹਨ।

ਗਾਇਕਾ ਸਰਬਜੀਤ ਮੱਟੂ ਅਤੇ ਗੀਤਕਾਰ ਮਾਹੀ ਮਿੱਠਾਪਿਰੀਆ ਜੀ ਨੂੰ ਸ੍ਰੋਤਿਆਂ ਵੱਲੋਂ "ਆਜਾ ਵੇ ਪੁੱਤਰਾ ਆਜਾ" ਗੀਤ ਰਲੀਜ ਹੋਣ ਤੇ ਬਹੁਤ ਹੀ ਪਿਆਰ ਸਤਿਕਾਰ ਮਿਲ ਰਿਹਾ ਹੈ ਗਾਇਕਾ ਤੇ ਗੀਤਕਾਰ ਨੇ ਰੱਬ ਵਰਗੇ ਸ੍ਰੋਤਿਆਂ ਦਾ ਧੰਨਵਾਦ ਵੀ ਕੀਤਾ ਹੈ। ਗੀਤ ਦੀ ਸਾਰੀ ਟੀਮ ਵਧਾਈ ਦੀ ਪਾਤਰ ਹੈ ਅਸੀਂ ਆਸ ਕਰਦੇ ਹਾ ਇਹ ਟੀਮ ਅੱਗੇ ਤੋਂ ਵੀ ਇਹੋ ਜਿਹੇ ਪਰਿਵਾਰਕ ਤੇ ਸੱਭਿਆਚਾਰਿਕ ਗੀਤ ਸਮਾਜ ਦੀ ਝੋਲੀ ਵਿੱਚ ਪਾਉਂਦੇ ਰਹਿਣਗੇ ਅਤੇ ਪੰਜਾਬੀ ਮਾਂ ਬੋਲੀ ਦੀ ਹਮੇਸ਼ਾ ਸੇਵਾ ਕਰਦੇ ਰਹਿਣਗੇ।

# ਪੰਜਾਬ ਸਰਕਾਰ ਦੁਆਰਾ ਪੈਸਾ ਇਕੱਠਾ ਕਰਨ ਦੇ ਸਾਧਨ, ਟੁਕੜਿਆਂ 'ਚ ਨੌਕਰੀਆਂ !



ਡਾ. ਕਸ਼ਮੀਰ ਸਿੰਘ ਖੁੰਡਾ
91-99153-52701

ਪੰਜਾਬ ਸਰਕਾਰ ਦੁਆਰਾ ਘਰ ਘਰ ਨੌਕਰੀਆਂ ਦੇਣ ਦਾ ਐਲਾਨ ਆਪਣੇ 2017 ਵਾਲੇ ਚੋਣ ਮਨੋਰਥ ਘੋਸ਼ਣਾ ਪੱਤਰ 'ਚ ਕੀਤਾ ਗਿਆ ਸੀ, ਜਿਸ ਤਹਿਤ ਪਿਛਲੇ 4 ਸਾਲਾਂ 'ਚ ਕੋਈ ਪੱਕੀ ਭਰਤੀ ਸ਼ਾਇਦ ਹੀ ਕੀਤੀ ਹੈ ਪਰ 2021-22 ਪੰਜਾਬ ਵਿਧਾਨ ਸਭਾ ਦੀਆਂ ਆਮ ਚੋਣਾਂ ਦਾ ਸਾਲ ਹੋਣ ਕਰਕੇ ਵੱਖ ਵੱਖ ਵਿਭਾਗਾਂ ਵਿਚ ਰੈਗੂਲਰ ਭਰਤੀਆਂ ਕਰਨ ਦੇ ਧੜਾਧੜ ਇਸ਼ਤਿਹਾਰ ਦਿੱਤੇ ਜਾ ਰਹੇ ਹਨ।

ਚੰਗੀ ਗੱਲ ਹੈ,ਕਿ ਪੱਕਾ ਰੋਜ਼ਗਾਰ ਦੇਣ ਦਾ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ, ਸ਼ਾਲਾਘਾ ਕਰਨੀ ਬਣਦੀ ਹੈ ਪਰ ਇਸ ਵਿੱਚ ਸੋਧਾਂ ਹੋਣੀਆਂ ਚਾਹੀਦੀਆਂ ਹਨ ਤਾਂ ਜੋ ਹਰੇਕ ਯੋਗ ਉਮੀਦਵਾਰ ਇਹਨਾਂ ਮੁਕਾਬਲੇ ਦੇ ਇਮਤਿਹਾਨ ਵਿੱਚ ਹਿੱਸਾ ਲੈ ਸਕੇ ਅਤੇ ਰੋਜ਼ਗਾਰ ਪ੍ਰਾਪਤ ਕਰ ਸਕੇ।

ਮਿਸਾਲ ਦੇ ਤੌਰ ਤੇ ਪੰਜਾਬ ਸਰਕਾਰ ਦੇ ਵੱਖ ਵੱਖ ਵਿਭਾਗਾਂ ਵਲੋਂ ਇੰਜੀਨੀਅਰਿੰਗ ਦੀਆਂ ਅਤੇ ਹੋਰ ਅਸਾਮੀਆਂ ਭਰਨ ਲਈ ਇਸ਼ਤਿਹਾਰ ਦਿੱਤੇ ਗਏ ਹਨ। ਜਿਹਨਾਂ ਵਿੱਚ ਐੱਸ.ਡੀ. ਈ., ਜੂਨੀਅਰ ਇੰਜੀਨੀਅਰ ਆਦਿ ਦੀਆਂ ਵੱਖ ਵੱਖ ਵਿਭਾਗਾਂ ਵਿੱਚ ਅਸਾਮੀਆਂ ਦੀ ਵੱਖਵੱਖ ਗਿਣਤੀ ਹੈ। ਇਸ ਤਰ੍ਹਾਂ ਭਰਤੀਆਂ ਕਰਨ ਨਾਲ ਵੱਖ- ਵੱਖ ਰਿਜਰਵ ਸ਼੍ਰੇਣੀਆਂ ਦੇ ਉਮੀਦਵਾਰਾਂ ਨੂੰ 100 ਨੁਕਤਿਆਂ ਦੇ ਆਧਾਰ ਤੇ ਰਾਖਵਾਂਕਰਨ ਨਹੀਂ ਮਿਲ ਸਕੇਗਾ ਤੇ ਇਸ ਤਰ੍ਹਾਂ ਇਹਨਾਂ ਵਰਗਾਂ ਦੇ ਉਮੀਦਵਾਰ ਭਰਤੀ ਹੋਣ ਤੋਂ ਵਾਂਝੇ ਰਹਿ ਜਾਣਗੇ।

ਇਸ ਲਈ ਸਾਰੇ ਵਿਭਾਗਾਂ ਦੀਆਂ ਵੱਖ- ਵੱਖ ਇਸ਼ਤਿਹਾਰਾਂ 'ਚ ਦਿਤੀਆਂ ਅਸਾਮੀਆਂ ਦਾ ਜੋੜ ਕਰਕੇ, ਇੱਕ ਪ੍ਰੀਖਿਆ ਰਾਹੀਂ, ਮੈਰਿਟ ਅਨੁਸਾਰ ਵਿਭਾਗਾਂ ਨੂੰ ਉਮੀਦਵਾਰ ਭਰਤੀ ਕਰਨ ਲਈ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਵੱਲੋਂ ਸਿਫਾਰਿਸ਼ ਕੀਤੀ ਜਾਣੀ ਚਾਹੀਦੀ ਹੈ। ਜਿਹਾ ਕਿ 1998 'ਚ ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵੱਲੋਂ ਵੱਖ- ਵੱਖ ਵਿਭਾਗਾਂ ਵਿੱਚ ਜੂਨੀਅਰ ਡਰਾਫਟਸਮੈਨ ਦੀਆਂ ਅਸਾਮੀਆਂ ਭਰਨ ਲਈ 1999 'ਚ ਸਕ੍ਰੀਨਿੰਗ ਟੈਸਟ ਲੈ ਕੇ ਵੱਖ ਵੱਖ ਵਿਭਾਗਾਂ ਚ ਇਹਨਾਂ ਦੀ ਭਰਤੀ ਕੀਤੀ ਗਈ ਸੀ।

ਹੁਣ ਵੀ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਅਤੇ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਜਿਆਦਾਤਰ ਵੱਖ- ਵੱਖ ਵਿਭਾਗਾਂ ਲਈ ਇੱਕ ਹੀ ਫੀਸ ਅਤੇ ਇੱਕ ਮੁਕਾਬਲੇ ਦੇ ਇਮਤਿਹਾਨ ਦਾ ਆਯੋਜਨ ਕਰਦਾ ਹੈ ਤੇ ਸਫ਼ਲ ਉਮੀਦਵਾਰ ਵੱਖ ਵਿਭਾਗਾਂ 'ਚ ਆਪਣੀ ਡਿਊਟੀ ਤੇ ਤਾਇਨਾਤ ਕੀਤੇ ਜਾਂਦੇ ਹਨ।

ਜਦੋਂ ਕਿ ਹੁਣ ਬਿਲਕੁਲ ਉਲਟ ਕੀਤਾ ਗਿਆ ਹੈ । ਪੁੱਡਾ 'ਚ 6 ਸਬ ਡਵੀਜ਼ਨਲ ਇੰਜੀਨੀਅਰ ਜਾਂ ਇਸ ਦੇ ਬਰਾਬਰ ਦੀਆਂ ਅਸਾਮੀਆਂ ਹਨ, ਵਾਟਰ ਰਿਸੋਰਸ ਵਿਭਾਗ ਵਿੱਚ 31, ਪੰਜਾਬ ਵਾਟਰ ਰਿਸੋਰਸ ਮੈਨੇਜਮੈਂਟ ਡਿਵੈਲਪਮੈਂਟ ਕਾਰਪੋਰੇਸ਼ਨ 15, ਰੂਰਲ ਡਿਵੈਲਪਮੈਂਟ ਅਤੇ ਪੰਚਾਇਤ ਵਿਭਾਗ 23, ਪੀ. ਡਬਲਯੂ. ਡੀ. (ਬੀ. ਐਂਡ ਆਰ.) 25, ਅਰਬਨ ਪਲਾਨਿੰਗ ( ਪੁੱਡਾ) 6 ਅਤੇ 9, ਲੋਕਲ ਗੌਰਮਿੰਟ ਇੰਪਰੂਵਮੈਂਟ ਟ੍ਰਸਟ 14, ਮਿਉਂਸੀਪਲ ਕਾਰਪੋਰੇਸ਼ਨ 21, ਲੋਕਲ ਗੌਰਮਿੰਟ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ 15 ਦੀਆਂ ਅਸਾਮੀਆਂ ਹਨ। ਉਕਤ ਸਾਰੀਆਂ ਅਸਾਮੀਆਂ ਲਈ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੁਆਰਾ ਮੁਕਾਬਲੇ ਦਾ ਇਮਤਿਹਾਨ ਆਜੋਜਿਤ ਕੀਤਾ ਜਾ ਰਿਹਾ ਹੈ।

ਇਸ ਤਰ੍ਹਾਂ 100 ਨੁਕਤਿਆਂ ਦੇ ਆਧਾਰਤ ਰਾਖਵਾਂਕਰਨ ਨਾ ਹੋਣ ਕਾਰਨ ਪੱਛੜੀ ਸ਼੍ਰੇਣੀ, ਸਾਬਕਾ ਫੌਜੀ, ਅੰਗਹੀਣ ਵਿਅਕਤੀ, ਖਿਡਾਰੀ, ਸੁਤੰਤਰਤਾ ਸੰਗਰਾਮੀ, ਆਰਥਿਕ ਤੌਰ ਪਿਛੜਾ ਜਨਰਲ ਵਰਗ, ਪੁੱਡਾ ਦੀ ਭਰਤੀ ਤੋਂ ਬਾਹਰ ਹੋ ਗਿਆ ਹੈ ਪਰ ਜੇਕਰ ਸਾਰੇ ਵਿਭਾਗਾਂ ਦੀਆਂ ਅਸਾਮੀਆਂ ਇਕੱਠੀਆਂ ਕਰਕੇ ਇਕੱਠੀ ਭਰਤੀ ਹੋਵੇਗੀ ਤਾਂ ਸਾਰੇ ਰਾਖਵੇਂਕਰਨ ਵਾਲੇ ਵਰਗਾਂ ਦੇ ਉਮੀਦਵਾਰ ਨੂੰ ਨੌਕਰੀ 'ਚ ਆਉਣ ਦਾ ਮੌਕਾ ਮਿਲ ਸਕੇਗਾ ਤੇ ਉਹਨਾਂ ਤੇ ਆਰਥਿਕ ਬੋਝ ਵੀ ਮੁਕਾਬਲੇ ਦੀ ਪ੍ਰੀਖਿਆ 'ਚ ਹਿੱਸਾ ਲੈਣ ਲਈ ਘਟੇਗਾ।

ਇਹ ਗੱਲ ਮਹੱਤਵਪੂਰਨ ਹੈ ਕਿ ਵੱਖ-ਵੱਖ ਵਿਭਾਗਾਂ ਵਲੋਂ ਇੱਕੋ ਤਰਾਂ ਦੀਆਂ ਵੱਖ- ਵੱਖ ਅਸਾਮੀਆਂ ਕੱਢਣ ਨਾਲ਼ ਉਮੀਦਵਾਰਾਂ ਤੇ ਵਿੱਤੀ ਬੋਝ ਵਧ ਗਿਆ ਹੈ, ਜਿਸ ਕਾਰਨ ਬਹੁਤ ਸਾਰੇ ਉਮੀਦਵਾਰ ਸਾਰੇ ਵਿਭਾਗਾਂ 'ਚ ਨੌਕਰੀ ਲਈ ਯੋਗਤਾਵਾਂ ਪੂਰੀਆਂ ਹੋਣ ਦੇ ਬਾਵਜੂਦ ਵੀ ਅਪਲਾਈ ਨਹੀਂ ਕਰ ਸਕੇ।

ਉਦਾਹਰਣ ਲਈ, 10 ਵਿਭਾਗਾਂ ਵਿਚ ਜੂਨੀਅਰ ਇੰਜੀਨੀਅਰ ਦੀਆਂ ਅਸਾਮੀਆਂ ਤੇ ਪ੍ਰਤੀ ਵਿਭਾਗ 500 ਅਤੇ ਸਾਰੇ ਵਿਭਾਗਾਂ 'ਚ ਅਪਲਾਈ ਕਰਨ ਲਈ ਐੱਸ ਸੀ ਉਮੀਦਵਾਰ ਨੇ 5000/- ਅਤੇ ਆਮ ਉਮੀਦਵਾਰ ਨੇ ਪ੍ਰਤੀ ਵਿਭਾਗ ਰੁਪਏ 1000 ਅਤੇ 10 ਵਿਭਾਗਾਂ ਲਈ 10000/- ਰੁਪੈ ਭਰੇ ਹਨ ਪਰ ਬਹੁਤੇ ਉਮੀਦਵਾਰ ਸਾਰੇ ਵਿਭਾਗਾਂ ਦੀਆਂ ਅਸਾਮੀਆਂ ਲਈ ਵਿੱਤੀ ਬੋਝ ਕਾਰਨ ਅਪਲਾਈ ਨਹੀਂ ਕਰ ਸਕੇ।

ਬੇਰੁਜ਼ਗਾਰ ਉਮੀਦਵਾਰਾਂ ਤੋਂ ਇੱਕ ਵਿਭਾਗ ਜਿਵੇਂ ਪੁੱਡਾ ਦੀਆ, 6 ਅਸਾਮੀਆਂ ਤੇ ਇਕ ਲੱਖ ਉਮੀਦਵਾਰ ਅਪਲਾਈ ਕਰਦਾ ਹੈ ਤਾਂ ਐੱਸ. ਸੀ. ਅਤੇ ਜਨਰਲ ਵਰਗ ਅਨੁਪਾਤਕ ਤੌਰ ਤੇ 750 ਗੁਣਾ 100000 ਬਰਾਬਰ 75000000/-ਰੁਪੈ ਪੁੱਡਾ ਨੂੰ ਦੇਵੇਗਾ, ਜਦੋਂ ਕਿ ਪਰਖ਼ ਸਮੇਂ ਦੌਰਾਨ ਉਹਨਾਂ ਭਰਤੀ ਹੋਏ ਉਮੀਦਵਾਰਾਂ ਨੂੰ ਵਿਭਾਗ ਵੱਲੋਂ ਬੇਸਿਕ ਤਨਖ਼ਾਹ ਹੀ ਦਿੱਤੀ ਜਾਣੀ ਹੈ।

ਇਸ ਤਰ੍ਹਾਂ ਵੱਖ-ਵੱਖ ਵਿਭਾਗਾਂ 'ਚ ਵੱਖ-ਵੱਖ ਫੀਸਾਂ ਰਾਹੀਂ ਬੇਰੋ-ਜਗਾਰੀ ਦੇ ਝੰਬਿਆਂ ਤੋਂ ਅਰਬਾਂ ਰੁਪੈ ਇਕੱਤਰ ਕਰ ਲਏ ਜਾਣਗੇ। ਸਰਕਾਰ ਨੂੰ ਬੇਰੋਜ਼ਗਾਰ, ਰੁਜ਼ਗਾਰ ਭਾਲਦੇ, ਲੱਖਾਂ ਰੁਪਏ ਖਰਚ ਕੇ ਇੰਜੀਨੀਅਰਿੰਗ ਦੀ ਪੜ੍ਹਾਈ ਕਰਕੇ ਯੋਗਤਾ ਪ੍ਰਾਪਤ ਇੰਜੀਨੀਅਰਾਂ ਤੇ ਰਹਿਮ ਕਰਨਾ ਚਾਹੀਦਾ ਹੈ ਤਾਂ ਜੋ ਮਜਬੂਰ ਹੋ ਵਿਦੇਸ਼ਾਂ ਨੂੰ ਨਾ ਭੱਜਣ ਬਲਕਿ ਦੇਸ਼ ਅਤੇ ਪੰਜਾਬ ਦੀ ਤਰੱਕੀ ਵਿੱਚ ਆਪਣਾ ਬਣਦਾ ਹਿੱਸਾ ਪਾ ਸਕਣ ਅਤੇ ਆਪਣੇ ਮਾਪਿਆਂ ਦਾ ਬੁਢਾਪੇ 'ਚ ਸਹਾਰਾ ਬਣ ਸਕਣ, ਜਿਸ ਦੀ ਸਾਰੇ ਮਾਪੇ ਉਮੀਦ ਕਰਦੇ ਹਨ।

ਇਸ ਲਈ ਸਾਰੇ ਵਿਭਾਗਾਂ ਦੀਆਂ ਭਰਤੀਆਂ ਲਈ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਇੱਕ ਇਮਤਿਹਾਨ ਅਤੇ ਇੱਕ ਹੀ ਫੀਸ ਲਵੇ ਤਾਂ ਜੋ ਸਾਰੇ ਉਮੀਦਵਾਰ ਸਾਰੇ ਵਿਭਾਗਾਂ 'ਚ ਹੋਣ ਵਾਲੀ ਇਕੋ ਤਰ੍ਹਾਂ ਦੀਆਂ ਅਸਾਮੀਆਂ ਲਈ ਪ੍ਰਤੀਯੋਗਿਤਾ ਵਿੱਚ ਹਿੱਸਾ ਲੈ ਸਕਣ ਅਤੇ ਉਨ੍ਹਾਂ ਤੇ ਵਿੱਤੀ ਬੋਝ ਵੀ ਘੱਟ ਹੋ ਸਕੇ।

# ਕੁਦਰਤ, ਸਮਾਜਿਕ ਸਰੋਕਾਰਾਂ ਅਤੇ ਰੁਮਾਂਸਵਾਦ ਦੀ ਕਵਿਤਰੀ ਡਾ ਰੰਜੂ



ਉਜਾਗਰ ਸਿੰਘ
91-94179-13072

ਪੰਜਾਬੀ ਵਿਚ ਸਾਹਿਤ ਦੇ ਸਾਰੇ ਰੂਪਾਂ ਵਿਚ ਵੱਡੀ ਮਾਤਰਾ ਵਿਚ ਲਿਖਿਆ ਜਾ ਰਿਹਾ ਹੈ। ਸਭ ਤੋਂ ਵੱਧ ਕਵਿਤਾ ਲਿਖੀ ਜਾ ਰਹੀ ਹੈ। ਕਵਿਤਾ ਲਿਖਣ ਵਾਲੀਆਂ ਕਵਿਤਰੀਆਂ ਜ਼ਿਆਦਾ ਹਨ। ਕਵਿਤਾ ਮੁਢਲੇ ਤੌਰ ਤੇ ਭਾਵਨਾਵਾਂ ਵਿਚ ਵਹਿਣ ਵਾਲੇ ਇਨਸਾਨ ਹੀ ਲਿਖ ਸਕਦੇ ਹਨ। ਇਸਤਰੀਆਂ ਮਰਦਾਂ ਨਾਲੋਂ ਜ਼ਿਆਦਾ ਭਾਵਨਾਵਾਂ ਦੇ ਵਹਿਣ ਵਿਚ ਵਹਿ ਜਾਂਦੀਆਂ ਹਨ। ਇਸਤਰੀਆਂ ਇਸ ਕਰਕੇ ਹੀ ਕਵਿਤਾ ਦੇ ਖੇਤਰ ਵਿਚ ਮੋਹਰੀ ਹਨ। ਸ਼ੋਸ਼ਲ ਮੀਡੀਆ ਦੇ ਆਉਣ ਨਾਲ ਕਵੀਆਂ ਅਤੇ ਕਵਿਤਰੀਆਂ ਨੂੰ ਆਪਣੀਆਂ ਭਾਵਨਾਵਾਂ ਪਾਠਕਾਂ ਤੱਕ ਪਹੁੰਚਾਉਣਾ ਸੌਖਾ ਹੋ ਗਿਆ, ਜਿਸ ਕਰਕੇ ਵੱਡੀ ਮਾਤਰਾ ਵਿਚ ਪੰਜਾਬੀ ਵਿਚ ਕਵਿਤਾ ਲਿਖੀ ਜਾ ਰਹੀ ਹੈ। ਆਮ ਤੌਰ ਤੇ ਕਵਿਤਰੀਆਂ ਰੁਮਾਂਟਿਕ ਕਵਿਤਾਵਾਂ ਜ਼ਿਆਦਾ ਲਿਖਦੀਆਂ ਹਨ ਪੈਰੰਤੂ ਡਾ ਰੰਜੂ ਇਕ ਅਜਿਹੀ ਕਵਿਤਰੀ ਹੈ, ਜਿਹੜੀ ਕੁਦਰਤ ਦੇ ਕਾਦਰ ਦੀਆਂ ਰਹਿਮਤਾਂ ਨੂੰ ਕਵਿਤਾ ਦਾ ਰੂਪ ਦੇ ਰਹੀ ਹੈ। ਉਹ ਕੁਦਰਤ ਨਾਲ ਇਕ ਮਿਕ ਹੈ। ਉਨੈਹਾਂ ਦੀ ਇਹੋ ਵਿਲੱਖਣਤਾ ਹੈ। ਡਾ ਰੰਜੂ ਕਵਿਤਾ ਵਿਚ ਨਵੇਂ ਤਜ਼ਰਬੇ ਕਰ ਰਹੇ ਹਨ। ਉਹ ਕਵਿਤਾ ਭਾਵੇਂ ਕੁਦਰਤ ਦੇ ਕਾਦਰ ਦੀਆਂ ਇਨਸਾਨੀਅਤ ਨੂੰ ਦਿੱਤੀਆਂ ਦਾਤਾਂ ਬਾਰੇ ਲਿਖਦੇ ਹਨ ਪੈਰੰਤੂ ਉਨੈਹਾਂ ਦੀ ਕਮਾਲ ਇਹ ਹੈ ਕਿ ਉਹ ਇਸ ਢੰਗ ਨਾਲ ਕਵਿਤਾਵਾਂ ਲਿਖਦੇ ਹਨ, ਜਿਹੜੀਆਂ ਇਸਤਰੀਆਂ ਦੀ ਮਾਨਸਿਕਤਾ ਦਾ ਵੀ ਪੈਰਗਟਾਵਾ ਕਰਦੀਆਂ ਹਨ। ਭਾਵ ਉਨੈਹਾਂ ਦੀਆਂ ਕਵਿਤਾਵਾਂ ਕੁਦਰਤ, ਇਸਤਰੀਆਂ ਨਾਲ ਹੋ ਰਹੇ ਦੁਰਵਿਵਹਾਰ, ਰੁਮਾਂਸਵਾਦ, ਬਿਰਹਾ, ਮਨੁੱਖੀ ਰਿਸ਼ਤਿਆਂ ਵਿਚ ਤੈਰੇੜਾਂ, ਜਾਇਦਾਦਾਂ ਦੇ ਝਗੜੇ ਅਤੇ ਪਦਾਰਥਵਾਦ ਦੇ ਸਮਾਜਿਕ ਤਾਣੇ ਬਾਣੇ ਉਪਰ ਗਹਿਰੇ ਪੈਰਭਾਵ ਦੇ ਦਰਦ ਦੀ ਤਰਜ਼ਮਾਨੀ ਕਰਦੀਆਂ ਹਨ। ਉਨੈਹਾਂ ਨੰਨ ਕਵਿਤਾ ਦੀ ਗੁੜੈਹਤੀ ਆਪਣੀ ਵਿਰਾਸਤ ਵਿਚੋਂ ਹੀ ਮਿਲੀ ਕਿਉਂਕਿ ਨਾਨਕੇ ਅਤੇ ਦਾਦਕੇ ਪਰਿਵਾਰ ਪੜੈਹੇ ਲਿਖੇ ਸਨ। ਪੈਰੀਤਲੜੀ ਮਾਸਕ ਰਸਾਲਾ ਉਨੈਹਾਂ ਦੇ ਘਰ ਆਉਂਦਾ ਸੀ। ਉਨੈਹਾਂ ਦੇ ਪਿਤਾ ਮਨਮੋਹਨ ਸਿੰਘ ਮਹਿੰਦਰਾ ਕਾਲਜ ਦੇ ਪਿਰੰਸੀਪਲ ਅਤੇ ਮਾਤਾ ਬਲਜਿੰਦਰ ਕੌਰ ਵੀ ਪੰਜਾਬੀ ਦੇ ਪੈਰੋਫ਼ੈਸਰ ਸਨ, ਜਿਸ ਕਰਕੇ ਪੰਜਾਬੀ ਦੀਆਂ ਪੁਸਤਕਾਂ ਪੜੈਹਦੇ ਸਨ। ਪਹਿਲੀ ਕਵਿਤਾ ਉਨੈਹਾਂ ਮਰਦ ਔਰਤ ਦੇ ਸੰਬੰਧਾਂ ਦੀ ਖਟਾਸ ਬਾਰੇ ਐਮ ਬੀ ਬੀ ਐਸ ਕਰਦਿਆਂ ਹੀ ਲਿਖੀ ਸੀ। 1987 ਤੋਂ ਬਾਅਦ ਉਨੈਹਾਂ ਆਪਣੀ ਪੈਰੈਕਟਿਸ ਸ਼ੁਰੂ ਕਰ ਦਿੱਤੀ, ਜਿਥੋਂ ਉਨੈਹਾਂ ਨੂੰ ਗ਼ਰੀਬ ਲੋਕਾਂ ਦੀ ਸੇਵਾ ਕਰਨ ਦਾ ਮੌਕਾ ਮਿਲਿਆ ਅਤੇ ਇਸਤਰੀ ਦੀ ਦੁੱਖਾਂ ਭਰੀ ਜ਼ਿੰਦਗੀ ਨੂੰ ਨੇੜਿਓਂ ਜਾਨਣ ਦਾ ਇਤਫਾਕ ਹੋਇਆ। 2004 ਤੋਂ ਲਗਾਤਾਰ ਉਨੈਹਾਂ ਦੀਆਂ ਕਵਿਤਾਵਾਂ ਪੰਜਾਬੀ ਦੇ ਰਸਾਲਿਆਂ ਅਤੇ ਅਖ਼ਬਾਰਾਂ ਦਾ ਸ਼ਿੰਗਾਰ ਬਣਨ ਲੱਗ ਗਈਆਂ। ਉਨੈਹਾਂ ਦੀ ਇਕ ਕਵਿਤਾ ਹੈ, '' ਅੱਧਾ ਹਰਿਆ ਪੱਤਾ'' ਜਿਸਨੂੰ ਪੜੈਹਕੇ ਆਮ ਪਾਠਕ ਸਹਿਜੇ ਹੀ ਮਹਿਸੂਸ ਕਰੇਗਾ ਕਿ ਇਹ ਕਵਿਤਾ ਕੁਦਰਤ ਨਾਲ ਹੋ ਰਹੇ ਖਿਲਵਾੜ ਬਾਰੇ ਹੈ ਪਰੰਤੂ ਇਹ ਬਹੁ ਅਰਥੀ ਅਤੇ ਬਹੁਰੰਗੀ ਕਵਿਤਾ ਹੈ। ਜਿਸ ਵਿਚੋਂ ਬਿਰਹਾ ਦਾ ਦਰਦ ਝਲਕਦਾ ਹੈ। ਰੁਮਾਂਸਵਾਦ ਦੀ ਚੀਸ ਪੈਂਦੀ ਹੈ। ਇਨਸਾਨ ਦੇ ਸੰਬੰਧਾਂ ਵਿਚ ਗਿਰਾਵਟ ਦੇ ਆਉਣ ਨਾਲ ਇਨਸਾਨ ਦਾ ਖ਼ੂਨ ਸਫੈਦ ਹੋਣ ਦਾ ਮਹਿਸੂਸ ਹੁੰਦਾ ਹੈ। ਇਸ ਕਵਿਤਾ ਦਾ ਇਕ-ਇਕ ਸ਼ਬਦ ਅਤੇ ਇਕ-ਇਕ ਫਿਕਰਾ ਬਹੁ ਅਰਥਾਂ ਦਾ ਲਖਾਇਕ ਹੈ। ਕਵਿਤਾ ਇਸ ਤਰੈਹਾਂ ਹੈ-

ਮੈਂ ਇਕ ਅੱਧ ਹਰਿਆ ਪੱਤਾ, ਪੀਲਾ ਜ਼ਰਦ ਹੋਇਆ ਮੇਰਾ ਖ਼ੂਨ,
ਅਜੇ ਸ਼ਾਖ਼ ਨਾਲ ਲਮਕਦਾ ਫਿਰਾਂ, ਪੂਰਾ ਟੁੱਟਿਆ ਨਹੀ ਮੇਰਾ ਸੰਬੰਧ,
ਜਦੋਂ ਵੀ ਹਵਾ ਦਾ ਬੁੱਲਾ ਆਵੇ, ਮੇਰੀ ਜਿੰਦ ਵੀ ਕੰਬਦੀ ਜਾਵੇ,
ਜੇ ਟੁੱਟਿਆ ਤਾਂ ਕਿਥੇ ਜਾਵਾਂ, ਹਵਾ-ਹਨੇਰੀ ਨੂੰ ਕੀ ਸਮਝਾਵਾਂ,
ਇਸੇ ਆਸ 'ਚ ਅਜੇ ਹਾਂ ਜੁੜਿਆ, ਮਤੇ ਫੇਰ ਹਰਾ ਹੋ ਜਾਵਾਂ,
ਸੁਕਣ ਤੋਂ ਪਹਿਲਾਂ, ਟੁੱਟਣ ਤੋਂ ਪਹਿਲਾਂ , ਮੈਂ ਵੀ ਆਪਣੀ ਜਿੰਦ ਜੀਅ ਜਾਵਾਂ।

ਡਾ ਰੰਜੂ ਆਪਣੀਆਂ ਕਵਿਤਾਵਾਂ ਵਿਚ ਸਮਾਜਿਕ ਸਰੋਕਾਰਾਂ ਦੇ ਦਰਦ ਨੂੰ ਵੀ ਪੈਰਗਟਾਉਂਦੇ ਹਨ। ਪਦਾਰਥਵਾਦੀ ਯੁਗ ਦੇ ਪਰਭਾਵਾਂ ਨੂੰ ਵੀ ਆਪਣੀਆਂ ਕਵਿਤਾਵਾਂ ਦੇ ਵਿਸ਼ੇ ਬਣਾਉਂਦੇ ਹਨ। ਕਦੇ ਮਾਂ ਦੇ ਮਾਧਿਅਮ ਰਾਹੀਂ ਸਮਾਜ ਵਿਚ ਵਾਪਰ ਰਹੇ ਦੁਖਾਂਤ ਬਾਰੇ ਲਿਖਦੇ ਹਨ। ਮਾਂ ਰਾਹੀਂ ਆਪਣੇ ਦਿਲ



ਦੀਆਂ ਭਾਵਨਾਵਾਂ ਨੂੰ ਕਵਿਤਾ ਦਾ ਰੂਪ ਦਿੰਦੇ ਹਨ। ਲੜਕੀਆਂ ਨੂੰ ਮਾਵਾਂ ਅਤੇ ਬਾਬੁਲ ਫੁੱਲਾਂ ਦੀ ਤਰੈਹਾਂ ਟਹਿਕਦੇ ਰੱਖਦੇ ਹੋਏ ਆਸ ਕਰਦੇ ਹਨ ਕਿ ਇਹ ਲਾਲ ਫੁੱਲ ਸਮਾਜ ਵਿਚ ਖ਼ੁਸ਼ਬੋਆਂ ਖਿਲਾਰਦੇ ਹੋਏ ਹਰ ਇਕ ਇਨਸਾਨ ਨੂੰ ਮਹਿਕਾਂ ਵੰਡਦੇ ਰਹਿਣ ਪੈਰੰਤੂ ਅਜੋਕੇ ਸਮੇਂ ਵਿਚ ਸਾਰਾ ਕੁਝ ਮਾਪਿਆਂ ਦੀਆਂ ਆਸਾਂ ਦੇ ਉਲਟ ਹੋ ਰਿਹਾ ਹੈ। ਤੇਰੇ ਬਿਨ ਮਾਂ ਸਿਰਲੇਖ ਵਾਲੀ ਕਵਿਤਾ ਵਿਚ ਲਿਖਦੇ ਹਨ-

ਤੇਰੇ ਬਿਨਾ ਮਾਂ, ਮੇਰਾ ਹੋਰ ਕੋਈ ਨਾ,
ਤੂੰ ਲਵੇਂ ਭਾਵੇਂ ਮੇਰੀ ਸਾਰ ਕੋਈ ਨਾ,
ਜੇ ਮੈਂ ਕਲੀ ਤਾਂ ਮੇਰਾ ਦੋਸ਼ ਕੋਈ ਨਾ,
ਫ਼ਰਜ਼ ਨਿਭਾਉਣੇ ਆਪਣੇ, ਕਸੂਰ ਕੋਈ ਨਾ,
ਭੈੜੇ ਰਿਸ਼ਤਿਆਂ ਦੀ ਮਾਂ ਮੈਨੂੰ ਲੋੜ ਕੋਈ ਨਾ,
ਤੂੰ ਫੇਰ ਹੱਥ ਸਿਰ ਤੇ ਅਰਮਾਨ ਕੋਈ ਨਾ,
ਬਾਬਲ ਕਹਿੰਦਾ ਸੀ ਫੁੱਲ, ਮੈਂ ਫੁੱਲ ਕੋਈ ਨਾ,
ਉਹ ਕਹਿੰਦਾ ਸੀ ਲਾਲ, ਪਰ ਮੈਂ ਲਾਲ ਕੋਈ ਨਾ,

ਖਲਾਅ ਸਿਰਲੇਖ ਵਾਲੀ ਕਵਿਤਾ ਵਿਚ ਵਰਤਮਾਨ ਸਮਾਜ ਦੀ ਤਸਵੀਰ ਖਿਚਕੇ ਰੱਖ ਦਿੱਤੀ ਹੈ। ਇਨਸਾਨ ਦਾ ਦੂਜੇ ਇਨਸਾਨ ਨਾਲ ਜਿਵੇਂ ਕੋਈ ਸੰਬੰਧ ਹੀ ਨਹੀਂ ਹੁੰਦਾ, ਜ਼ਿੰਦਗੀ ਵਿਚ ਖਲਾਅ ਪੈਦਾ ਹੋਇਆ ਪਿਆ ਹੈ। ਇਨਸਾਨ ਸਭ ਕੁਝ ਕੋਲ ਹੁੰਦਿਆਂ ਵੀ ਆਪਣੇ ਆਪ ਨੂੰ ਖਾਲੀ ਖਾਲੀ ਸਮਝਦਾ ਹੈ। ਦੋਸਤਾਂ ਵਿਚ ਦੋਸਤੀ ਦਾ ਨਿੱਘ ਨਹੀਂ ਰਿਹਾ। ਜਿਵੇਂ ਇਨਸਾਨੀਅਤ 'ਤੇ ਬਿਜਲੀ ਗਿਰਨ ਦੇ ਆਸਾਰ ਬਣੇ ਹੋਏ ਹੋਣ। ਜਿਵੇਂ ਸਭ ਹੋਕੇ ਵੀ ਕੁਝ ਨਾ ਰਹਿ ਗਿਆ ਹੋਵੇ, ਜਿਵੇਂ ਦੂਰ ਤੱਕ

ਆਵਾਜ਼ ਨਾ ਹੋਵੇ,
ਜਿਵੇਂ ਸਿਰਫ ਰਾਤ ਹੀ ਰਾਤ ਹੋਵੇ,
ਜਿਵੇਂ ਰਸਤਾ ਕੋਈ ਬਿਨ ਰਾਹਗੀਰ ਦੇ ਹੋਵੇ,
ਜਿਵੇਂ ਘਰ ਹੋਵੇ ਪਰ ਮਕਾਨ ਨਾ ਹੋਵੇ,
ਜਿਵੇਂ ਸਿਰ ਮੇਰੇ ਤੇ ਕੋਈ ਛਾਂ ਨਾ ਹੋਵੇ,
ਜਿਵੇਂ ਔਰਤ ਦੀ ਕੋਈ ਹੋਂਦ ਨਾ ਹੋਵੇ,
ਜਿਵੇਂ ਮੁਕ ਗਈ ਦਿਲਾਂ 'ਚੋਂ ਮੁਹੱਬਤ ਹੋਵੇ,

ਡਾ ਰੰਜੂ ਭਾਵਨਾਵਾਂ ਦੇ ਸਮੁੰਦਰ ਵਿਚ ਗੋਤੇ ਲਾਉਣ ਵਾਲੀ ਕਵਿਤਰੀ ਹਨ। ਪੈਰੰਤੂ ਇਨੈਹਾਂ ਗੋਤਿਆਂ ਸਮੇਂ ਸਮੁੰਦਰ ਦੀਆਂ ਲਹਿਰਾਂ ਨੂੰ ਗਿਣਦੇ ਨਹੀਂ ਪੈਰੰਤੂ ਉਹਨਾਂ ਦਾ ਟਾਕਰਾ ਕਰਦਿਆਂ, ਉਨੈਹਾਂ ਦੀਆਂ ਕਵਿਤਾਵਾਂ ਹਵਾਵਾਂ ਦੇ ਰੁੱਖ ਅਤੇ ਦਰਿਆਵਾਂ ਦੇ ਵਹਿਣ ਬਦਲਣ ਦੀ ਸਮਰੱਥਾ ਰੱਖਦੀਆਂ ਹਨ। ਇਸਤਰੀਆਂ ਨੂੰ ਸਵੈ ਵਿਸ਼ਵਾਸ਼ ਪੈਦਾ ਕਰਕੇ ਆਰਥਿਕ ਅਤੇ ਮਾਨਸਿਕ ਤੌਰ 'ਤੇ ਆਤਮ ਨਿਰਭਰ ਬਣਨ ਦੀ ਪੈਰੇਰਨਾ ਵੀ ਦਿੰਦੀਆਂ ਹਨ। ਕਵਿਤਰੀ ਸਮਾਜ ਨੂੰ ਜਾਇਦਾਦਾਂ ਦੇ ਝਗੜਿਆਂ ਤੋਂ ਉਪਰ ਉਠਕੇ ਇਨਸਾਨੀਅਤ ਦੇ ਹਿਤਾਂ ਤੇ ਪਹਿਰਾ ਦੇਣ ਦੀ ਨਸੀਅਤ ਦੇਵ ਵਾਲੀਆਂ ਕਵਿਤਾਵਾਂ ਲਿਖਦੇ ਹਨ।

ਮੇਰੀ ਹਰ ਕਵਿਤਾ ਲੱਗੇ ਮੈਨੂੰ ਤੀਰਥ ਵਰਗੀ,
ਇਹਦਾ ਹਰ ਅੱਖਰ ਮੈਂ ਦੁੱਧ ਨਾਲ ਧੋਇਆ।
ਹਾਂ ਮੈਂ ਉਹੀ ਬਿਰਖ, ਜੀਹਦੀ ਛਾਂ ਲੱਗੇ ਠੰਡੀ,
ਇਸਦੇ ਬੀਜ ਨੂੰ ਤੂੰ ਆਪ ਕਦੇ ਸੀ ਬੋਇਆ,
ਮੇਰਿਆਂ ਪੱਤਿਆਂ ਨੇ ਕਿੰਨੀ ਖੜਖੜ ਵੀ ਲਾਈ,
ਵੇਖ ਲੜਦੀ ਹਾਂ ਕਿਵੇਂ ਇਕੱਲੀ ਹਾਲਾਤਾਂ ਦੇ ਨਾਲ,

ਡਾ ਰੰਜੂ ਅਜਿਹੀਆਂ ਭਾਵਨਾਤਮਿਕ ਕਵਿਤਾਵਾਂ ਲਿਖਕੇ ਆਪ ਕਵਿਤਾ ਬਣ ਗਈ ਹੈ। ਉਹ ਸੰਸਾਰ ਦੀਆਂ ਸਾਰੀਆਂ ਮਾਂਵਾਂ ਨੂੰ ਨਿਹੋਰੇ ਮਾਰਦੀ ਹੈ ਕਿ ਉਨੈਹਾਂ ਦੀਆਂ ਧੀਆਂ ਅਤਿ ਨਾਜ਼ੁਕ ਹਾਲਾਤ ਵਿਚੋਂ ਗੁਜਰਦੀਆਂ ਹੋਈਆਂ ਬੁਲੰਦੀਆਂ 'ਤੇ ਪਹੁੰਚ ਰਹੀਆਂ ਹਨ ਪੈਰੰਤੂ ਮਾਵਾਂ ਸਮਾਜ ਦੀਆਂ ਕੋਝੀਆਂ ਹਰਕਤਾਂ ਅੱਗੇ ਬੇਬਸ ਹੋ ਕੇ ਆਪਣੀਆਂ ਜਾਈਆਂ 'ਤੇ ਫ਼ਖ਼ਰ ਵੀ ਮਹਿਸੂਸ ਨਹੀਂ ਕਰਦੀਆਂ। ਮਾਨਵਤਾ ਦੇ ਰਿਸ਼ਤੇ ਦਾਗ਼ਦਾਰ ਅਤੇ ਖੋਖਲੇ ਹੋ ਗਏ ਹਨ। ਉਨੈਹਾਂ ਵਿਚੋਂ ਇਨਸਾਨੀਅਤ ਗਾਇਬ ਹੋ ਗਈ ਹੈ। ਔਰਤਾਂ ਜਦੋਜਹਿਦ ਕਰਕੇ ਆਪਣਾ ਜੀਵਨ ਸੁਨਹਿਰੀ ਯਾਦਾਂ ਦੇ ਪੰਘੂੜਿਆਂ ਦਾ ਆਨੰਦ ਮਾਣ ਰਹੀਆਂ ਹਨ।

ਸੱਚ ਦੱਸ ਤੈਨੂੰ ਕੀ ਮੇਰੇ ਤੇ ਕਦੇ ਫ਼ਖ਼ਰ ਨਾ ਹੋਇਆ? ਕਿੰਨੇ ਸੁੰਨ ਸਾਨ ਹਨ ਇਹ ਘਰ,
ਕਿੰਨੇ ਖੋਖਲੇ ਹਨ ਸਭ ਰਿਸ਼ਤੇ,
ਕਿੰਨੇ ਹਨੇਰੇ ਹਨ ਇਹ ਮਹਿਲ,
ਜਿਧਰੋਂ ਵੀ ਮੇਰਾ ਸੂਰਜ ਲੰਘਿਆ,
ਓਧਰੋਂ ਇੱਕ ਇੱਕ ਕਿਰਨ ਫੜੀ ਹੈ।
ਪਿਰੋ ਮੈਂ ਸੂਰਜ ਦੀਆਂ ਕਿਰਨਾ,
ਬਣਾਈ ਰਾਤ ਤਾਰਿਆਂ ਦੀ ਲੜੀ ਹੈ।
ਅੱਧੇ ਹਿਜਰ ਦੇ, ਅੱਧੇ ਵਸਲ ਦੇ, ਲੀੜੇ ਪਾ ਕੇ ਲੈ ਲਾਵਾਂ,
ਸੁੰਝਮ-ਸੁੰਝੀ ਦੇਹ ਦੀ ਚਾਦਰ, ਯਾਦਾਂ ਦੀਆਂ ਮੈਂ ਪਾਵਾਂ ਬਾਹਵਾਂ।

ਮਨੁੱਖਤਾ ਦੀਆਂ ਕਰਤੂਤਾਂ ਉਪਰ ਵਿਅੰਗ ਕਰਦੀ ਕਵਿਤਰੀ ਆਪਣੀਆਂ ਕਵਿਤਾਵਾਂ ਵਿਚ ਲਿਖਦੀ ਹੈ ਕਿ ਇਸ ਜਹਾਨ ਵਿਚ ਲੋਕ ਮਖੌਟੇ ਪਾਈ ਫਿਰਦੇ ਹਨ। ਹਾਥੀ ਦੇ ਦੰਦ ਖਣ ਲਈ ਹੋਰ ਅਤੇ ਵਿਖਾਉਣ ਲਈ ਹੋਰ ਹਨ। ਇਨਸਾਨ ਦੀਆਂ ਮਾੜੀਆਂ ਹਰਕਤਾਂ ਕਰਕੇ ਧਰਤੀ ਲਹੂ ਲੁਹਾਨ ਹੋਈ ਪਈ ਹੈ। ਖ਼ੂਨ ਖ਼ਰਾਬਾ ਹੋ ਰਿਹਾ ਹੈ। ਜਿਤਨੀ ਦੇਰ ਕਿਸੇ ਨੂੰ ਇਸ ਦਹਿਸ਼ਤਗਰਦੀ ਦਾ ਸੇਕ ਨਹੀਂ ਲੱਗਦਾ ਉਤਨੀ ਦੇਰ ਇਨਸਾਨ ਸਿੱਧੇ ਰਸਤੇ ਨਹੀਂ ਪੈ ਸਕਦਾ। ਮੈਨੂੰ ਕੀ ਦੀ ਸੋਚ ਨੇ ਇਨਸਾਨੀਅਤ ਸ਼ਰਮਸਾਰ ਕੀਤੀ ਹੋਈ ਹੈ। ਫ਼ੋਕੇ ਦਿਲਾਸੇ ਅਤੇ ਭਰਵਾਸੇ ਸਮਾਜ ਵਿਚ ਤਬਦੀਲੀ ਨਹੀਂ ਲਿਆ ਸਕਣਗੇ। ਅਜਿਹੇ ਹਾਲਾਤ ਵਿਚ ਕਵਿਤਰੀ ਸਿਰਫ ਪਰਮਾਤਮਾ ਹੀ ਕੁਝ ਕਰਨ ਦੇ ਸਮਰੱਥ ਹੇ। ਉਸਤੇ ਆਸਾਂ ਨਾਲ ਜ਼ਿੰਦਗੀ ਬਸਰ ਹੋ ਰਹੀ ਹੈ।

ਕੀ ਇਹ ਮੇਰਾ ਜਹਾਨ ਹੈ? ਕੀ ਇਹ ਤੇਰਾ ਜਹਾਨ ਹੈ?
ਜਿਥੇ ਸੋਹਣੇ ਚੇਹਰੇ ਪਿਛੇ, ਲੁਕਿਆ ਕੋਈ ਸ਼ੈਤਾਨ ਹੈ।
ਜਿਸਦੀ ਮਾੜੀ ਹਰਕਤ ਹੱਥੋਂ, ਸਾਰੀ ਧਰਤੀ ਲਹੂ-ਲੁਹਾਨ ਹੈ।
ਜੋਗ ਮੇਰੇ ਜਗ ਸਾਰਾ ਰੰਗਿਆ, ਨਸ਼ਰ ਹੋਵੇ, ਮੈਂ ਲੱਖ ਲੁਕਾਵਾਂ।
ਅਨਹਦ-ਨਾਦ ਮੇਰੇ ਹਿਰਦੇ ਬੋਲਣ, ਤੇ ਮੈਂ ਕਿਵੇਂ ਨਾ ਨੱਚਾਂ ਗਾਵਾਂ।
ਜਿਕਰ ਤੇਰਾ ਮੈਨੂੰ ਅਲਾਹ ਵਰਗਾ,
ਤੇ ਮੈਂ ਅਲਾਹ ਕਿਵੇਂ ਭੁਲਾਵਾਂ?
ਇਹ ਖ਼ੂਨ-ਖ਼ਰਾਬਾ,
ਇਹ ਦਹਿਸ਼ਤ ਦਾ ਨਾਚ,
ਖ਼ੂਨ ਵਿਚ ਲਿਬੜੇ ਜਿਸਮ ਤੇ ਟੁੱਟੇ ਅੰਗਾਂ ਦਾ ਅੰਬਾਰ।
ਜਦੋਂ ਤੱਕ ਸੇਕ ਨਾ ਲੱਗੇ ਸਭ ਰਹਿਣਗੇ ਪਾਸੇ,
ਤੇ ਸਾਨੂੰ ਦੇਣਗੇ ਫੋਕੇ ਦਿਲਾਸੇ ਤੇ ਝੂਠੇ ਭਰਵਾਸੇ।
ਕੁਦਰਤ ਵੀ ਅੱਜ ਹੈਰਾਨ ਬੜੀ ਹੈ, ਕੀ ਇਨਸਾਨੀਅਤ ਵੀ ਸ਼ਰਮਸ਼ਾਰ ਖੜੀ ਹੈ?

ਉਮੀਦ ਕੀਤੀ ਜਾ ਸਕਦੀ ਹੈ ਕਿ ਡਾ ਰੰਜੂ ਭਵਿਖ ਵਿਚ ਹੋਰ ਸੁਚਾਰੂ ਅਤੇ ਪਾਏਦਾਰ ਕਵਿਤਾਵਾਂ ਲਿਖਕੇ ਸਮਾਜ ਵਿਚ ਤਬਦੀਲੀ ਲਿਆਉਣ ਦਾ ਯੋਗਦਾਨ ਪਾ ਸਕਣਗੇ। ਉਨੈਹਾਂ ਦੀਆਂ ਕਵਿਤਾਵਾਂ ਦੀ ਪੁਸਤਕ ਜਲਦੀ ਹੀ ਸਾਹਿਤਕ ਖੇਤਰ ਵਿਚ ਦਸਤਕ ਦੇਵੇਗੀ।

# ਸਿੱਖਿਆ ਆਮ ਨਾਗਰਿਕਾਂ ਲਈ ਨਹੀਂ ਹੁੰਦੀ?



ਹਰਦੀਪ ਸਿੰਘ ਚੁੰਬਰ
+91-94636-01616

ਗੁਲਾਮ ਕੋਈ ਵੀ ਜੀਵਤ ਪ੍ਰਾਣੀ ਨਹੀਂ ਹੁੰਦਾ, ਗੁਲਾਮ ਉਸ ਦਾ ਦਿਮਾਗ ਹੁੰਦਾ ਹੈ।ਸਰੀਰ ਦਿਮਾਗ ਦੇ ਇਸ਼ਾਰੇ ਉੱਤੇ ਕੰਮ ਕਰਦੇ ਹਨ। ਜਦੋਂ ਦਿਮਾਗ ਨੂੰ ਪ੍ਰਭਾਵਿਤ ਕਰ ਲਿਆ ਜਾਂਦਾ ਹੈ ਜਾਂ ਹੋ ਜਾਂਦਾ ਹੈ ਤਾਂ ਉਹ ਗੁਲਾਮੀ ਕਰਨ ਲਗ ਜਾਂਦਾ ਹੈ। ਦਿਮਾਗ ਨੂੰ ਪ੍ਰਭਾਵਿਤ ਕਰਨ ਲਈ ਸਾਮ, ਦਾਮ, ਦੰਡ, ਭੇਤ ਵਰਗੀਆਂ ਕਈ ਚਾਲਾਂ ਚਲੀਆਂ ਜਾਂਦੀਆਂ ਹਨ।

ਮਨੁੱਖ ਸਮਾਜਿਕ ਪ੍ਰਾਣੀ ਹੈ, ਸਮਾਜ ਵਿੱਚ ਉਸ ਦੇ ਆਪਣੇ ਨਿਜ ਤੋਂ ਲੈ ਕੇ ਉਸ ਦਾ ਪਰਿਵਾਰ ਅਤੇ ਹੋਰ ਨਜਦੀਕੀ ਹੁੰਦੇ ਹਨ। ਉਸ ਦਾ ਆਪਣਾ ਅਤੇ ਆਪਣੇ ਪਰਿਵਾਰ ਦੀਆਂ ਰੋਜ਼ਾਨਾ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਦੀਆਂ ਜ਼ਿੰਮੇਵਾਰੀਆਂ ਹੁੰਦੀਆਂ ਹਨ। ਇਹਨਾਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਲਈ ਸਾਧਨਾਂ ਅਤੇ ਸੰਸਾਧਨਾਂ ਦੀ ਜਰੂਰਤ ਹੁੰਦੀ ਹੈ। ਚਲਾਕ ਮਨੁੱਖ ਨੇ ਦੂਜੇ ਮਨੁੱਖ ਨੂੰ ਗੁਲਾਮ ਬਣਾਉਣ ਲਈ ਰੁਜ਼ਗਾਰ ਦੇ ਸਾਧਨਾਂ ਅਤੇ ਸੰਸਾਧਨਾਂ ਉੱਤੇ ਕਬਜ਼ੇ ਕਰਨੇ ਸ਼ੁਰੂ ਕੀਤੇ ਤਾਂ ਕਿ ਮਜਬੂਰ ਮਨੁੱਖ ਤੋਂ ਮਨਮਰਜ਼ੀ ਮੁਤਾਬਿਕ ਕੰਮ ਲਿਆ ਜਾ ਸਕੇ। ਮਜਬੂਰੀ ਵੀ ਗੁਲਾਮੀ ਦਾ ਕਾਰਨ ਬਣਦੀ ਹੈ।

ਮਨੁੱਖ ਦੂਜੇ ਮਨੁੱਖ ਦੀ ਅਧੀਨਗੀ ਕਰਦਾ ਜਾਂ ਕਰਵਾਉਂਦਾ ਹੈ ਤਾਂ ਇੱਕ ਨੂੰ ਰਾਜ ਹੋਣ ਦਾ ਅਹਿਸਾਸ ਲਗ ਜਾਂਦਾ ਹੈ, ਦੂਜੇ ਨੂੰ ਗੁਲਾਮੀ ਦਾ ਹੋਵੇ ਜਾਂ ਨਾ ਹੋਵੇ। ਰਾਜਾਸ਼ਾਹੀ ਅਤੇ ਰਜਵਾੜਾਸ਼ਾਹੀ ਇਸ ਪ੍ਰਬੰਧ ਵਿਕਰਾਲ ਰੂਪ ਹੈ। ਲੋਕਤੰਤਰ ਰਾਜਤੰਤਰ ਚਲਾਉਣ ਦਾ ਰਾਜਾਸ਼ਾਹੀ ਦਾ ਦੂਜਾ ਬਦਲਵਾਂ ਸੁਧਰਿਆ ਵਿਕਰਾਲ ਪ੍ਰਬੰਧ ਹੈ। ਲੋਕਤੰਤਰ ਭਾਰਤ ਲਈ ਨਵਾਂ ਨਹੀਂ। ਭਾਰਤ ਵਿੱਚ ਮੌਰੀਆ ਰਾਜ ਵਿੱਚ ਬਹੁਤ ਹੀ ਸੁਚੱਜੇ ਢੰਗ ਨਾਲ ਚਲਾਇਆ ਗਿਆ। ਉਸ ਸਮੇਂ ਭਾਰਤ ਸੰਸਾਰ ਦੀ ਕੁੱਲ ਜੀਡੀਪੀ ਦਾ 40% ਇਕੱਲਾ ਪੈਦਾ ਕਰਦਾ ਸੀ। ਵਿਦੇਸ਼ਾਂ ਤੋਂ ਵਿਦਿਆਰਥੀ ਭਾਰਤ ਪੜ੍ਹਨ ਲਈ ਅਤੇ ਲੋਕ ਵਪਾਰ ਕਰਨ ਆਉਂਦੇ ਸਨ। ਮੌਰੀਆ ਰਾਜ ਤੋਂ ਬਾਅਦ ਉਸ ਰਾਜ ਪ੍ਰਬੰਧ ਵਰਗਾ ਸੁਨਿਹਰੀ ਸਮਾਂ ਨਹੀਂ ਆਇਆ। ਭਾਰਤੀਆਂ ਨੂੰ ਭਾਰਤੀਆਂ ਦੁਆਰਾ ਲੁੱਟਿਆ ਗਿਆ ਅਤੇ ਲੁੱਟ ਕਰਨ ਲਈ ਕਈ ਭਾਰਤੀਆਂ ਨੇ ਆਪ ਵੀ ਵਿਦੇਸ਼ੀਆਂ ਨੂੰ ਬੁਲਾਇਆ ਗਿਆ,



ਧਨ ਅਤੇ ਸੈਨਾ ਦੇ ਕੇ ਮਦਦ ਵੀ ਕੀਤੀ।

ਭਾਰਤੀ ਲੋਕਤੰਤਰ ਰਜਵਾੜਾਸ਼ਾਹੀ ਦੇ ਰਾਹ ਉੱਤੇ ਚਲ ਰਿਹਾ ਹੈ। ਲੋਕਤੰਤਰੀ ਸਰਕਾਰਾਂ ਸਾਧਨ ਅਤੇ ਸੰਸਾਧਨਾਂ ਨੂੰ ਨਿਜੀ ਧਨਕੁਬੇਰਾਂ (ਆਧੁਨਿਕ ਸਾਮੰਤਵਾਦ) ਦੇ ਹੱਥਾਂ ਵਿੱਚ ਦੇ ਕੇ ਆਮ ਲੋਕਾਂ ਨੂੰ ਲੁੱਟ ਦਾ ਸਿਕਾਰ ਬਣਵਾਉਣ ਵਿੱਚ ਮਦਦ ਕਰਦੀਆਂ ਆ ਰਹੀਆਂ ਹਨ ਅਤੇ ਆਪ ਧਨਕੁਬੇਰਾਂ ਦੇ ਭਾਈਵਾਲ ਵਜੋਂ ਕੰਮ ਕਰਦੀਆਂ ਦਿਖਾਈ ਦਿੰਦੀਆਂ ਹਨ। ਭਾਰਤੀ ਲੋਕਤੰਤਰਿਕ ਸਰਕਾਰਾਂ ਸਾਮੰਤਵਾਦ, ਜਾਗੀਰਦਾਰੀ ਦੇ ਮੁਕਾਬਲੇ ਦੂਹਰੀ ਲੁੱਟ ਦਾ ਸ਼ਿਕਾਰ ਕਰਦੀਆਂ ਦਿਖਾਈ ਦਿੰਦੀਆਂ ਹਨ। ਪਹਿਲੇ ਨੰਬਰ ਉੱਤੇ ਹਰੇਕ ਨਾਗਰਿਕ ਨੂੰ ਖਰੀਦ ਵੇਚ ਜਾ ਹੋਰ ਲੈਣ ਦੇਣ ਕਰਦੇ ਸਮੇਂ ਸਰਕਾਰ ਨੂੰ ਬਹੁਤ ਸਾਰੇ ਸਿੱਧੇ, ਅਸਿੱਧੇ ਟੈਕਸ ਅਤੇ ਆਮਦਨ ਟੈਕਸ ਦੇਣੇ ਪੈਂਦੇ ਹਨ। ਦੂਜੇ ਨੰਬਰ ਉੱਤੇ ਆਮ ਜਨਤਾ ਰੁਜ਼ਗਾਰ ਪ੍ਰਾਪਤ ਕਰਤਾ ਦੇ ਰੂਪ ਦੇ ਵਿੱਚ ਰੋਜ਼ਾਨਾ ਜਾ ਮਹੀਨਾਵਾਰ ਉਜਰਤਾਂ ਦਾ ਸਰਕਾਰੀ ਅਦਾਰਿਆਂ ਨਾਲੋਂ ਬਹੁਤ ਹੀ ਘੱਟ ਦੇ ਕੇ ਵੱਧ ਕੰਮ ਲਿਆ ਜਾਂਦਾ ਹੈ, ਅਤੇ ਸਧਾਰਨ ਮੁੱਲ ਉੱਤੇ ਵੇਚੇ ਹੋਏ ਨੂੰ ਖਰੀਦਣ ਸਮੇਂ ਕਈ ਗੁਣਾ ਵਧ ਕੀਮਤ ਦੇ ਕੇ ਖਰੀਦਣਾ ਪੈਂਦਾ ਹੈ।ਭਾਰਤ ਵਿੱਚ ਧਨਕੁਬੇਰ ਦੇ ਅਮੀਰ ਹੋਣ ਦੀ ਕੋਈ ਹੱਦ ਨਹੀਂ।

ਭਾਰਤ ਨੂੰ ਸੰਸਾਰ ਵਿੱਚ ਮਾਨਵ ਮਜ਼ਦੂਰੀ ਲਈ ਸਸਤੀ ਮੰਡੀ ਮੰਨਿਆ ਜਾਂਦਾ ਹੈ ਜਿਥੋਂ ਉੱਚ ਸਿੱਖਿਆ ਪ੍ਰਾਪਤ ਨੌਜਵਾਨ ਸਸਤੇ ਵਿੱਚ ਕੰਮ ਘਰ ਬੈਠ ਕੇ ਜਾਂ ਵਿਦੇਸ਼ ਦਾ ਕੇ ਕੰਮ ਕਰਨ ਲਈ ਹਰ ਸਮੇਂ ਤਿਆਰ ਹੁੰਦੇ ਹਨ। ਮਨੁੱਖ ਨੂੰ ਗੁਲਾਮ ਬਣਾਉਣ ਲਈ ਸਿੱਖਿਆ ਨੂੰ ਸੀਮਿਤ ਕਰਨ ਦਾ ਸਾਡੇ ਦੇਸ਼ ਵਿੱਚ ਪ੍ਰਬੰਧ ਰਿਹਾ ਹੈ। ਮੌਜੂਦਾ ਹਰਿਆਣਾ ਵਰਗੀਆਂ ਰਾਜ ਸਰਕਾਰਾਂ ਨੇ ਤਾਂ ਸਕੂਲਾਂ ਵਿੱਚ ਸਾਇੰਸ ਵਰਗੇ ਵਿਸ਼ਿਆਂ ਦੀ ਪੜਾਈ ਉੱਤੇ ਰੋਕ ਲਾ ਕੇ ਭਵਿੱਖ ਨੂੰ ਹਨੇਰੀ ਅਤੇ ਗੁਲਾਮੀ ਵੱਲ ਧੱਕਣ ਦੀ ਵਾਲੀ ਕੋਸ਼ਿਸ਼ ਕੀਤੀ ਹੈ। ਦਿਮਾਗ ਨੂੰ ਬੰਦ ਕਰ ਅਸਾਨੀ ਨਾਲ ਗੁਲਾਮ ਰੱਖਣ ਦੀਆਂ ਚਾਲਾਂ ਵਿੱਚੋਂ ਇੱਕ ਕਾਰਗਰ ਚਾਲ ਹੈ। ਇਸ ਤਰਾਂ ਭਾਰਤੀ ਲੋਕਤੰਤਰ ਪੁਰਾਣੇ ਰਾਜਾਸ਼ਾਹੀ ਦੀ ਤਰਜ਼ ਉੱਤੇ ਰਾਜ ਕਰਨ ਦੇ ਰਾਹ ਉੱਤੇ ਵਧ ਰਿਹਾ ਹੈ।

ਰਾਮ ਮੰਦਰ ਦੀ ਸਥਾਪਨਾ ਹੋ ਚੁੱਕੀ ਹੈ। ਦੇਸ਼ ਦੇ ਪ੍ਰਥਮ ਨਾਗਰਿਕ ਜੋ ਦਲਿਤਾਂ ਜੋ ਵਿਚੋਂ ਹਨ ਨੂੰ ਬੁਲਾਉਣਾ ਸ਼ਾਇਦ ਹਿੰਦੂ ਧਰਮ ਦੇ ਮਾਮਲੇ ਵਿੱਚ ਠੀਕ ਨਹੀਂ ਸੀ, ਇਸ ਲਈ ਉਸਦੀ ਅਣਦੇਖੀ ਕਰਕੇ ਪ੍ਰਧਾਨ ਮੰਤਰੀ ਨੇ ਪੂਜਾ ਪਾਠ ਕਰਕੇ ਸਿਲਾਨਿਆਸ ਕਰ ਦਿੱਤਾ। ਸਰਕਾਰਾਂ ਸਿੱਖਿਆ ਨੂੰ ਮਹਿੰਗਾ ਅਤੇ ਵਪਾਰੀਕਰਨ ਕਰਦੇ ਆਮ ਲੋਕਾਂ ਦੀ ਪਹੁੰਚ ਤਾਂ ਬਾਹਰ ਕਰ ਰਹੀਆਂ ਹਨ।ਸ਼ਾਇਦ ਰਾਮ ਰਾਜ ਦੀ ਪਰਿਭਾਸ਼ਾ ਇਹ ਹੀ ਹੋਵੇਗੀ, ਕਿ ਸੰਭੂਕ ਦਾ ਕਤਲ ਕਰਨ ਨੂੰ ਸਹੀ ਮੰਨ ਲਿਆ ਜਾਵੇ ਕਿ ਸਿੱਖਿਆ ਹਰ ਆਮ ਨਾਗਰਿਕ ਲਈ ਨਹੀਂ ਹੁੰਦੀ। ਸਾਡੀਆਂ ਸਰਕਾਰਾਂ ਇਸ ਵੱਲ ਵਧ ਰਹੀਆਂ ਹਨ।

# ਜ਼ਿੰਦਗੀ

ਜ਼ਿੰਦਗੀ 'ਚ ਜਦ ਘਨੇਰੀ ਧੁੱਪ 'ਚ ਛਾਂ ਹੁੰਦੀ ਏ।
ਚੁੱਪ ਚੁੱਪੀਤੇ ਜੋ ਚੇਤੇ ਆਵੇ ਉਹ ਮਾਂ ਹੁੰਦੀ ਏ।

ਆਕੜ ਵਿੱਚ ਬੰਦਾ ਮੂੰਹ ਭਰਨੇ ਡਿੱਗ ਪੈਂਦਾ ,
ਜ਼ਿੰਦਗੀ 'ਚ ਅਕਸਰ ਉੱਚੀ ਨੀਵੀਂ ਥਾਂ ਹੁੰਦੀ ਏ।

ਲੋੜ ਪਈ ਤੇ ਲੋਕ ਗਧੇ ਨੂੰ ਬਾਪ ਬਣਾ ਲੈਂਦੇ ,
ਜਦ ਕਸੂਤੀ ਵੇਲਣ ਵਿੱਚ ਫਸੀ ਬਾਂਹ ਹੁੰਦੀ ਏ।

ਬੇਇਤਫ਼ਾਕੀ ਜਦ ਕਿਸੇ ਦੇ ਘਰ 'ਚ ਆ ਜਾਂਦੀ,
ਵਿਹੜੇ ਵਿੱਚ ਫਿਰ ਚੂੰ ਚੜੱਕ ਤੇ ਕਾਂ ਕਾਂ ਹੁੰਦੀ ਏ।

ਸੱਚੇ ਬੰਦੇ ਦੇ ਗ਼ਲ'ਚ ਫਾਂਸੀ ਦੀ ਰੱਸੀ ਹੁੰਦੀ ਏ,
ਗੈਰਤਮੰਦ ਤੋਂ ਹੀ ਸੱਚ ਦੇ ਹੱਕ 'ਚ ਹਾਂ ਹੁੰਦੀ ਏ।

ਤਕੜਿਆਂ ਸਾਹਵੇਂ ਉਹ ਐਂਵੇਂ ਜੀ ਜੀ ਕਰਦਾ ਏ,
ਬਸ ਗੁਰਦੇ ਵਾਲੇ ਬੰਦੇ ਤੋਂ ਹੀ ਨਾਂਹ ਹੰਦੀ ਏ।

ਜ਼ਾਲਮ ਹਾਕਮ ਅਕਸਰ ਸ਼ਰਾਰਤ ਕਰ ਜਾਂਦਾ,
ਜਨਤਾ ਦੀ ਅੱਖ ਜਦ ਵੀ ਉਰ੍ਹਾਂ ਪਰ੍ਹਾਂ ਹੁੰਦੀ ਏ।

ਸੁਖਨਵਰਾਂ ਦੀ ਸੋਹਬਤ ਦਾ ਅਸਰ 'ਮਨਜੀਤ',
ਸੋਹਣੀ ਗੱਲ ਅਕਸਰ ਗ਼ਜ਼ਲ 'ਚ ਤਾਂ ਹੁੰਦੀ ਏ।

**– ਮਨਜੀਤ ਸਿੰਘ**
91-98726-24833



# ਗੀਤ

ਚੰਦਰੇ ਕਰੋਨੇ ਨੇ,ਸਾਡੀ ਜਾਨ ਮੁੱਠੀ ਵਿੱਚ ਕੀਤੀ,
ਚੰਗੀ ਭਲੀ ਵਸਦੀ ਸੀ,ਹੁਣ ਦੁਨੀਆਂ ਕੈਦ ਪਈ ਕੀਤੀ।

ਦਿਨ ਰਾਤ ਕੰਮ ਕਰਦੇ ਸੀ,
ਢਿੱਡ ਵਾਸਤੇ ਕਮਾਈਆਂ ਕਰਦੇ।
ਆਹ ਜਦੋਂ ਦੀ ਬਿਮਾਰੀ ਫੈਲਗੀ,
ਲੋਕੀਂ ਜਾਣ ਦਿਨੋ ਦਿਨ ਮਰਦੇ।
ਅੱਗ ਲੱਗੇ ਚੀਨ ਦੇਸ਼ ਨੂੰ,
ਜੀਹਨੇ ਘਟੀਆ ਖੋਜ ਹੈ ਕੀਤੀ,
ਚੰਦਰੇ ਕ੍ਰੋਨੇ ਨੇ, ਸਾਡੀ ਜਾਨ ਮੁੱਠੀ ਵਿੱਚ ਕੀਤੀ..

ਕੁਝ ਕਰ ਸਰਕਾਰੇ ਨੀ,
ਲੋਕ ਸਾਹਾਂ ਬਿਨਾਂ ਮਰੀ ਜਾਂਦੇ।
ਮੌਤ ਕੋਲੋ ਬੇ ਡਰ ਜੋ,
ਮਾਇਆ ਮੰਤਰੀ ਕੱਠੀ ਕਰੀ ਜਾਂਦੇ।
ਭੁੱਖਾਂ ਨਾਲ ਮਰੇ ਜਨਤਾ ,
ਤਾਂ ਵੀ ਬੈਠੀ ਹੈ ਬੁੱਲਾਂ ਨੂੰ ਸੀਤੀ।
ਚੰਦਰੇ ਕਰੋਨੇ ਨੇ, ਸਾਡੀ ਜਾਨ ਮੁੱਠੀ ਵਿੱਚ ਕੀਤੀ...

ਰੁੱਖ ਪਹਿਲਾਂ ਸੁੱਟੇ ਪੁੱਟ ਕੇ,
ਹੁਣ ਪੈ ਗਈ ਲੋੜ ਤਾਂ ਡਾਹਢੀ।
ਆਕਸੀਜਨ ਲਭਦੀ ਨਾ,
ਔਖੀ ਜਾਨ ਨਿਕਲਦੀ ਡਾਹਢੀ।
ਰਾਜਿਆਂ ਨੂੰ ਰਾਜ ਦੀ ਪਈ,
ਲੋਕਾਂ ਉੱਤੇ ਨਾ ਪਤਾ ਕੀ ਬੀਤੀ।
ਚੰਦਰੇ ਕਰੋਨੇ ਨੇ ,ਸਾਡੀ ਜਾਨ ਮੁੱਠੀ ਵਿੱਚ ਕੀਤੀ,
ਚੰਗੀ ਭਲੀ ਵਸਦੀ ਸੀ, ਹੁਣ ਦੁਨੀਆਂ ਕੈਦ ਪਈ ਕੀਤੀ।



**– ਰਾਜਨਦੀਪ ਕੌਰ ਮਾਨ**
91-62393-26166

# ਭੱਠਿਆਂ ਦਾ ਗੀਤ



ਕੁੱਛੜ ਬੱਚਾ, ਸਿਰ ਤੇ ਇੱਟਾਂ ਧਰਦੀਆਂ ਨੇ,
ਦੇਸ਼ ਮੇਰੇ ਵਿੱਚ, ਇੰਝ ਮਜਬੂਰੀਆਂ ਪਲਦੀਆਂ ਨੇ,

ਕੁੱਖਾਂ ਅੰਦਰ, ਨਿੱਕੀਆਂ ਜਿੰਦਾਂ ਨੂੰ ਰੱਖਕੇ,
ਆਪਣੇ ਉਪਰ ਭਾਰ ਮਣਾਂ ਮੂੰਹ, ਜਰਦੀਆਂ ਨੇ,
ਭੁੱਖੀਆਂ ਰਹਿਕੇ ਵੀ ਜਣੇਪਾ ਪਾਲਦੀਆਂ,
ਜੰਮਣ ਪੀੜਾਂ ਨਾਲ ਦਿਹਾੜੀ, ਕਰਦੀਆਂ ਨੇ,
ਕੁੱਛੜ ਬੱਚਾ ਸਿਰ ਤੇ.......

ਕੱਚੀਆਂ ਢਾਰਾਂ ਵਿਚ ਨੇ ਜਿੰਦਗੀ ਕੱਟਦੀਆਂ,
ਪੱਕੀਆਂ ਇੱਟਾਂ ਪਰ ਬਣਾਵਣ, ਘਰ ਦੀਆਂ ਨੇ,
ਇਹਨਾਂ ਦੇ ਭਾਗਾਂ ਦਾ ਸੂਰਜ ਰੁੱਸ ਗਿਆ,
ਇੱਕੋ ਜਿਹੀਆਂ ਗਰਮੀਆਂ ਤੇ ਸਰਦੀਆਂ ਨੇ
ਕੁੱਛੜ ਬੱਚਾ ........

ਮਿੱਟੀ ਦੇ ਨਾਲ ਮਿੱਟੀ ਹੋਈਆਂ,ਮਰਦਾਂ ਦੀ,
ਹਾਂ ਦੇ ਵਿੱਚ ਬਰਾਬਰ ਹਾਮੀਂ ਭਰਦੀਆਂ ਨੇ,
ਮੋਢੇ ਦੇ ਨਾਲ ਮੋਢਾ ਲਾ ਕੇ ਬੰਦੇ ਦੇ,
ਹਾਲਾਤਾਂ ਦੇ ਨਾਲ ਬਰਾਬਰ ਲੜਦੀਆਂ ਨੇ,
ਕੁੱਛੜ ਬੱਚਾ .......

ਬਾਰਸ਼ਾਂ ਦੇ ਵਿੱਚ ਚੋਵੇ ਝੌਂਪੜਾ,
ਨਿਮਾਣੀਆਂ ਜਿੰਦਾਂ ਇਵੇਂ ਹੀ ਠਰਦੀਆਂ ਨੇ,
ਢਿੱਡ ਵਾਲੀ ਅੱਗ ਦੇ ਬਾਰੇ ਵਿਚ ਸੋਚ ਕੇ,
ਨਿੱਤ ਨਵੀਂ ਮੌਤੇ ਇਹੋ ਰਾਜਨੋ ਮਰਦੀਆਂ ਨੇ।
ਕੁੱਛੜ ਬੱਚਾ ਸਿਰ ਤੇ ਇੱਟਾਂ ਧਰਦੀਆਂ ਨੇ,
ਦੇਸ਼ ਮੇਰੇ ਵਿੱਚ ਇੰਝ ਮਜਬੂਰੀਆਂ ਪਲਦੀਆਂ ਨੇ!

# ਗੀਤ

ਸਾਡੇ ਕੋਲੋਂ ਲੰਘ ਗਈਆਂ
ਡਾਰਾਂ ਦੀਆਂ ਡਾਰਾਂ
ਸਾਡੇ ਕੋਲੋਂ ਉੱਡ ਗਈਆਂ
ਮਹਿਕਾਂ ਤੇ ਬਹਾਰਾਂ।

ਦੂਰ ਕਿਤੇ ਮਾਰੂਥਲ
ਜਾਪਦਾ ਸੀ ਪਾਣੀ
ਸੱਚੋ ਸੱਚ ਗੱਲ ਪਰ
ਅਸੀਂ ਵੀ ਨਾ ਜਾਣੀ
ਰਾਹੀਂ ਖੜ੍ਹੇ ਰਹਿ ਗਏ ਅਸੀਂ
ਲੰਘੀਆਂ ਕਤਾਰਾਂ...।

ਸਮਿਆਂ ਦੀ ਡੋਰ ਕਿਤੇ
ਲਾਰਿਆਂ ਨੇ ਫੜੀ ਸੀ
ਰੋਸ਼ਨੀ ਵੀ ਰਾਹਾਂ ਵਿੱਚ
ਚੁੱਪ ਚੁੱਪ ਖੜੀ ਸੀ
ਘੜੀ ਵੀ ਨਾ ਹੱਥ ਆਈ
ਲੰਘੀਆਂ ਹਜ਼ਾਰਾਂ..।

ਹਵਾ ਉਤੇ ਤਰਦੀ ਸੀ
ਰੂਹਾਂ ਦੀ ਖੁਮਾਰੀ
ਕੋਲ ਕੋਲ ਜਾਪਦੀ ਸੀ
ਕਾਇਆਨਾਤ ਸਾਰੀ
ਦੁਨੀਆਂ ਦੀ ਕਾਨਾਫੂਸੀ
ਕਿਵੇਂ ਮੈ ਸਹਾਰਾਂ ....।

ਜਦ ਕਦੇ ਆਉਣ ਚੇਤੇ
ਸੋਹਣੇ ਚਿਹਰੇ ਹੱਸਦੇ
ਜਿੰਦਗੀ ਦੇ ਸਾਰੇ ਪਲ
ਬੀਤੇ ਵੱਲ ਨੱਸਦੇ
ਜੋੜ ਜਾਣ ਖੁਸ਼ੀ ਨਾਲ
ਦਿਲ ਦੀਆਂ ਤਾਰਾਂ ....।

ਤੁਰ ਗਏ ਪੂਰਾਂ ਦੇ ਪੂਰ
ਨਾਲ ਸੀ ਜੋ ਤੁਰਦੇ
ਬਣਾਉਂਦੇ ਰਹੇ ਘਰ ਏਥੇ
ਪਹੁੰਚੇ ਘਰ ਧੁਰ ਦੇ
ਮੁੜ ਕਦੇ ਮਿਲੀਆਂ ਨਾ
ਉਨ੍ਹਾਂ ਦਿਆਂ ਸਾਰਾਂ ....।

ਸਾਡੇ ਕੋਲੋਂ ਲੰਘ ਗਈਆਂ
ਡਾਰਾਂ ਦੀਆਂ ਡਾਰਾਂ ।

**ਅੰਗ-ਸੰਗ**



**ਸ਼ਾਮ ਸਿੰਘ**
**98141-13338**

**ਖੇਡ ਮੈਦਾਨ ਬੋਲਦਾ ਹੈ**

**ਜਗਰੂਪ ਸਿੰਘ ਜਰਖੜ**
98143-00722



# ਪਰਗਟ ਸਿੰਹਾਂ ਹੁਣ ਪਤਾ ਚੱਲੇਗਾ ਕੌਣ ਹੈ ਅਸਲੀ ਅਤੇ ਨਕਲੀ ਕਪਤਾਨ?

ਪਰਗਟ ਸਿੰਘ ਪੰਜਾਬੀਆਂ ਦੀ ਹਾਕੀ ਦੀ ਦੁਨੀਆਂ ਦਾ ਸਰਤਾਜ ਇਹ ਪੰਜਾਬ ਦਾ ਪਹਿਲਾ ਅਜਿਹਾ ਹਾਕੀ ਖਿਡਾਰੀ ਹੈ ਜਿਸ ਨੂੰ ਭਾਰਤੀ ਹਾਕੀ ਟੀਮ ਦੀ 2 ਓਲੰਪਿਕ ਖੇਡਾਂ 1992 ਬਾਰਸੀਲੋਨਾ ਅਤੇ 1996 ਐਟਲਾਂਟਾ ਓਲੰਪਿਕ ਖੇਡਾਂ ਵਿੱਚ ਕਪਤਾਨੀ ਕਰਨ ਦਾ ਮਾਣ ਮਿਲਿਆ ਅਤੇ ਦੋ ਵਾਰ ਹੀ ਜਲੰਧਰ ਤੋਂ ਐਮ ਐਲ ਏ ਬਣਨ ਦਾ ਮਾਣ ਹਾਸਲ ਹੋਇਆ।

ਭਾਰਤੀ ਹਾਕੀ ਟੀਮ ਵੱਲੋਂ ਅੰਤਰਰਾਸ਼ਟਰੀ ਪੱਧਰ ਤੇ 313 ਮੈਚ ਖੇਡਣ ਵਾਲਾ ਅਤੇ 168 ਮੈਚਾਂ ਵਿੱਚ ਭਾਰਤੀ ਹਾਕੀ ਟੀਮ ਦੀ ਕਪਤਾਨੀ ਕਰਨ ਵਾਲਾ ਪਰਗਟ ਸਿੰਘ ਰਾਜਨੀਤੀ ਵਿੱਚ ਆਪਣੀ ਕਪਤਾਨੀ ਦਾ ਜੌਹਰ ਨਹੀਂ ਵਿਖਾ ਸਕਿਆ ਹਾਲਾਂਕਿ ਰਾਜਨੀਤੀ ਵਿੱਚ ਉਹ ਇਸ ਕਰਕੇ ਆਇਆ ਸੀ ਕਿ ਉਹ ਖੇਡਾਂ ਦੇ ਖੇਤਰ ਵਿਚ ਆਪਣੇ ਦਮ ਤੇ ਵੱਡਾ ਸੁਧਾਰ ਕਰੇਗਾ ਪਰ ਰਾਜਨੀਤੀ ਦੀਆ ਤਿਕੜਮ ਚਾਲਾਂ ਵਿੱਚ ਫਸ ਕੇ ਹੀ ਰਹਿ ਗਿਆ ਪਰਗਟ ਨੇ ਹਾਕੀ ਖੇਡਣ ਤੋਂ ਬਾਅਦ ਸਾਲ 2005 ਵਿੱਚ ਪੰਜਾਬ ਪੁਲਿਸ ਦਾ ਐੱਸਪੀ ਰੈਂਕ ਦਾ ਅਹੁਦਾ ਛੱਡ ਕੇ ਡਾਇਰੈਕਟਰ ਸਪੋਰਟਸ ਦੀ ਨੌਕਰੀ ਜੁਆਇਨ ਕੀਤੀ ਹੈ ਡਾਇਰੈਕਟਰ ਸਪੋਰਟਸ ਦੇ ਅਹੁਦੇ ਦੀ ਮਿਆਦ ਦੌਰਾਨ ਉਸ ਨੇ ਇਹ ਖੇਡਾਂ ਵਿੱਚ ਸੁਧਾਰ ਕਰਨ ਦਾ ਯਤਨ ਵੀ ਕੀਤਾ ਪੰਜਾਬ ਦੇ ਖੇਡ ਖੇਤਰ ਨੂੰ ਜਿਸਦੇ ਨਤੀਜੇ ਵੀ ਵਧੀਆ ਮਿਲੇ ਪਰ ਰਾਜਨੀਤਿਕ ਲੀਡਰਾਂ ਨੂੰ ਵਧੀਆ ਨਤੀਜਿਆਂ ਦਾ ਕੋਈ ਸਾਰੋਕਾਰ ਨਹੀਂ ਹੁੰਦਾ ਪਰ ਉਸਤੋਂ ਬਾਅਦ ਸਾਲ 2011ਦਸੰਬਰ ਵਿੱਚ ਸੁਖਬੀਰ ਸਿੰਘ ਬਾਦਲ ਦੀ ਹੀ ਪ੍ਰੇਰਨਾ ਨਾਲ ਉਹ ਰਾਜਨੀਤੀ ਵਿੱਚ ਆਇਆ ਅਤੇ 2017 ਵਿਧਾਨ ਸਭਾ ਚੋਣਾ ਵਿੱਚ ਅਕਾਲੀਆਂ ਵਲੋਂ ਜਲੰਧਰ ਤੋਂ ਵਿਧਾਇਕ ਬਣੇ ਉਨ੍ਹਾਂ ਨੂੰ ਇਹ ਪੂਰੀ ਆਸ ਸੀ ਕਿ ਅਕਾਲੀ ਸਰਕਾਰ ਉਨ੍ਹਾਂ ਨੂੰ ਖੇਡ ਮੰਤਰੀ ਦਾ ਅਹੁਦਾ ਜਰੂਰ ਦੇਵੇਗੀ ਪਰ ਰਾਜਨੀਤੀ ਵਿੱਚ ਮੰਤਰੀਆਂ ਵਾਲੇ ਅਹੁਦੇ ਬਿਨਾਂ ਚਾਪਲੂਸੀ ਕਦੇ ਵੀ ਨਹੀਂ ਮਿਲਦੇ ਹੁੰਦੇ ਕਿਉਂਕਿ ਚਾਪਲੂਸੀ ਖਿਡਾਰੀ ਦੇ ਜ਼ਿਹਨ ਵਿੱਚ ਘੱਟ ਹੀ ਹੁੰਦੀ ਹੈ । ਇਸੇ ਕਰਕੇ ਬਾਦਲਾਂ ਨੇ ਅਕਾਲੀ ਸਰਕਾਰ ਚ ਪਰਗਟ ਦੀ ਚੰਗੀ ਘਸਾਈ ਕੀਤੀ ਫਿਰ ਅਕਾਲੀ ਦਲ ਤੋਂ ਵੱਖ ਹੋ ਕੇ ਨਵਜੋਤ ਸਿੱਧੂ ਤੇ ਬੈਂਸ ਬ੍ਰਦਰਜ਼ ਨਾਲ ਰਲਕੇ "ਆਵਾਜ਼ ਏ ਪੰਜਾਬ" ਬਣਾਉਣ ਦਾ ਬਿਗਲ ਵਜਾਇਆ ਪਰ ਗੱਲ ਨਹੀਂ ਬਣੀ ।

ਸਾਲ 2016 ਵਿੱਚ ਮੈਂ ਵੀ ਆਮ ਆਦਮੀ ਪਾਰਟੀ ਜੁਆਇਨ ਕਰਕੇ ਰਾਜਨੀਤਕ ਪਾਰੀ ਖੇਡਣ ਦਾ ਮਨ ਬਣਾਇਆ ਸੀ ਮੈਂ ਪਰਗਟ ਸਿੰਘ ਨੂੰ ਆਮ ਆਦਮੀ ਪਾਰਟੀ ਵਿਚ ਲਿਆਉਣ ਲਈ ਕਾਫੀ ਲੰਬੀ ਚੌੜੀ ਵਿਚੋਲਗੀ ਕੀਤੀ ਪਰ ਆਮ ਆਦਮੀ ਪਾਰਟੀ ਦੀ ਹਾਈ ਕਮਾਂਡ ਦੇ ਸਿਰ ਤੇ ਯਕੀਨਣ ਸਰਕਾਰ ਬਣਨ ਦੇ ਹੰਕਾਰ ਦੇ ਭੂਤ ਸਵਾਰ ਨੇ ਪਰਗਟ ਸਿੰਘ ਦੀ ਐਂਟਰੀ ਆਪ ਵਿਚ ਨਹੀਂ ਹੋਣ ਦਿੱਤੀ ਅਖੀਰ ਪਰਗਟ ਸਿੰਘ ਨੇ ਨਵੰਬਰ ਮਹੀਨੇ ਕਾਂਗਰਸ ਜੁਆਇੰਨ ਕਰ ਲਈ । 2017 ਚ ਪਰਗਟ ਸਿੰਘ ਵੱਡੀ ਲੀਡ ਨਾਲ ਜਲੰਧਰ ਕੈਂਟ ਤੋਂ ਦੂਸਰੀ ਵਾਰ ਵਿਧਾਇਕ ਬਣਿਆ ,ਪਰਗਟ ਸਿੰਘ ਪਹਿਲਾ ਅਜਿਹਾ ਹਾਕੀ ਖਿਡਾਰੀ ਹੈ ਜਿਸ ਨੇ ਦੂਸਰੀ ਵਾਰ ਵਿਧਾਇਕ ਬਣਨ ਦਾ ਮਾਣ ਹਾਸਲ ਹੋਇਆਂ ।

ਪਰਗਟ ਸਿੰਘ ਨੂੰ ਖੁਦ ਵੀ ਅਤੇ ਲੋਕਾਂ ਨੂੰ ਵੀ ਇਹ ਆਸ ਸੀ ਕਿ ਇਸ ਵਾਰ ਖੇਡ ਮੰਤਰੀ ਦਾ ਅਹੁਦਾ ਪਰਗਟ ਦੀ ਝੋਲੀ ਵਿਚ ਹੀ ਪਵੇਗਾ। ਕਾਗਰਸ ਸਰਕਾਰ ਵਿੱਚ ਪਰਗਟ , ਨਵਜੋਤ ਸਿੱਧੂ ਦੇ ਖੇਮੇ ਵਿੱਚ ਆ ਗਿਆ। ਨਵਜੋਤ ਸਿੱਧੂ ਤੇ ਕੈਪਟਨ ਸਾਹਿਬ ਵਿਚਕਾਰ ਸਰਕਾਰ ਦੇ ਸ਼ੁਰੂ ਹੋਣ ਤੋਂ ਹੀ ਦਰਾਣੀ ਜਠਾਣੀ ਵਾਲਾ ਕਾਟੋ ਕਲੇਸ਼ ਚੱਲ ਪਿਆ ਫਿਰ ਕਿਹੜੇ ਭੜੂਏ ਨੇ ਪਰਗਟ ਸਿੰਘ ਨੂੰ ਮੰਤਰੀ ਸੰਤਰੀ ਬਣਾਉਣਾ ਸੀ। ਜਿਸ ਨਾਲ ਖੇਡ ਖੇਤਰ ਨਾਲ ਵੱਡੀ ਬੇਇਨਸਾਫ਼ੀ ਹੋ ਗਈ, ਮੇਰੇ ਖਿਆਲ ਮੁਤਾਬਕ ਪਰਗਟ ਸਿੰਘ ਇਕ ਚੰਗਾ ਖਿਡਾਰੀ ਹੋਣ ਦੇ ਨਾਲ ਨਾਲ ਰਾਜਨੀਤਿਕ ਲੀਡਰ ਵੀ ਵਧੀਆ ਹੈ। ਉਹ ਹਮੇਸ਼ਾ ਮੌਕੇ ਦੀ ਤਲਾਸ਼ ਵਿੱਚ ਰਿਹਾ ਭਾਵੇਂ ਖੇਡ ਮੈਦਾਨ ਹੋਵੇ ਭਾਵੇਂ ਰਾਜਨੀਤੀ ਦਾ ਮੈਦਾਨ ਹੋਵੇ ਭਾਰਤੀ ਹਾਕੀ ਵਿਚ ਉਸ ਨੇ ਕੇ ਪੀ ਐਸ ਗਿੱਲ ਨਾਲ ਵੀ ਕਈ ਵਾਰ ਆਢਾ ਲਿਆ ਉਹ ਵੱਖਰੀ ਗੱਲ ਕਿ ਸਫਲਤਾ ਨਹੀਂ ਮਿਲੀ ਪਰ ਸਫ਼ਲਤਾ ਉਸ ਨੂੰ ਰਾਜਨੀਤੀ ਦੇ ਮੈਦਾਨ ਵਿੱਚ ਵੀ ਨਹੀਂ ਮਿਲੀ ਜੋ ਸਫਲਤਾ ਉਹ ਭਾਲਦਾ ਸੀ ।

ਅੱਜ ਲੁਧਿਆਣਾ ਤੋਂ ਵਾਪਸ ਆਉਂਦੇ ਸਮੇਂ ਮੈਂ ਇਕ ਟਰਾਲੀ ਪਿੱਛੇ ਲਿਖਿਆ ਪੜ੍ਹਿਆ ਕਿ "ਆਪਣੀ ਬਣਾ ਲੈ ਮਿੱਤਰਾ, ਨਿੱਤ ਨਿੱਤ ਨੀਂ ਮੰਗਵੀਂ ਮਿਲਣੀ "ਮੈਨੂੰ ਲੱਗਿਆ ਇਹ ਲਾਈਨਾਂ ਹੁਣ ਪਰਗਟ ਸਿੰਘ ਤੇ ਪੂਰੀਆਂ ਢੁੱਕਦੀਆਂ ਹਨ ਕਿਉਂਕਿ ਹੁਣ ਉਸ ਨੂੰ ਨਾਂ ਅਕਾਲੀਆਂ ਨੇ, ਨਾਂ ਕਾਂਗਰਸੀਆਂ ਨੇ, ਨਾਂ ਹੀ ਆਪ ਵਾਲਿਆਂ ਨੇ ਝੱਲਣਾ , ਹੁਣ ਰਾਜਨੀਤੀ ਆਪਣੇ ਦਮ ਤੇ ਕਰਨੀ ਪੈਣੀ, ਸੌੜੀ ਸਿਆਸਤ ਦੇ ਝੂਠ ਦੇ ਬੋਲਬਾਲੇ ਵਿੱਚ ਹੁਣ ਇਕ ਪਾਸੇ ਭਾਰਤੀ ਹਾਕੀ ਟੀਮ ਦਾ ਸਾਬਕਾ ਕਪਤਾਨ ਦੂਜੇ ਪਾਸੇ ਫ਼ੌਜ ਦਾ ਸਾਬਕਾ ਕਪਤਾਨ , ਹੁਣ ਪਤਾ ਲੱਗੇਗਾ ਕਿ ਰਾਜਨੀਤੀ ਵਿੱਚ ਕਿਹੜਾ ਸਫਲ ਕਪਤਾਨ ਬਣ ਕੇ ਨਿੱਤਰਦਾ ਹੈ, ਪਰਗਟ ਸਿਹਾਂ ਛੱਡੋ ਹੁਣ ਮੰਤਰੀ ਸੰਤਰੀ ਬਣਨ ਦੀ ਗੱਲ, ਕੈਪਟਨ ਅਮਰਿੰਦਰ ਸਿੰਘ ਨੇ ਤਾਂ ਬਦਲਾਖੋਰੀ ਵਾਲੀ ਬਾਲ ਤੁਹਾਡੇ ਵਾਲੇ ਪਾਲੇ ਵਿੱਚ ਸੁੱਟ ਦਿੱਤੀ ਹੈ, ਅੱਗੇ ਪਰਗਟ ਉਸ ਬਾਲ ਨੂੰ ਕਿਵੇਂ ਵਾਪਸ ਮੋੜਦਾ ਇਹ ਤਾਂ ਸਮਾਂ ਹੀ ਦੱਸੇਗਾ ? ਵਿਜੀਲੈਂਸ ਦੀਆਂ ਧਮਕੀਆਂ ਦੇਣਾ, ਝੂਠੇ ਪਰਚੇ ਕਰਾਉਣਾ ਤਾਂ ਹੁਣ ਤਾਕਤਵਰ ਰਾਜਨੀਤਕ ਲੋਕਾਂ ਦਾ ਕਰਮ ਬਣ ਗਿਆ ਹੈ ਪਰ ਸੱਚ ਅਤੇ ਆਪਣੇ ਸਿਧਾਂਤਾਂ ਤੇ ਅੜੇ ਰਹਿਣਾ ਵੀ ਚੰਗੇ ਲੋਕਾਂ ਦਾ ਧਰਮ ਬਣ ਗਿਆ ਹੈ ਜਿੱਤ ਹਮੇਸ਼ਾ ਸੱਚ ਦੀ ਹੁੰਦੀ ਹੈ ਇਤਿਹਾਸ ਦੇ ਪਾਤਰ ਵੀ ਹਮੇਸ਼ਾਂ ਸੱਚ ਨਾਲ ਖੜ੍ਹਨ ਵਾਲੇ ਬਣਦੇ ਹਨ , ਪਰਗਟ ਅਤੇ ਕੈਪਟਨ ਵਾਲੀ ਰਾਜਨੀਤਿਕ ਖਿੱਚੋਤਾਣ ਵਿੱਚ ਪਰਗਟ ਸਿੰਘ ਦਾ "ਇਹ ਕਸੂਰ ਹੈ ਕਿ ਉਹ ਬੇਕਸੂਰ ਹੈ" ਕੈਪਟਨ ਸਾਹਿਬ ਦਾ ਇਹ ਕਸੂਰ ਹੈ ਕਿ ਉਸ ਕੋਲ ਤਾਕਤ ਦਾ ਗਰੂਰ ਹੈ, ਪੰਜਾਬ ਦੇ ਲੋਕਾਂ ਕੋਲ ਵੋਟਾਂ ਦਾ ਸਰੂਰ ਹੈ।



ਹੁਣ ਲੋਕਾਂ ਦੀ ਵੋਟਾਂ ਦੀ ਤਾਕਤ ਨੇ ਫੈਸਲਾ ਇਹ ਕਰਨਾ ਕਿ ਦੋਹਾਂ ਚੋਂ ਰਾਜਨੀਤੀ ਦਾ ਅਸਲੀ ਕਪਤਾਨ ਕੌਣ ਹੈ " ਖੇਡਾਂ ਵਾਲਿਆਂ ਨੂੰ ਇਸ ਮਾੜੀ ਘੜੀ ਪਰਗਟ ਸਿੰਘ ਦਾ ਸਾਥ ਦੇਣਾ ਬਣਦਾ ਪਰ ਪੰਜਾਬ ਦੀ ਰਾਜਨੀਤੀ ਵਿਚ ਜੋ ਵੀ ਇਹ ਘਟਨਾਕ੍ਰਮ ਵਾਪਰ ਰਹੇ ਹਨ ਬਹੁਤ ਮੰਦਭਾਗੇ ਹਨ ਪ੍ਰਮਾਤਮਾ ਪੰਜਾਬ ਨੂੰ ਬਦਲਾਖੋਰੀ ਵਾਲੀ ਰਾਜਨੀਤੀ ਤੋਂ ਬਚਾਵੇ , ਰੱਬ ਰਾਖਾ!

# ਬਾਲੀਵੁੱਡ Bolywood

# ਕਰੋਨਾ ਨੇ ਬਾਲੀਵੁੱਡ ਵੀ ਦੁਬਾਰਾ ਕੀਤਾ ਭੈਅ-ਭੀਤ

## ਵੈਕਸੀਨ ਲਗਾਉਣ ਦੇ ਬਾਵਜੂਦ ਵੀ ਕਈਆਂ ਨੂੰ ਕਰੋਨਾ ਹੋਇਆ

ਪਿਛਲੇ ਕੁਝ ਦਿਨਾਂ ਵਿਚ ਬਾਲੀਵੁੱਡ ਦੇ ਕਈ ਸੈਲੀ-ਬ੍ਰਿਟੀ ਕਰੋਨਾ ਦੀ ਲਪੇਟ ਵਿਚ ਆ ਚੁੱਕੇ ਹਨ। ਹੁਣ ਹਾਲ ਹੀ ਵਿਚ ਬਾਲੀਵੁੱਡ ਦੇ ਬਾਬੂ ਬਾਈ ਯਾਨਿ ਪਰੇਸ਼ ਰਾਵਲ ਕੋਵਿਡ-19 ਪਾਜੇਟਿਵ ਪਾਏ ਗਏ ਹਨ। ਇਸ ਗੱਲ ਦੀ ਜਾਣਕਾਰੀ ਪਰੇਸ਼ ਨੇ ਖੁਦ ਸੋਸ਼ਲ ਮੀਡੀਆ 'ਤੇ ਇਕ ਪੋਸਟ ਸ਼ੇਅਰ ਕਰਕੇ ਆਪਣੇ ਫੈਨਜ਼ ਨੂੰ ਦਿੱਤੀ ਹੈ। ਨਾਲ ਹੀ ਉਹਨਾਂ ਬੇਨਤੀ ਕੀਤੀ ਕਿ ਬੀਤੇ 10 ਦਿਨਾਂ ਵਿਚ ਜੋ ਵੀ ਲੋਕ ਉਹਨਾਂ ਦੇ ਸੰਪਰਕ ਵਿਚ ਆਏ ਹਨ, ਉਹ ਸਾਰੇ ਆਪਣਾ ਕੋਵਿਡ ਟੈਸਟ ਕਰਵਾ ਲੈਣ। ਪਰੇਸ਼ ਰਾਵਲ ਨੇ ਪੋਸਟ ਸ਼ੇਅਰ ਕਰਕੇ ਲਿਖਿਆ, ਬਦਕਿਸਮਤੀ ਨਾਲ ਮੇਰਾ ਕੋਵਿਡ 10 ਟੈਸਟ ਪਾਜੇਟਿਵ ਆਇਆ ਹੈ। ਬੀਤੇ 10 ਦਿਨਾਂ ਵਿਚ ਜੋ ਵੀ ਲੋਕ ਮੇਰੇ ਸੰਪਰਕ ਵਿਚ ਆਏ ਹਨ, ਮੈਂ ਉਹਨਾਂ ਸਾਰੇ ਲੋਕਾਂ ਨੂੰ ਬੇਨਤੀ ਕਰਦਾ ਹਾਂ ਕਿ ਆਪਣਾ ਟੈਸਟ ਕਰਵਾ ਲੈਣ। ਵੈਕਸੀਨ ਲੱਗਣ ਤੋਂ ਬਾਅਦ ਵੀ ਪਰੇਸ਼ ਰਾਵਲ ਕਰੋਨਾ ਤੋਂ ਪੀੜਤ ਹੋਏ ਹਨ। ਉਹਨਾਂ ਨੇ 9 ਮਾਰਚ ਨੂੰ ਟੀਕਾ ਲਗਵਾਇਆ ਸੀ।



ਪਿਛਲੇ ਦਿਨੀਂ ਕਈ ਬਾਲੀਵੁੱਡ ਕਲਾਕਾਰਾਂ ਨੇ ਕਰੋਨਾ ਵੈਕਸੀਨ ਦਾ ਪਹਿਲਾ ਡੋਜ਼ ਲਗਵਾਇਆ ਹੈ। ਇਸ ਤੋਂ ਬਾਅਦ ਸਾਰਿਆਂ ਨੇ ਸੋਸ਼ਲ ਮੀਡੀਆ ਤੇ ਆਪਣੀਆਂ ਤਸਵੀਰਾਂ ਸ਼ੇਅਰ ਕਰਕੇ ਲੋਕਾਂ ਨੂੰ ਵੀ ਵੈਕਸੀਨ ਲਗਵਾਉਣ ਦੇ ਲਈ ਜਾਗਰੂਕ ਕੀਤਾ ਸੀ। ਪਰੇਸ਼ ਤੋਂ ਪਹਿਲਾਂ ਸੰਜੇ ਦੱਤ, ਸੈਫ ਅਲੀ ਖਾਨ, ਰਾਕੇਸ਼ ਰੌਸ਼ਨ, ਸਤੀਸ਼ ਸ਼ਾਹ, ਸ਼ਿਲਪਾ ਸ਼ਿਰੋਡਕਰ, ਜਾਨੀ ਲੀਵਰ, ਮੇਘਨਾ ਨਾਇਡੂ, ਸ਼ਰਮੀਲਾ ਟੈਗੋਰ, ਨੀਨਾ ਗੁਪਤਾ, ਧਰਮਿੰਦਰ, ਕਮਲ ਹਸਨ, ਹੇਮਾ ਮਾਲਿਨੀ, ਅਨੁਪਮ ਖੇਰ, ਗਜਰਾਜ ਰਾਓ, ਨਾਗਾਰੁਜਨ ਸਮੇਤ ਕਈ ਕਲਾਕਾਰ ਵੈਕਸੀਨ ਲਗਵਾ ਸਕਦੇ ਹਨ।

### ਕਈ ਕਲਾਕਾਰ ਹੋਏ ਸ਼ਿਕਾਰ

ਬਾਲੀਵੁੱਡ ਵਿਚ ਲਗਾਤਾਰ ਕਰੋਨਾ ਦਾ ਖਤਰਾ ਵਧਦਾ ਹੀ ਜਾ ਰਿਹਾ ਹੈ। ਪਿਛਲੇ ਕੁਝ ਦਿਨਾਂ ਵਿਚ ਕਈ ਸੈਲੀਬ੍ਰਿਟੀ ਕਰੋਨਾ ਦੀ ਲਪੇਟ ਵਿਚ ਆ ਚੁੱਕੇ ਹਨ। ਪਰੇਸ਼ ਰਾਵਲ ਤੋਂ ਪਹਿਲਾਂ ਮਿਲਿੰਦ ਸੋਮਨ, ਰੋਹਿਤ ਸਰਾਫ, ਆਰ. ਮਾਧਵਨ, ਆਮਿਰ ਖਾਨ, ਸਿਧਾਂਤ ਚਤੁਰਵੇਦੀ, ਰਣਬੀਰ ਕਪੂਰ, ਮਨੋਜ ਵਾਜਪਾਈ, ਕਾਰਤਿਕ ਆਰੀਅਨ, ਸੰਜੇ ਲੀਲਾ ਭੰਸਾਲੀ ਅਤੇ ਸਤੀਸ਼ ਕੌਸ਼ਿਕ ਸਮੇਤ ਕਈ ਸੈਲੀਬ੍ਰਿਟੀਜ਼ ਕੋਵਿਡ-19 ਪਾਜੇਟਿਵ ਪਾਏ ਗਏ ਸਨ। ਹਾਲਾਂਕਿ ਰਣਬੀਰ ਕਪੂਰ ਸਮੇਤ ਕਈ ਸੈਲੀਬ੍ਰਿਟੀ ਕਰੋਨਾਂ ਤੋਂ ਰਿਕਵਰ ਵੀ ਹੋ ਚੁੱਕੇ ਹਨ।

# ਟ੍ਰੈਜਿਡੀ ਕੁਈਨ ਮੀਨਾ ਕੁਮਾਰੀ



ਭਾਵੇਂ ਅੱਜ ਮੀਨਾ ਕੁਮਾਰੀ ਸਾਡੇ ਵਿਚਕਾਰ ਨਹੀਂ ਹੈ ਪਰ ਫਿਲਮੀ ਦੁਨੀਆ ਦੀ ਉਹ ਹਸਤੀ ਮੀਨਾ ਕੁਮਾਰੀ ਦੇ ਨਾਂ ਨਾਲ ਆਪਣੀ ਅਦਾਕਾਰੀ ਦੇ ਰੂਪ 'ਚ ਅੱਜ ਵੀ ਜਿਊਂਦੀ ਹੈ।

ਮੀਨਾ ਕੁਮਾਰੀ ਦਾ ਜਨਮ 1 ਅਗਸਤ 1932 ਨੂੰ ਹੋਇਆ। ਉਨ੍ਹਾਂ ਦਾ ਬਚਪਨ ਦਾ ਨਾਂ ਮਹਾਜਬੀਨ ਅਲੀਬਖਸ਼ ਨਰਾਇਣ ਸੀ। ਉਨ੍ਹਾਂ ਦੇ ਪਿਤਾ ਅਲੀਬਖਸ਼ ਨਾਰਾਇਣ ਸਟੇਜ 'ਤੇ ਹਰਮੋਨੀਅਮ ਵਜਾਉਂਦੇ ਸਨ। ਮੀਨਾ ਕੁਮਾਰੀ ਦਾ ਬਚਪਨ ਸਕੂਲ 'ਚ ਪੜ੍ਹਾਈ ਕਰਨ ਦੀ ਬਜਾਏ ਸਟੂਡੀਓ 'ਚ ਮੇਕਅੱਪ ਕਰਦਿਆਂ ਅਤੇ ਫਿਲਮਾਂ 'ਚ ਅਕਾਦਾਰੀ ਕਰਦਿਆਂ ਬੀਤਿਆ। ਬੇਬੀ ਮੀਨਾ ਦੇ ਨਾਂ ਨਾਲ 'ਲੈਦਰ ਫੇਸ', 'ਏਕ ਹੀ ਭੂਲ', 'ਬਹਿਨ', 'ਗਰਬ', 'ਲਾਲ ਹਵੇਲੀ' ਆਦਿ ਫਿਲਮਾਂ 'ਚ ਅਦਾਕਰੀ ਕੀਤੀ। ਉਨ੍ਹਾਂ ਨੇ 'ਬੱਚੋਂ ਕਾ ਖੇਲ' ਫਿਲਮ ਤੋਂ ਲੈ ਕੇ 'ਗੋਤਮੀ ਕੇ ਕਿਨਾਰੇ' ਅਤੇ 'ਪਾਕੀਜਾ' ਤੱਕ ਲੱਗਭਗ 78 ਫਿਲਮਾਂ 'ਚ ਬਤੌਰ ਨਾਇਕਾ ਅਦਾਕਰੀ ਕੀਤੀ। ਚਿਹਰੇ 'ਤੇ ਮਿੰਨੀ ਮਿੰਨੀ ਮੁਸਕਰਾਹਟ ਅਤੇ ਨਸ਼ੀਲੀਆਂ ਅੱਖਾਂ ਮੀਨਾ ਕੁਮਾਰੀ ਦੀ ਪਛਾਣ ਬਣ ਗਈਆਂ। ਇਨ੍ਹਾਂ ਨੇ ਹੀ ਉਨ੍ਹਾਂ ਨੂੰ ਵਿਲੱਖਣ ਕਲਾਕਾਰ ਵੀ ਬਣਾ ਦਿੱਤਾ।

ਮੀਨਾ ਕੁਮਾਰੀ ਨੇ ਆਪਣੇ ਵੇਲੇ ਦੇ ਸਾਰੇ ਸਰਵੋਤਮ ਨਿਰਮਾਤਾ ਨਿਰਦੇਸ਼ਕਾਂ ਅਤੇ ਕਲਾਕਾਰਾਂ ਦੇ ਨਾਲ ਕੰਮ ਕੀਤਾ। ਜ਼ੀਆ ਸਰਹੱਦੀ ਦੀ 'ਫੁਟਪਾਥ' 'ਚ ਦਲੀਪ ਕੁਮਾਰ ਨਾਲ, ਐਲ. ਬੀ. ਪ੍ਰਸ਼ਾਦ ਦੀ 'ਮਿਸ ਮੈਰੀ' 'ਚ ਜੈਮਿਨੀ ਗਣੇਸ਼ਨ ਨਾਲ, ਐਲ. ਬੀ. ਪ੍ਰਸਾਦ ਦੀ ਹੀ ਫਿਲਮ 'ਸ਼ਾਰਦਾ' 'ਚ ਰਾਜ ਕੁਮਾਰ ਨਾਲ 'ਦਿਲ ਏਕ ਮੰਦਿਰ' 'ਚ ਰਾਜਿੰਦਰ ਕੁਮਾਰ ਨਾਲ, 'ਸਾਹਿਬ ਬੀਵੀ ਔਰ ਗੁਲਾਮ' 'ਚ ਗੁਰੂਦੱਤ ਨਾਲ ਉਨ੍ਹਾਂ ਨੇ ਕੰਮ ਕੀਤਾ ਅਤੇ ਸਫਲਤਾ ਦੀਆ ਸਿਖਰਾਂ ਨੂੰ ਛੂਹਿਆ। 'ਕਾਜਲ', 'ਫੂਲ ਔਰ ਪੱਥਰ', 'ਆਰਤੀ', 'ਮੈਂ ਚੁਪ ਰਹੂੰਗੀ', 'ਨੂਰਜਹਾਂ' ਉਨ੍ਹਾਂ ਦੀਆਂ ਹਿੱਟ ਫਿਲਮਾਂ 'ਚ ਸ਼ਾਮਲ ਹਨ।

ਮੀਨਾ ਕੁਮਾਰੀ ਨੇ ਫਿਲਮ ਨਿਰਦੇਸ਼ਕ ਕਮਾਲ ਅਮਰੋਹੀ ਨਾਲ 24 ਮਈ 1952 ਨੂੰ ਲਵ ਮੈਰਿਜ ਕੀਤੀ। ਵਿਆਹ ਤੋਂ ਕੁਝ ਸਮੇਂ ਪਿੱਛੋਂ ਪਤੀ ਪਤਨੀ ਵਿਚਕਾਰ ਸਬੰਧਾਂ 'ਚ ਇਕ ਲੰਬੀ ਤਰੇੜ ਬਣ ਗਈ ਅਤੇ 1964 'ਚ ਉਹ ਵੱਖ ਹੋ ਗਏ ਪਰ ਤਲਾਕ ਨਹੀਂ ਹੋਇਆ। ਮੀਨਾ ਕੁਮਾਰੀ ਸ਼ਰਾਬ ਅਤੇ ਸ਼ਾਇਰੀ ਦੋਹਾਂ ਦੀ ਦੀਵਾਨੀ ਸੀ। ਉਨ੍ਹਾਂ ਨੇ 'ਨਾਜ਼' ਨਾਂ ਨਾਲ ਨਜ਼ਮਾਂ ਅਤੇ ਗੀਤ ਲਿਖੇ। ਗਜ਼ਲਾਂ ਅਤੇ ਗੀਤਾਂ ਨੂੰ ਠੀਕ ਕਰਨ 'ਚ ਕੈਫੀ ਆਜ਼ਮੀ ਨ ਉਨ੍ਹਾਂ ਦੀ ਕਾਫੀ ਮਦਦ ਕੀਤੀ। ਉਨ੍ਹਾਂ ਦੀ 'ਤਨਹਾ ਚਾਂਦ' ਕਵਿਤਾਵਾਂ ਦੀ ਕਿਤਾਬ ਕਾਫੀ ਚਰਚਿਤ ਰਹੀ, ਉਸ 'ਚ ਉਨ੍ਹਾਂ ਨੇ ਲਿਖਿਆ ਹੈ

'ਜ਼ਿੰਦਗੀ ਕਯਾ ਇਸੀ ਕੋ ਕਹਿਤੇ ਹੈਂ,<br>
ਜਿਸਮ ਤਨਹਾ ਔਰ ਤਾਂ ਤਨਹਾਂ।।<br>
ਹਮਸਫਰ ਗਰ ਮਿਲਾ ਭੀ ਕੋਈ ਕਹੀਂ,<br>
ਤੋ ਤੋਨੋਂ ਚਲਤੇ ਰਹੇ ਤਨਹਾ ਤਨਹਾ।।<br>
'ਰਾਹ ਦੇਖਾ ਕਰੇਂਗੇ ਸਦੀਓਂ ਤਕ<br>
ਛੋੜ ਜਾਏਂਗੇ ਯੇਹ ਜਹਾਂ ਤਨਹਾ।।<br>
ਕਿਉਂਕਿ ਚਾਂਦ ਤਨਹਾ ਹੈ ਆਸਮਾਂ ਤਨਹਾ।'

ਫਿਲਮ 'ਸਾਹਿਬ ਬੀਵੀ ਔਰ ਗੁਲਾਮ 'ਚ ਛੋਟੀ ਬਹੂ ਭਾਵ ਮੀਨਾ ਕੁਮਾਰੀ ਦਾ ਸੰਵਾਦ ਹੈ "ਇਤਨਾ ਰੁਪਇਆ ਪੈਸਾ, ਨੌਕਰ ਚਾਕਰ, ਜ਼ੇਵਰ, ਗਹਿਨਾ ਸਭ ਕੁਛ ਤੋ ਹੈ ਪਰ ਯੇਹ ਸਾਰੇ ਸੁਖ ਖੋਖਲੇ ਹੈਂ..... ਔਰਤ ਕਾ ਜੋ ਸਬ ਸੇ ਬੜਾ ਸੁਖ ਹੈ, ਵਹ ਮੁਝੇ ਨਹੀਂ ਮਿਲਾ...।''

ਸ਼ਾਇਦ ਇਹੀ ਕਾਰਨ ਰਿਹਾ ਹੋਵੇਗਾ ਕਿ ਸੁੱਖ ਦੀ ਭਾਲ 'ਚ ਮੀਨਾ ਕੁਮਾਰੀ ਰਸਤੇ 'ਤੋਂ ਭਟਕ ਗਈ ਤੇ ਸ਼ਰਾਬ 'ਚ ਡੁੱਬ ਗਈ ਅਤੇ ਉਸੇ 'ਚ ਸੁੱਖ ਭਾਲਦੀ ਰਹੀ। ਸੁੱਖ ਤਾਂ ਨਹੀਂ ਮਿਲਿਆ ਪਰ ਸ਼ਰਾਬ ਉਨ੍ਹਾਂ ਨੂੰ ਮੌਤ ਦੇ ਨੇੜੇ ਲੈ ਗਈ। ਆਪਣੇ ਆਖਰੀ ਦਿਨਾਂ 'ਚ ਕਮਾਲ ਅਮਰੋਹੀ ਦੀ ਕਈ ਸਾਲਾਂ ਤੋਂ ਡੱਬਾ ਬੰਦ ਪਈ 'ਪਾਕੀਜਾ' ਨੂੰ ਫਿਰ ਤੋਂ ਬਣਾਉਣ ਦਾ ਫੈਸਲਾ ਮੀਨਾ ਜੀ ਨੇ ਅਮਰੋਹੀ ਨੂੰ ਸੁਣਾ ਦਿੱਤਾ ਕਿ ਉਹ 'ਪਾਕੀਜਾ' ਨੂੰ ਪੂਰਾ ਕਰਨਾ ਚਾਹੁੰਦੀ ਹੈ। ਉਸ ਦਾ ਬੋਝ ਲੈ ਕੇ ਮਰਨਾ ਨਹੀਂ ਚਾਹੁੰਦੀ। ਅਮਰੋਹੀ ਤਾਂ ਜਿਵੇਂ ਇਸੇ ਫੈਸਲੇ ਦੀਉਡੀਕ 'ਚ ਸਨ। ਤੁਰੰਤ 'ਪਾਕੀਜਾ' ਦਾ ਨਿਰਮਾਣ ਸ਼ੁਰੂ ਹੋ ਗਿਆ। 'ਪਾਕੀਜਾ' ਉਨ੍ਹਾਂ ਦੋਹਾਂ ਦੀ ਜ਼ਿੰਦਗੀ ਦੀ ਇਕ ਯਾਦਗਾਰ ਫਿਲਮ ਬਣ ਗਈ। ਬੇਹੱਦ ਸ਼ਰਾਬ ਪੀਣ ਕਾਰਨ ਮੀਨਾ ਜੀ ਦਾ ਖੂਨ ਪਣੀ ਬਣਨ ਲੱਗਾ।

ਉਨ੍ਹਾਂ ਦਾ ਸਰੀਰ ਫੁੱਲ ਗਿਆ ਸੀ। ਇਲਾਜ ਲਈ ਉਨ੍ਹਾਂ ਨੂੰ ਮਾਸਕੋ ਲਿਜਾਇਆ ਗਿਆ। ਡਾਕਟਰਾਂ ਨੇ ਸ਼ਰਾਬ ਛੱਡਣ ਲਈ ਕਿਹਾ ਪਰ ਮੀਨਾ ਕੁਮਾਰੀ ਨੇ ਸ਼ਰਾਬ ਨਹੀਂ ਛੱਡੀ ਕਿਉਂਕਿ ਉਹ ਤਾਂ ਜਿਊਣਾ ਹੀ ਨਹੀਂ ਚਾਹੁੰਦੀ ਸੀ। ਉਹ ਲੋਕਾਂ ਦੇ ਧੋਖੇ ਤੋਂ, ਜ਼ਿੰਦਗੀ ਤੋਂ ਥੱਕ ਚੁੱਕੀ ਸੀ। 31 ਮਾਰਚ 1972 ਦੇ ਦਿਨ ਮੌਤ ਨੇ ਮੀਨਾ ਕੁਮਾਰੀ ਨੂੰ ਹਮੇਸ਼ਾ ਲਈ ਸੁਆ ਦਿੱਤਾ।





# ਪ੍ਰੋਡਿਊਸਰ ਗਿਲਡ ਆਫ ਅਮੈਰਿਕਾ ਨੇ ਕੀਤਾ ਇਰਫਾਨ ਨੂੰ ਯਾਦ

ਹਾਲ ਹੀ ਵਿਚ 32ਵੇਂ ਪ੍ਰੋਡਿਊਸਰ ਗਿਲਡ ਆਫ ਅਮਰੀਕਾ ਐਵਾਰਡ ਐਲਾਨ ਕੀਤੇ ਗਏ। ਇਸ ਦੌਰਾਨ ਮੈਮੋਰੀਅਲ ਸੈਗਮੇਂਟ ਵਿਚ ਮਰਹੂਮ ਅਭਿਨੇਤਾ ਇਰਫਾਨ ਖਾਨ ਨੂੰ ਸਨਮਾਨਿਤ ਕੀਤਾ ਗਿਆ। ਹਾਲਾਕਿ ਬਦਕਿਸਮਤੀ ਨਾਲ ਸੈਰੇਮਨੀ ਵਿਚ ਇਰਫਾਨ ਦਾ ਨਾਂ ਗਲਤ ਪੜ੍ਹਿਆ ਗਿਆ। ਰਿਪੋਰਟਾਂ ਮੁਤਾਬਕ ਸੈਰੇਮਨੀ ਦੇ ਦੌਰਾਨ ਇਰਫਾਨ ਖਾਨ ਦਾ ਨਾਂ ਇਰੀਫ ਖਾਨ ਪੜ੍ਹਿਆ ਗਿਆ। ਸੈਰੇਮਨੀ ਦੇ ਦੌਰਾਨ ਹਾਲੀਵੁੱਡ ਅਭਿਨੇਤਾ ਕਿਰਕ ਡਗਲਸ (ਪਿਛਲੇ ਸਾਲ ਜਿਹਨਾਂ ਦੀ ਮੌਤ 103 ਸਾਲ ਵਿਚ ਹੋਈ) ਅਤੇ ਚੈਡਵਿਕ ਬੋਸਮੈਨ (ਪਿਛਲੇ ਸਾਲ ਜੋ 43 ਸਾਲ ਦੀ ਉਮਰ ਵਿਚ ਦੁਨੀਆਂ ਛੱਡ ਗਏ) ਨੂੰ ਵੀ ਯਾਦ



ਕੀਤਾ ਗਿਆ।

ਇਰਫਾਨ ਖਾਨ ਵੈਸੇ ਤਾਂ ਬਾਲੀਵੁੱਡ ਅਭਿਨੇਤਾ ਸਨ ਪਰ ਉਹਨਾਂ ਨੇ ਹਾਲੀਵੁੱਡ ਵਿਚ ਕਈ ਫਿਲਮਾਂ ਵਿਚ ਕੰਮ ਕੀਤਾ ਸੀ ਅਤੇ ਉਥੇ ਆਪਣੀ ਖਾਸ ਪਛਾਣ ਬਣਾ ਲਈ ਸੀ। ਉਹਨਾਂ ਦੀ ਅੰਗਰੇਜ਼ੀ ਫਿਲਮਾਂ ਵਿਚ 'ਦਾ ਅਮੇ-ਜਿੰਗ ਸਪਾਈਡਰ ਮੈਨ, ਲਾਈਫ ਆਫ ਪਾਈ, ਇਰਫਰਨੋ, ਜੁਰਾਸਿਕ ਵਰਲਡ ਅਤੇ ਪਜਲ' ਵਰਗੀਆਂ ਫਿਲਮਾਂ ਸ਼ਾਮਲ ਹਨ। ਭਾਰਤ ਵੱਲੋਂ ਇਰਫਾਨ ਦੀਆਂ ਦੋ ਫਿਲਮਾਂ 'ਸਲਾਮ ਬਾਂਬੇ ਅਤੇ ਦਾ ਲੰਚ ਬਾਕਸ' ਆਸਕਰ ਵਿਚ ਜਾ ਚੁੱਕੀਆਂ ਹਨ।

### ਪਿਛਲੇ ਸਾਲ ਅਪ੍ਰੈਲ ਵਿਚ ਹੋਈ ਸੀ ਮੌਤ

ਇਰਫਾਨ ਖਾਨ ਦੀ ਮੌਤ ਪਿਛਲੇ ਾਲ 29 ਅਪ੍ਰੈਲ ਨੂੰ ਕਰੋਨਾ ਇਨ-ਫੈਕਸ਼ਨ ਕਾਰਨ ਹੋਈ ਸੀ। ਉਹ 53 ਸਾਲ ਦੇ ਸਨ। ਮਾਰਚ 2018 ਵਿਚ ਇਰਫਾਨ ਨੂੰ ਨਿਊਰੋ ਇੰਡੋਕ੍ਰਾਈਨ ਟਿਊਮਰ ਡਿਟੈਕਟ ਹੋਇਆ ਸੀ ਅਤੇ ਇੰਤਕਾਲ ਤੋਂ ਪਹਿਲਾਂ ਤੱਕ ਉਹ ਇਸਦਾ ਇਲਾਜ ਲੈ ਰਹੇ ਸਨ। ਬਾਲੀਵੁੱਡ ਫਿਲਮ 'ਪਾਨ ਸਿੰਘ ਤੋਮਰ' ਦੇ ਲਈ ਉਹਨਾਂ ਨੂੰ ਨੈਸ਼ਨਲ ਐਵਾਰਡ ਦਿੱਤਾ ਗਿਆ ਸੀ। ਇਸ ਤੋਂ ਇਲਾਵਾ ਕਲਾ ਦੇ ਖੇਤਰ ਵਿਚ ਉਹਨਾਂ ਦੇ ਅਹਿਮ ਯੋਗਦਾਨ ਦੇ ਲਈ ਭਾਰਤ ਸਰਕਾਰ ਉਹਨਾਂ ਨੂੰ ਦੇਸ਼ ਦਾ ਚੌਥਾ ਸਭ ਤੋਂ ਵੱਡਾ ਸਨਮਾਨ ਪਦਮਸ਼੍ਰੀ ਵੀ ਦੇ ਚੁੱਕੀ ਸੀ।

# ਪਹਿਲੀ ਵਾਰ ਅਜਿਹੀ ਦਿਖੇਗੀ ਸੰਨੀ ਲਿਓਨੀ

ਬਾਲੀਵੁੱਡ ਫਿਲਮ ਇੰਡਸਟਰੀ 'ਚ ਆਪਣੀ ਹੋਟਨੈੱਸ ਲਈ ਫੇਮਸ ਅਦਾਕਾਰਾ ਸੰਨੀ ਲਿਓਨੀ ਦਾ ਹਰ ਅੰਦਾਜ਼ ਖ਼ਾਸ ਹੈ। ਇੰਡਸਟਰੀ 'ਚ 'ਬੇਬੀ ਡਾਲ' ਦੇ ਨਾਂ ਨਾਲ ਫੇਮਸ ਸੰਨੀ ਸੋਸ਼ਲ ਮੀਡੀਆ 'ਤੇ ਵੀ ਕਾਫੀ ਐਕਟਿਵ ਰਹਿੰਦੀ ਹੈ। ਸੰਨੀ ਅਕਸਰ ਆਪਣੀ ਹੋਟ ਐਂਡ ਬੋਲਡ ਤਸਵੀਰਾਂ ਤੇ ਵੀਡੀਓ ਤੋਂ ਇਲਾਵਾ ਆਪਣੀਆਂ ਫਿਲਮਾਂ ਨਾਲ ਜੁੜੀ ਜਾਣਕਾਰੀ ਵੀ ਫੈਨਸ ਦੇ ਨਾਲ ਪਲੈਟਫਾਰਮ 'ਤੇ ਸ਼ੇਅਰ ਕਰਦੀ ਰਹਿੰਦੀ ਹੈ। ਇਸੇ ਵਿਚ ਸੰਨੀ ਨੇ ਆਪਣੀ ਆਉਣ ਵਾਲੀ ਸਾਈਕਲੋਲਾਜਿਕਲ ਥ੍ਰਿਲਰ ਫਿਲਮ 'ਸ਼ੀਰੋ' ਦਾ ਟੀਜ਼ਰ ਸ਼ੇਅਰ ਕੀਤਾ ਹੈ, ਜੋ ਤੇਜ਼ੀ ਨਾਲ ਵਾਇਰਲ ਹੋ ਰਿਹਾ ਹੈ। ਇਸ ਟੀਜ਼ਰ ਨੂੰ ਹੁਣ ਤਕ ਕਰੀਬ ਪੰਜ ਲੱਖ ਤੋਂ ਜ਼ਿਆਦਾ ਵਿਊਜ਼ ਮਿਲ ਚੁੱਕੇ ਹਨ।





# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

NEW & USED
TIRES
WASH, LUBE, BRAKES

Call:
650-642-0697

**3525 Highway 99, West Corning, CA 96021**
Across the Street from TA Truck Stop